# ਸੰਪਾਦਕੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨਾਲ ਜੁੜੀ ਦੇਸ ਪ੍ਰਦੇਸ ਦੀ ਸੰਗਤ ਅਤੇ 'ਆਤਮ ਮਾਰਗ' ਦੇ ਸਮੂੰਹ ਪਾਠਕ ਹਰ ਸਾਲ ਅਕਤੂਬਰ ਮਹੀਨੇ ਵਿਚ ਆਯੋਜਿਤ ਹੁੰਦੇ ਸਾਲਾਨਾ ਗੁਰਮਤਿ ਸਮਾਗਮਾਂ ਨੂੰ ਬੜੀ ਉਤਸੁਕਤਾ ਨਾਲ ਉਡੀਕਦੇ ਰਹਿੰਦੇ ਹਨ। ਪਿਛਲੇ ਨੌਂ ਸਮਾਗਮਾਂ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਵਹੀਰਾਂ ਘੱਤ ਕੇ ਆਈਆਂ ਤੇ ਉਨ੍ਹਾਂ ਨੇ ਮਹਾਂਪੁਰਸ਼ਾਂ ਦੇ ਅਨਮੋਲ ਅੰਮ੍ਰਿਤ ਬਚਨਾਂ ਦੇ ਨਾਲ ਨਾਲ ਹੋਰ ਅਨੇਕ ਅਨੁਭਵੀ ਸੰਤਾਂ, ਸਾਧੂਆਂ ਦੇ ਪ੍ਰਵਚਨ ਵੀ ਸੁਣੇ ਅਤੇ ਦਰਸ਼ਨ ਦੀਦਾਰ ਵੀ ਕੀਤੇ ਅਤੇ ਨਿਹਾਲ! ਨਿਹਾਲ!! ਹੋ ਕੇ ਘਰਾਂ ਨੂੰ ਪਰਤੇ। ਇਸ ਸਾਲ 1999 ਨੂੰ ਅਜਿਹਾ ਨਹੀਂ ਹੋ ਰਿਹਾ। ਇਕ ਪਾਸੇ ਅਜਿਹਾ ਮਹਾਨ ਰੂਹਾਨੀ ਕੁੰਭ ਨਾ ਹੋਣ ਕਾਰਨ ਸੰਗਤਾਂ ਉਦਾਸ ਹਨ ਕਿਉਂਕਿ ਏਥੋਂ ਨਾਮ ਬਾਣੀ ਦੇ ਅੰਮ੍ਰਿਤ ਫੁਹਾਰ ਰਾਹੀਂ ਜੀਵਨ ਸਰਸ਼ਾਰ ਕਰਕੇ ਉਹ ਸਾਲ ਭਰ ਅਨੰਦ ਵਿਚ ਮਖਮੂਰ ਰਹਿੰਦੇ ਹਨ ਪਰ ਦੂਜੇ ਬੰਨੇ ਇਕ ਖੁਸ਼ੀ ਦੀ ਲਹਿਰ ਵੀ ਚਲ ਰਹੀ ਹੈ। ਮਹਾਂਪੁਰਸ਼ਾਂ ਦਾ ਸਰੀਰ ਕੁਝ ਸਮੇਂ ਤੋਂ ਸਵਸਥ ਨਹੀਂ ਸੀ। ਕੰਮ ਦਾ ਬਹੁਤ ਜ਼ੋਰ ਰਿਹਾ ਹੈ - ਸੰਗਤਾਂ ਦਾ ਅਥਾਹ ਪਿਆਰ, ਦੀਵਾਨਾਂ ਵਿਚ ਲੰਮੇ ਸਮੇਂ ਲਈ ਪ੍ਰਵਚਨ, ਰਤਵਾੜਾ ਸਾਹਿਬ ਵਿਖੇ ਗੁਰਦਵਾਰਾ ਸਾਹਿਬ ਦੀ ਉਸਾਰੀ, ਧਮੋਟ ਵਿਖੇ ਹਸਪਤਾਲ ਦਾ ਨਿਰਮਾਣ, ਪੁਸਤਕਾਂ ਦੀ ਲਿਖਾਈ, ਆਤਮ ਮਾਰਗ ਲਈ ਲੇਖ, ਆਰਾਮ ਲਈ ਜਿਵੇਂ ਕੋਈ ਸਮਾਂ ਨਹੀਂ ਸੀ। 82 ਵਰ੍ਹਿਆਂ ਦਾ ਬਿਰਧ ਸਰੀਰ ਐਨਾ ਭਾਰ ਸਹਿਣ ਤੋਂ ਅਸਮਰੱਥ ਹੋ ਗਿਆ। ਨਤੀਜੇ ਵਜੋਂ ਆਪ ਜੀ ਨੂੰ ਪੀ.ਜੀ.ਆਈ ਚੈਕਅਪ ਤੋਂ ਪਿਛੋਂ ਐਸਕਾਰਟ ਹਸਪਤਾਲ ਦਿੱਲੀ ਵਿਚ ਜਾਣਾ ਪਿਆ। ਸਮੂੰਹ ਸੰਗਤਾਂ ਵਿਚ ਉਦਾਸੀ ਦੀ ਲਹਿਰ ਛਾ ਗਈ। ਸੰਗਤਾਂ ਨੇ ਦਿਨ ਰਾਤ ਪਾਠ ਕੀਤੇ, ਰਤਵਾੜਾ ਸਾਹਿਬ ਵਿਖੇ ਅਖੰਡਪਾਠਾਂ ਦੀ ਲੜੀ ਜਾਰੀ ਹੋ ਗਈ, ਸ਼ਬਦਾਂ ਦੇ ਨਿਰੰਤਰ ਜਾਪ ਹੋਣ ਲੱਗੇ ਅਤੇ ਗੁਰੂ ਮਹਾਰਾਜ ਨੇ ਸਾਡੀ ਸਭ ਦੀ ਅਰਦਾਸ ਸੁਣੀ, 10 ਅਗਸਤ 99 ਨੂੰ ਬਾਈ ਪਾਸ ਸਰਜਰੀ ਹੋਈ, ਓਪਰੇਸ਼ਨ ਬਹੁਤ ਕਾਮਯਾਬ ਰਿਹਾ, ਡਾਕਟਰਾਂ ਦੀਆਂ ਰੀਪੋਰਟਾਂ ਬਹੁਤ ਚੰਗੀਆਂ ਸਨ ਅਤੇ ਉਨ੍ਹਾਂ ਨੇ ਮਹਾਂਪੁਰਸ਼ਾਂ ਨੂੰ ਘੱਟੋ ਘੱਟ ਤਿੰਨ ਮਹੀਨਿਆਂ ਲਈ ਦੀਵਾਨਾਂ ਸਮਾਗਮਾਂ ਤੋਂ ਨਿਰਲੇਪ ਰਹਿਣ ਲਈ ਬੇਨਤੀ ਕੀਤੀ। ਆਪ ਜੀ ਦੀ ਸਿਹਤ ਠੀਕ ਹੋ ਜਾਣ ਦੀ ਸੰਗਤਾਂ ਨੂੰ ਬਹੁਤ ਖੁਸ਼ੀ ਹੈ। ਗਮੀ ਦੀ ਲਹਿਰ ਨੇ ਖੁਸ਼ੀ ਦਾ ਰੂਪ ਧਾਰਨ ਕਰ ਲਿਆ ਹੈ। ਸਿਹਤ ਪੂਰੀ ਤਰ੍ਹਾਂ ਬਹਾਲ ਹੋ ਜਾਣ ਤੇ ਆਪ ਜੀ ਮੁੜ ਸੰਗਤਾਂ ਵਿਚ ਵਿਚਰਨਗੇ, ਗੁਰਮਤਿ ਸਮਾਗਮ ਹੋਣਗੇ, ਹਫਤਾਵਾਰੀ ਦੀਵਾਨਾਂ ਵਿਚ ਆਪ ਜੀ ਦੇ ਪ੍ਰਵਚਨ ਹੋਣਗੇ, ਨਵੇਂ ਪ੍ਰੋਗਰਾਮਾਂ ਦਾ ਨਿਰਮਾਣ ਹੋਵੇਗਾ, ਸਕੂਲ ਕਾਲਜ ਖੋਲ੍ਹਣ ਦੀਆਂ ਯੋਜਨਾਵਾਂ ਲਈ ਸਮਾਂ ਮਿਲੇਗਾ; ਇਸ ਗੱਲ ਦੀ ਸਭ ਨੂੰ ਅਤਿਅੰਤ ਖੁਸ਼ੀ ਹੈ ਅਤੇ ਥਾਂ ਥਾਂ ਸ਼ੁਕਰਾਨੇ ਦੀਆਂ ਅਰਦਾਸਾਂ ਹੋ ਰਹੀਆਂ ਹਨ। ਇਸ ਸਮੇਂ ਵਿਚ ਆਪ ਜੀ ਜੌਲੀ ਗਰਾਂਟ (ਡੇਹਰਾਦੂਨ) ਜਾਣ, ਇੰਗਲੈਂਡ, ਕੈਨੇਡਾ ਜਾਂ ਅਮਰੀਕਾ ਜਾਣ, ਇਹ ਆਪ ਜੀ ਦੀ ਸੁਵਿਧਾ ਹੈ ਪਰ ਆਤਮ ਮਾਰਗ ਰਾਹੀਂ ਪਾਠਕਾਂ ਨਾਲ ਆਪ ਜੀ ਦਾ ਸੰਪਰਕ ਸਦਾ ਬਣਿਆ ਰਹੇਗਾ।

ਸੰਗਤਾਂ ਨੂੰ, ਸਮਾਜ ਨੂੰ, ਸਗੋਂ ਕੌਮ ਅਤੇ ਦੇਸ਼ ਨੂੰ ਮਹਾਂਪੁਰਸ਼ਾਂ ਦੀ ਐਸੀ ਲੋੜ ਕਿਉਂ ਬਣੀ ਰਹਿੰਦੀ ਹੈ? ਥੋੜ੍ਹਾ ਨੀਝ ਨਾਲ ਵੇਖੀਏ ਤਾਂ ਪਤਾ ਲਗੇਗਾ ਕਿ ਸਮਾਜ ਅਤੇ ਦੇਸ਼ ਵਿਚ ਮਨੁੱਖਤਾ ਦੇ ਕਲਿਆਣ ਹਿਤ ਵੱਡੇ-ਵੱਡੇ ਕਾਰਜ ਕਿਸੇ ਇਕ ਮਹਾਨ ਵਿਅਕਤੀ ਰਾਹੀਂ ਹੀ ਹੋਏ ਹਨ। ਸਾਡੀ ਆਪਣੀ ਸਿੱਖ ਕੌਮ ਵਿਚ ਹੀ ਸੰਸਾਰਕ ਉਨਤੀ ਪੱਖੋਂ ਕਿਸੇ ਇਕ ਵਿਅਕਤੀ ਦੀ ਲਿਆਕਤ ਨੇ ਸਕੂਲਾਂ ਅਤੇ ਕਾਲਜਾਂ ਦਾ ਨਿਰਮਾਣ ਕਰ ਵਿਖਾਇਆ, ਇਕ ਵਿਅਕਤੀ ਦੀ ਸੂਝ ਬੂਝ ਨੇ ਬੈਂਕਿੰਗ ਇੰਡਸਰੀ ਵਿਚ ਹਜ਼ਾਰਾਂ ਪਰਿਵਾਰਾਂ ਨੂੰ ਬਾ-ਰੁਜ਼ਗਾਰ ਬਣਾ ਦਿਤਾ, ਇੰਟਰਨੈਸ਼ਨਲ ਪੱਧਰ ਤੇ ਵਿਚਰ ਰਹੀ ਰੈਨਬੈਕਸੀ ਗੁਰੂ ਘਰ ਦੇ ਵਰੋਸਾਏ ਇਕ ਗੁਰਸਿੱਖ ਦੀ ਦੇਣ ਹੈ, ਇਤਿਆਦਿ। ਅਧਿਆਤਮਕ ਖੇਤਰ ਵਿਚ ਤਾਂ ਇਕ ਇਕੱਲਾ ਗੁਰਮੁਖ ਨਾਮ ਦੀ ਕਣੀ ਦੇ ਕੇ ਲੱਖਾਂ ਕ੍ਰੋੜਾਂ ਦਾ ਉਧਾਰ ਕਰ ਦਿੰਦਾ ਹੈ। ਐਸੀ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਨੂੰ ਬਖਸ਼ਿਸ਼ ਹੋਈ, ਐਸੀ ਕਰਨੀ ਵੱਡੇ ਮਹਾਂਪੁਰਸ਼ਾਂ ਸ੍ਰੀ ਮਾਨ 108 ਸੰਤ ਈਸ਼ਰ ਸਿੰਘ ਜੀ ਨੂੰ ਪ੍ਰਾਪਤ ਹੋਈ ਅਤੇ ਅੱਜ ਇਹੋ ਰੁਤਬਾ ਤੇ ਵਿਰਸਾ 'ਆਤਮ ਮਾਰਗ' ਦੇ ਸੰਚਾਲਕ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੈ। ਐਸੇ ਮਹਾਨ ਵਿਅਕਤੀ ਸਮੂੰਹ ਜਨਤਾ ਦੀ ਭਲਾਈ ਲਈ ਕਿਰਿਆਸ਼ੀਲ ਹੁੰਦੇ ਹਨ, ਅੰਦਰੋਂ 'ਮੈਂ, ਮੇਰੀ' ਮਿਟ ਜਾਂਦੀ ਹੈ, 'ਤੂੰ ਹੀ ਤੂੰ' ਦੀ ਸਦਾਅ ਵਿਚ ਵਿਚਲਦੇ ਖਾਲਕ ਦੀ, ਖਲਕਤ ਦੀ ਸੇਵਾ ਵਿਚ ਹੀ ਸਭ ਕੁਝ ਅਰਪਨ ਕਰ ਦਿੰਦੇ ਹਨ। ਏਸੇ ਲਈ ਸੰਗਤਾਂ ਐਸੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਲਈ ਅਤੇ ਪ੍ਰਵਚਨਾਂ ਲਈ ਬਿਹਬਲ ਹੋ ਉਠਦੀਆਂ ਹਨ। ਪੰਚਮ ਪਾਤਸ਼ਾਹ ਸੱਚੇ ਸਾਧੂ ਦੀ ਬੇਅੰਤ ਉਪਮਾ ਲਿਖਦੇ ਕਹਿੰਦੇ ਹਨ ਕਿ ਸੱਚੇ ਸਾਧੂ ਦੀ ਸੰਗਤ ਤੋਂ ਬਿਨਾਂ ਜੀਵਨ ਬਿਰਥਾ ਚਲਾ ਜਾਂਦਾ ਹੈ, ਸਾਧ ਦੀ ਸੰਗਤ ਵਿਚ ਦੁਬਿਧਾ ਤੋਂ, ਭਰਮਾਂ ਤੋਂ, ਮੋਹ ਤੋਂ, ਨਿਜਸੁਆਰਥੀ ਖਿਆਲਾਂ ਤੋਂ, ਹਉਮੈ ਤੋਂ, ਨਿੰਦਾ ਅਤੇ ਚੁਗਲੀ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਪ੍ਰਭੂ ਦੀ ਨਿਕਟਤਾ, ਦਇਆ ਭਾਵ, ਤਨ, ਮਨ ਦੀ ਸੀਤਲਤਾ ਅਤੇ ਜੀਵਨ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਫੁਰਮਾਨ ਹੈ -

***ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ॥***
***ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ॥***
***ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ॥***
***ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ॥***
***ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ॥***
***ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ।।***
***ਨਿੰਦ ਚਿੰਦ ਪਰ ਦੂਖਨਾ ਏ ਖਿਨ ਮਹਿ ਜਾਰੀ॥***
***ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ॥***
***ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ॥***
***ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ॥***

***ਪੰਨਾ - 810***

ਮਹਾਂਪੁਰਸ਼ਾਂ ਦੀ ਸਭ ਤੋਂ ਵੱਡੀ ਦੇਣ ਇਹੋ ਹੈ ਕਿ ਉਨ੍ਹਾਂ ਨੇ ਗੁਰਮਤਿ ਸਿਧਾਂਤਾਂ, ਗੁਰਬਾਣੀ ਦੇ ਗਹੁਜ ਭਾਵਾਂ ਅਤੇ ਨਾਮ ਅਭਿਆਸ ਦੇ ਮੁਸ਼ਕਲ ਰਾਹਾਂ ਨੂੰ ਸੁਖੈਨ ਭਾਸ਼ਾ ਵਿਚ ਵਿਅਕਤ ਕਰਕੇ ਬੇਅੰਤ ਸੰਗਤਾਂ ਅਤੇ ਪਾਠਕਾਂ ਨੂੰ ਸੱਚੇ ਮਾਰਗ, ਆਤਮ ਮਾਰਗ ਦਾ ਪਾਂਧੀ ਬਣਾਇਆ ਹੈ। ਏਸੇ ਲਈ ਸਮੂੰਹ ਪਾਠਕ ਅਤੇ ਪ੍ਰੀਤਵਾਨ ਆਪ ਦੇ ਦਰਸ਼ਨਾਂ ਤੇ ਪ੍ਰਵਚਨਾਂ ਦੀ ਬੇਸਬਰੀ ਨਾਲ ਉਡੀਕ ਕਰਦੇ ਹਨ ਅਤੇ ਹੁਣ ਐਸੀ ਸੰਗਤ ਮਾਣਨ ਲਈ ਬਿਹਬਲ ਹੋ ਰਹੇ ਹਨ।

***ਡਾ. ਜਗਜੀਤ ਸਿੰਘ***
***ਮੁਖ-ਸੰਪਾਦਕ***

L L L L L L L



Sri Satguru Jagjit Singh Ji eLibrary NamdhariElibrary@gmail.com

# ਅਮਰ ਕਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 30)*

ਸ਼ਾਨ..............................................।

***ਸਤਿਨਾਮੁ ਸ੍ਰੀ ਵਾਹਿਗੁਰੂ।***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਧਾਰਨਾ - ਆਪ ਮੁਕਤ ਮੋਹਿ ਤਾਰੇ ਜੀ,***
***ਐਸੇ ਗੁਰਾਂ ਤੋਂ ਬਲ ਬਲ ਜਾਈਏ - 2***
***ਐਸੇ ਗੁਰਾਂ ਤੋਂ ਬਲਿ ਬਲਿ ਜਾਈਏ - 2, 2***
***ਆਪ ਮੁਕਤ ਮੋਹਿ ਤਾਰੇ........।***

***ਨਾਰਾਇਨ ਨਰਪਤਿ ਨਮਸਕਾਰੈ॥***
***ਐਸੇ ਗੁਰ ਕਉ ਬਲਿ ਬਲਿ ਜਾਈਐ***
***ਆਪਿ ਮੁਕਤੁ ਮੋਹਿ ਤਾਰੈ॥***
***ਕਵਨ ਕਵਨ ਕਵਨ ਗੁਨ ਕਹੀਐ***
***ਅੰਤੁ ਨਹੀ ਕਛੁ ਪਾਰੈ॥***
***ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥***
***ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥***
***ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥***
***ਪੰਨਾ - 1301-2***

ਸਾਧਸੰਗਤ ਜੀ, ਗੱਜ ਕੇ ਬੋਲਣਾ, 'ਸਤਿਨਾਮੁ ਸ੍ਰੀ ਵਾਹਿਗੁਰੂ' ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਮਨ ਵਿਚ ਨਿਮਰਤਾ ਧਾਰੋ, ਸ਼ਰਧਾ ਧਾਰੋ, ਚਿੱਤ ਵਿਚ ਇਕਾਗਰਤਾ ਧਾਰਨ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ। ਆਪਣੀ ਵਿਦਿਆ, ਆਪਣੀ ਜਾਣ-ਪਛਾਣ, ਆਪਣਾ ਗਿਆਨ ਥੋੜ੍ਹੀ ਦੇਰ ਵਾਸਤੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਪਣ ਕਰ ਦਿਓ। ਖਾਲੀ ਹੋ ਕੇ ਬੈਠਾਂਗੇ ਤਾਂ ਪੂਰਾ ਪੂਰਾ ਰਸ ਆਏਗਾ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੂੰ ਗੁਰਸਿੱਖਾਂ ਨੇ ਪੁਛਿਆ ਕਿ ਪਾਤਸ਼ਾਹ! ਰਾਗਾਂ ਵਿਚ ਕੀਰਤਨ ਵੀ ਸੁਣਦੇ ਹਾਂ, ਉਂਞ ਕਥਾ ਵੀ ਸੁਣਦੇ ਹਾਂ ਪਰ ਸਾਡੇ ਉਤੇ ਅਸਰ ਕਿਉਂ ਨਹੀਂ ਹੁੰਦਾ?

ਮਹਾਰਾਜ ਜੀ ਨੇ ਫੁਰਮਾਨ ਕੀਤਾ, "ਪ੍ਰੇਮੀਓ! ਦੋਵੇਂ ਪਾਸੇ ਫਰਕ ਹੁੰਦੈ।" ਚੌਦਾਂ ਗੁਣ ਵਕਤੇ ਵਿਚ ਚਾਹੀਦੇ ਨੇ, ਚੌਦਾਂ ਗੁਣ ਸੁਣਨ ਵਾਲੇ 'ਚ ਚਾਹੀਦੇ ਨੇ। ਜਦੋਂ 28 ਕਲਾਂ ਇਕ ਦੂਜੇ ਨਾਲ ਰਲ ਜਾਂਦੀਆਂ ਨੇ ਫੇਰ ਪੂਰਾ-ਪੂਰਾ ਲਾਭ ਪ੍ਰਾਪਤ ਹੋਇਆ ਕਰਦੈ। ਜੇ ਵਕਤਾ ਪੂਰਾ ਹੋਵੇ ਪਰ ਸਰੋਤਾ ਜਿਹੜਾ ਹੈ ਉਸਦੀ ਬਿਰਤੀ ਐਧਰ ਓਧਰ ਨੱਠੀ ਫਿਰਦੀ ਹੈ, ਉਹਦੇ ਅੰਦਰ ਨਾਸਤਕਤਾ ਹੈ, ਸਮਝਣ ਦਾ ਯਤਨ ਨਹੀਂ ਕਰਦਾ ਕਿ ਕੀ ਬੋਲਿਆ ਜਾ ਰਿਹਾ ਹੈ ਤੇ ਬੁੱਧੀ ਨਾਲ ਉਹਦੀ ਵਿਚਾਰ ਨਹੀਂ ਕਰਦਾ; ਫੇਰ ਅਸਰ ਨਹੀਂ ਹੋਇਆ ਕਰਦਾ। ਅੰਮ੍ਰਿਤ ਤਾਂ ਬਰਸ ਰਿਹਾ ਹੈ ਪਰ ਜੇ ਬੋਤਲ ਦਾ ਮੂੰਹ ਉਹਦੇ ਥੱਲੇ ਸਿੱਧਾ ਨਹੀਂ ਹੈ, ਆਲੇ ਦੁਆਲੇ ਬੋਤਲ ਹਿੱਲੀ ਜਾਂਦੀ ਹੈ, ਫੇਰ ਉਹਦੇ ਅੰਦਰ ਅੰਮ੍ਰਿਤ ਦੀ ਬੂੰਦ ਨਹੀਂ ਪਿਆ ਕਰਦੀ। ਇਸੇ ਤਰ੍ਹਾਂ ਬਖਸ਼ਿਸ਼ਾਂ ਤਾਂ ਅਕਾਲ ਪੁਰਖ ਤੋਂ ਹੋ ਰਹੀਆਂ ਨੇ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਪਰ ਸਾਡੀ ਬਿਰਤੀ ਜੋ ਹੈ ਇਹ ਮੱਥਾ ਟੇਕਣ ਵਾਲਿਆਂ ਵਲ ਦੇਖਣ ਵਾਲੀ, ਐਧਰ ਓਧਰ ਦੇਖਣ ਵਾਲੀ, ਫੁਰਨੇ ਕਰਨ ਵਾਲੀ ਹੋਵੇ ਫਿਰ ਉਹ ਪੂਰੀ ਤਰ੍ਹਾਂ ਸਮਝ ਨਹੀਂ ਸਕਿਆ ਕਰਦੀ।

ਐਸੇ ਵਿਚਾਰ ਲਗਾਤਾਰ ਚਲ ਰਹੇ ਨੇ। ਜਿਹੜੇ ਪ੍ਰੇਮੀ ਪਹਿਲੇ ਦੀਵਾਨਾਂ ਵਿਚ ਆਏ ਨੇ, ਉਨ੍ਹਾਂ ਨੂੰ ਪਤਾ ਹੈ ਕਿ ਪਿਛੇ ਕੀ ਗੱਲ ਹੋ ਰਹੀ ਸੀ। ਸੰਖੇਪ ਦੇ ਵਿਚ ਇਸ ਤਰ੍ਹਾਂ ਹੈ ਕਿ ਲਾਹੌਰ ਦੇ ਅੰਦਰ ਇਕ ਪ੍ਰੇਮੀ ਰਹਿੰਦਾ ਸੀ। ਉਹਦੇ ਮਨ ਵਿਚ ਬੜੀ ਖਾਹਿਸ਼ ਸੀ ਕਿ ਮੈਂ ਕਿਸੇ ਤਰ੍ਹਾਂ ਉਸ ਪਦ ਨੂੰ ਪ੍ਰਾਪਤ ਕਰਾਂ ਜਿਸ ਦੇ ਬਾਰੇ ਸਾਧੂ, ਮਹਾਂਪੁਰਸ਼ ਇਸ਼ਾਰਾ ਕਰਦੇ ਨੇ ਕਿ ਸਭ ਤੋਂ ਸ੍ਰੇਸ਼ਟ ਪਦ ਸੰਸਾਰ ਦੇ ਅੰਦਰ ਉਹ ਹੈ ਜਿਸ ਨੂੰ 'ਅਬਿਨਾਸ਼ੀ ਖੇਮ' ਕਹਿੰਦੇ ਨੇ ਤੇ ਮੇਰੇ ਹਿਰਦੇ ਦੇ ਅੰਦਰ ਤਾਂ ਅਜੇ ਸ਼ਾਂਤ ਨਹੀਂ ਆਈ; ਕੋਈ ਕਸਰ ਹੈ। ਸੋ ਗੁਰੂ ਨਾਨਕ ਪਾਤਸ਼ਾਹ ਨੇ ਐਸਾ ਕੌਤਕ ਰਚਿਆ ਕਿ ਇਕ ਪ੍ਰੇਮੀ ਗਰੀਬ ਹੈ, ਕਹਿਣ ਲੱਗਿਆ, ਪਾਤਸ਼ਾਹ! ਮੇਰੇ ਕੋਲ ਵਿਆਹ ਕਰਨ ਦਾ ਸਾਮਾਨ ਨਹੀਂ, ਲੜਕੀ ਜੁਆਨ ਹੁੰਦੀ ਜਾ ਰਹੀ ਹੈ। ਜਿਸ ਘਰ ਦੇ ਅੰਦਰ ਲੜਕੀ ਜੁਆਨ ਹੋਵੇ, ਸਿਰ ਦੇ ਉਤੇ ਦੁਸ਼ਮਣ ਹੋਵੇ, ਕਰਜ਼ਾ ਦੇਣਾ ਹੋਵੇ ਤੇ ਬਿਮਾਰੀ ਹੋਵੇ, ਇਹ ਚਾਰ ਬੰਦਿਆਂ ਨੂੰ ਨੀਂਦ ਨਹੀਂ ਆਇਆ ਕਰਦੀ। ਗੋਲੀਆਂ ਖਾ ਕੇ ਵੀ ਨੀਂਦ ਮਸਾਂ ਹੀ ਆਉਂਦੀ ਹੈ। ਪਾਤਸ਼ਾਹ! ਮੇਰੇ ਮਨ ਦੇ ਅੰਦਰ ਬਹੁਤ ਕਲਪਣਾ ਛਿੜੀ ਹੋਈ ਹੈ, ਭਜਨ ਨਹੀਂ ਮੈਂ ਕਰ ਸਕਦਾ, ਕੋਈ ਕਿਰਿਆ ਕਰਮ ਨਹੀਂ ਮੈਂ ਕਰ ਸਕਦਾ, ਮੇਰੇ ਤੇ ਕ੍ਰਿਪਾ ਕਰੋ। ਮੈਂ ਆਪ ਦਾ ਦਾਨੀ ਸੁਭਾਓ ਸੁਣਿਐ ਕਿ ਆਪ ਵੰਡੀ ਹੀ ਜਾਂਦੇ ਹੋ, ਵੰਡੀ ਹੀ ਜਾਂਦੇ ਹੋ, ਲੈਂਦੇ ਕੁਛ ਵੀ ਨਹੀਂ ਹੋ, ਤੇਰਾ ਤੇਰਾ ਕਹਿ ਕੇ ਧੜੀਆਂ ਦੀਆਂ ਧੜੀਆਂ ਉਲਟਾਈ ਜਾਂਦੇ ਓ। ਤੇਰਾਂ ਤੋਂ ਕਦੇ ਚੌਦਾਂ ਨਹੀਂ ਹੁੰਦੇ। ਕ੍ਰਿਪਾ ਕਰੋ ਮੇਰੇ ਵੀ ਚਿੱਠੇ ਪਾੜ ਦਿਓ।

ਮਹਾਰਾਜ ਜੀ ਨੇ ਮਲਸੀਹਾਂ ਵਾਲੇ ਚੌਧਰੀ ਭਾਈ ਭਗੀਰਥ



Sri Satguru Jagjit Singh Ji eLibrary NamdhariElibrary@gmail.com

ਨੂੰ ਬੁਲਾਇਆ ਅਤੇ ਕਿਹਾ, ਐਂ ਕਰ, ਸਾਮਾਨ ਦੀ ਲਿਸਟ ਬਣਾ ਲੈ, ਨਾਲ ਚਲਿਆ ਜਾਹ, ਪਰ ਇਕ ਰਾਤ ਤੋਂ ਵੱਧ ਨਹੀਂ ਰਹਿਣਾ। ਸੋ ਇਸ ਤਰ੍ਹਾਂ ਹੁਕਮ ਮੰਨ ਕੇ ਜਦ ਗਿਆ, ਭਾਈ ਮਨਸੁਖ ਉਥੇ ਵਪਾਰੀ ਸੀ, ਉਹਦੇ ਕੋਲ ਜਾ ਕੇ ਸਾਰੀ ਗੱਲ ਦੱਸੀ, ਸਾਰੇ ਸਮਾਨ ਦੀ ਲਿਸਟ ਲਿਖਾਈ ਤੇ ਨਾਲ ਇਹ ਕਿਹਾ ਕਿ ਇਕ ਚੂੜਾ ਚਾਹੀਦੈ। ਉਹ ਕਹਿਣ ਲੱਗਿਆ, "ਪ੍ਰੇਮੀਆ! ਹੋਰ ਸਭ ਕੁਝ ਹੁਣੇ ਤਿਆਰ ਹੈ, ਮੈਂ ਇਕ ਘੰਟੇ ਦੇ ਅੰਦਰ ਅੰਦਰ ਤੋਲ ਦਿਨਾਂ। ਇਕ ਤਾਂ ਤੂੰ ਕੁਵੇਲੇ ਆਇਐਂ, ਥੋੜ੍ਹੀ ਦੇਰ ਨੂੰ ਦਿਨ ਛੁਪ ਜਾਣੈ ਤੇ ਰਾਤ ਨੂੰ ਕੋਈ ਕੰਮ ਨਹੀਂ ਹੋਣਾ। ਚੂੜਾ ਬਣਾਉਣ ਨੂੰ ਦੋ ਦਿਨ ਲਗਦੇ ਨੇ। ਸੋ, ਤੈਨੂੰ ਦੋ ਰਾਤਾਂ ਇਥੇ ਰਹਿਣਾ ਪੈਣੈ। ਕਹਿਣ ਲੱਗਿਆ, "ਸੇਠ ਜੀ! ਮੈਂ ਇਕ ਦਿਨ ਤੋਂ ਵੱਧ ਨਹੀਂ ਰਹਿ ਸਕਦਾ। ਜੇ ਮੈਂ ਰਹਾਂ ਤਾਂ ਮੇਰਾ ਜਨਮ ਮਰਨ ਵਿਗੜ ਜਾਏਗਾ।" ਹੈਰਾਨ ਹੋ ਗਿਆ, ਚੌਂਕ ਉਠਿਆ, ਕਹਿਣ ਲੱਗਿਆ, "ਹੈਂ! ਜੇ ਤਾਂ ਕਿਸੇ ਹਾਕਮ ਦਾ ਨੌਕਰ ਹੋਵੇ, ਕਿਸੇ ਗਲਤੀ ਕਾਰਨ ਜਨਮ ਤਾਂ ਵਿਗੜ ਜਾਏਗਾ, ਨੌਕਰੀ 'ਚੋਂ ਕੱਢ ਦਿਤਾ ਜਾਏਗਾ, ਪਰ ਇਹ ਜਨਮ ਮਰਨ ਲੋਕ ਪਰਲੋਕ ਦੋਵੇਂ ਕਹਿੰਦਾ ਹੈ। ਪਰਲੋਕ ਨੂੰ ਵਿਗਾੜਨ ਵਾਲਾ ਕੌਣ ਹੈ ਅੱਜ ਸੰਸਾਰ ਵਿਚ। ਕਹਿਣ ਲੱਗਿਆ, "ਤੂੰ ਨਵਾਬ ਦਾ ਨੌਕਰ ਹੈਂ ਦੌਲਤ ਖਾਂ ਲੋਧੀ ਦਾ?"

ਇਸ ਨੇ ਕਿਹਾ, "ਨਹੀਂ, ਉਹਦਾ ਨੌਕਰ ਹੁੰਦਾ ਤਾਂ ਮੈਨੂੰ ਕੋਈ ਫਿਕਰ ਨਹੀਂ ਸੀ, ਦੋ ਰਾਤਾਂ ਦੀ ਥਾਂ ਤਿੰਨ ਰਹਿ ਜਾਂਦਾ, ਕੋਈ ਗੱਲ ਨਹੀਂ ਸੀ।"

ਕਹਿਣ ਲੱਗਿਆ, "ਫੇਰ ਕੋਈ ਹੈ ਐਸਾ ਸੰਸਾਰ ਦੇ ਅੰਦਰ ਜਿਸਦੀ ਹੁਕਮ ਅਦੂਲੀ ਕਰਨ ਦੇ ਨਾਲ ਜਨਮ ਮਰਨ ਵਿਗੜ ਜਾਵੇ?"

ਕਹਿਣ ਲੱਗਿਆ, "ਹਾਂ, ਸੰਸਾਰ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ, ਅਜੇ ਆਪ ਕਿਰਤ ਕਰਦੇ ਨੇ, ਮੋਦੀ ਦਾ ਕੰਮ ਕਰ ਰਹੇ ਨੇ ਤੇ ਨਾਲ ਦੀ ਨਾਲ ਸੰਸਾਰ ਦਾ ਉਧਾਰ ਕਰ ਰਹੇ ਨੇ ਤੇ ਉਨ੍ਹਾਂ ਦਾ ਹੁਕਮ ਹੈ ਕਿ ਇਕ ਰਾਤ ਤੋਂ ਵੱਧ ਨਹੀਂ ਰਹਿਣਾ।"

ਬੜਾ ਧਿਆਨ ਖਿਚਿਆ ਗਿਆ। ਕਹਿਣ ਲੱਗਿਆ, "ਐਸਾ ਹੈ ਕੋਈ? ਲੇਕਿਨ ਮੈਂ ਤਾਂ ਖੋਜ ਕਰਕੇ ਥੱਕ ਗਿਆ, ਕਹਿਣ ਵਾਲੇ ਹੀ ਮਿਲਦੇ ਨੇ, ਰਹਿਣੀ ਵਾਲਾ ਕੋਈ ਨਹੀਂ ਮਿਲਦਾ। ਜਿਹੜਾ ਕੁਝ ਮੂੰਹ 'ਚੋਂ ਕਹਿ ਰਹੇ ਨੇ ਉਸ ਤੇ ਪਹਿਰਾ ਦੇਣ ਵਾਲਾ ਕੋਈ ਨਹੀਂ ਮਿਲਦਾ। ਜਦ ਮੈਂ ਨੇੜੇ ਹੋ ਕੇ ਦੇਖਦਾ ਹਾਂ, ਇਹ ਪਾਖੰਡ ਹੈ, ਮਾਇਆ ਦਾ ਲਾਲਚ ਹੈ, ਧੋਖਾ ਹੈ, ਫਰੇਬ ਹੈ, ਛਲ ਹੈ, ਨਾਲੇ ਭੁੱਖ ਹੈ ਤੇ ਮੈਂ ਤਾਂ ਅਜਿਹਾ ਦੇਖਿਆ ਨਹੀਂ।"

ਕਹਿਣ ਲੱਗੇ, "ਭਾਈ ਮਨਸੁਖ ਜੀ! ਜਦ ਦੇਖ ਲਏਂਗਾ ਪਤਾ ਲਗ ਜਾਏਗਾ।"

ਕਹਿੰਦਾ, "ਨਹੀਂ, ਮੇਰਾ ਮਨ ਨਹੀਂ ਮੰਨਦਾ ਕਿ ਅੱਜ ਕਲਜੁਗ ਦੇ ਅੰਦਰ ਵੀ ਕੋਈ ਹੈ ਐਸਾ ਜਿਹੜਾ ਸੱਚਾ ਹੋਵੇ।"

ਕਹਿਣ ਲੱਗਿਆ, "ਪ੍ਰੇਮੀਆ! ਮੇਰੇ ਸਤਿਗੁਰੂ ਵੀ ਇਸੇ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਕੂੜ ਦਾ ਵਰਤਿਆ ਵਰਤਾਰਾ,***
***ਸੱਚ ਵਾਲਾ ਕਾਲ ਪੈ ਗਿਆ – 2, 2.***
***ਪਿਆਰੇ ਜੀ! ਸੱਚ ਵਾਲਾ ਕਾਲ ਪੈ ਗਿਆ – 2, 2***
***ਪਿਆਰੇ, ਕੂੜ ਦਾ ਵਰਤਿਆ ਵਰਤਾਰਾ,....।***

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥***
***ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥***
***ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥***

***ਪੰਨਾ – 468***

ਮਹਾਰਾਜ ਜੀ ਕਹਿੰਦੇ ਨੇ, ਭਾਈ! ਸੰਸਾਰ ਦੇ ਅੰਦਰ ਕਲਜੁਗ ਆਉਣ ਦੇ ਨਾਲ ਕੂੜ ਦਾ ਵਰਤਾਰਾ ਹੋ ਗਿਐ; ਬੇਤਾਲਾ ਭੂਤਨਾ ਹੋ ਗਿਆ ਬੰਦਾ। ਅਸੂਲ ਤੋਂ ਬਾਹਰ ਹੋ ਗਿਆ; ਨਾ ਸਮਾਜ ਦੀ ਗੱਲ ਮੰਨਦੈ, ਨਾ ਧਰਮ ਦੀ ਮੰਨਦੈ, ਨਾ ਮਾਂ ਬਾਪ ਦੀ, ਨਾ ਕਿਸੇ ਦੀ ਮੰਨਦੈ। ਬੇਤਾਲਾ ਹੋ ਕੇ ਘੁੰਮ ਰਿਹੈ, ਭਰੋਸੇਹੀਣਾ ਹੋ ਗਿਆ। ਕਦੇ ਕਿਸੇ ਨੂੰ ਮੱਥੇ ਟੇਕਦੈ, ਕਦੇ ਕਿਸੇ ਨੂੰ ਟੇਕਦੈ। ਕਹਿੰਦੇ, ਦਾਣਾ ਇਕ ਹੋਵੇ ਤਾਂ ਕੁਛ ਪੈਦਾ ਹੋ ਸਕਦੈ। ਜਦੋਂ ਵਿਸ਼ਵਾਸ਼ ਟੁਕੜੇ-ਟੁਕੜੇ ਹੋਇਆ ਹੋਇਐ, ਦਾਲ ਤਾਂ ਬਿਲਕੁਲ ਹੀ ਨਹੀਂ ਉਗਦੀ। ਸੋ ਦਾਲ ਵਰਗਾ ਮਨ ਹੋ ਗਿਆ। ਬੇਅੰਤ ਦੇਵੀ ਦੇਵਤੇ, ਬੇਅੰਤ ਕਬਰਾਂ, ਮੜ੍ਹੀਆਂ ਮਸਾਣੀਆਂ, ਪਤਾ ਹੀ ਨਹੀਂ ਕਿੰਨਿਆਂ ਕੁ ਨੂੰ ਮੰਨਣ ਲਗ ਗਿਆ। ਹੁਣ ਕੀਹਦੇ ਨਾਲ ਪਿਆਰ ਪਾਉਣ ਜੋਗੇ ਹਾਂ ਅਸੀਂ, ਪਿਆਰ ਤਾਂ ਇਕ ਨਾਲ ਹੁੰਦੈ। ਇਕ ਨਾਲ ਪੈ ਜਾਵੇ, ਫੇਰ ਸਾਰੇ ਸੰਸਾਰ ਨਾਲ ਪੈ ਜਾਂਦੈ। ਜੇ –

***ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ॥***

***ਪੰਨਾ – 957***

ਸੋ ਭਾਈ ਭਗੀਰਥ ਕਹਿਣ ਲੱਗੇ, "ਭਾਈ ਮਨਸੁਖ ਜੀ! ਮੇਰੇ ਸਤਿਗੁਰੂ ਵੀ ਇਹੋ ਗੱਲ ਕਹਿੰਦੇ ਨੇ, ਕਿਸੇ ਥਾਂ ਤੇ ਸੱਚ ਨਹੀਂ ਦਿਸ ਰਿਹਾ –

***ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥***
***ਭਾਈ ਗੁਰਦਾਸ ਜੀ, ਵਾਰ 1/30***

ਕੁੱਤੇ ਨੂੰ ਮਰੀਆਂ ਹੋਈਆਂ ਚੀਜ਼ਾਂ ਭਾਉਂਦੀਆਂ ਨੇ, ਮਰੀਆਂ ਹੋਈਆਂ ਮਾਸ ਦੀਆਂ ਚੀਜ਼ਾਂ ਜਿਹੜੀਆਂ ਨੇ ਉਹ ਮਨੁੱਖ ਦੀ ਖੁਰਾਕ ਬਣ ਗਈ, ਖਾਜਾ ਬਣ ਗਿਆ ਤੇ ਕੀ ਚੇਲਾ, ਕੀ ਗੁਰੂ, ਕੀ ਗਿਆਨ ਕਰਨ ਵਾਲਾ, ਕੀ ਪੜ੍ਹਾਉਣ ਵਾਲੇ; ਕਹਿੰਦੇ ਸਾਰੇ ਹੀ ਹਿੱਲ ਗਏ ਨੇ ਤੇ ਸਾਰੇ ਹੀ ਹਨ੍ਹੇਰੇ ਵਿਚ ਧੱਕੇ ਖਾ ਕੇ ਹੱਥ ਪੈਰ ਮਾਰ ਰਹੇ ਨੇ, ਕਿਸੇ ਨੂੰ ਕੋਈ ਰਾਹ ਨਹੀਂ ਲੱਭ ਰਿਹਾ। ਦੂਸਰਾ ਜੋ ਸਾਸ਼ਕ ਹੈ ਮੌਕੇ ਦਾ, ਹੁਕਮ ਕਰਨ ਵਾਲਾ, ਕਹਿੰਦੇ ਉਨ੍ਹਾਂ ਨੇ ਲਬ ਤੇ ਪਾਪ ਦਾ ਬੁਰਕਾ ਪਹਿਨ ਲਿਆ। ਲਬ ਦੇ ਨਾਲ ਕਹਿੰਦੈ ਕਿ ਸਭ ਕੁਛ ਮੇਰੇ ਥੱਲੇ ਹੀ ਆ ਜਾਵੇ, ਇਹ ਗਰੀਬ ਚਾਹੇ ਕਿੰਨਾ ਹੀ ਗਰੀਬ ਹੈ, ਜ਼ਮੀਨ ਗਹਿਣੇ ਧਰੇ, ਆਪ ਗਹਿਣੇ ਪਵੇ, ਬਾਲ-ਬੱਚਿਆਂ ਨੂੰ ਗਹਿਣੇ ਕਰੇ ਪਰ ਸਾਡੀ ਜੋ ਮੁਕਰਰ ਕੀਤੀ ਹੋਈ ਰਿਸ਼ਵਤ ਹੈ ਉਹ ਇਹਨੂੰ ਦੇਣੀ ਹੀ ਪੈਣੀ ਹੈ, ਚਾਹੇ ਕਿੰਨੀ ਹੀ ਹੈ। ਹੁਣ



Sri Satguru Jagjit Singh Ji eLibrary NamdhariElibrary@gmail.com

ਵੀ ਇਸੇ ਤਰ੍ਹਾਂ ਹੀ ਹੈ, ਸਾਧਸੰਗਤ ਜੀ! ਬਹੁਤਾ ਫਰਕ ਨਹੀਂ ਹੈ, ਹੁਣ ਤਾਂ ਉਸ ਤੋਂ ਜ਼ਿਆਦਾ ਹੈ। ਜ਼ਮਾਨਾ ਹੇਠ ਨੂੰ ਤੁਰਿਆ ਜਾ ਰਿਹਾ ਹੈ। ਇਕ ਬੱਚਾ ਪੜ੍ਹਦਾ ਹੈ, ਅੱਛੇ ਨੰਬਰ ਲੈਂਦਾ ਹੈ। ਨੌਕਰੀ ਵਾਸਤੇ ਜਾਂਦਾ ਹੈ, ਉਦਾਸ ਹੋ ਜਾਂਦੈ ਕਿ ਮੇਰੇ ਮਾਂ ਬਾਪ ਗਰੀਬ ਨੇ, ਮੈਨੂੰ ਤਾਂ ਪੜ੍ਹਾਇਆ ਨਹੀਂ। ਉਸ ਨੂੰ ਪੁਛੋ ਕਿ ਕਾਕਾ! ਉਦਾਸ ਕਿਉਂ ਹੈਂ। ਕਹਿੰਦਾ, "ਜੀ ਉਹ ਤਾਂ 50 ਹਜ਼ਾਰ ਰੁਪਿਆ ਮੰਗਦੇ ਨੇ, ਨੰਬਰਾਂ ਨੂੰ ਦੇਖਦੇ ਹੀ ਨਹੀਂ; ਲੱਖ ਰੁਪਿਆ ਮੰਗਦੇ ਨੇ। ਦਾਖਲ ਹੋਣ ਵਾਸਤੇ ਜਾਂਦੈ ਤਾਂ ਸਕੂਲਾਂ ਕਾਲਜਾਂ ਵਾਲੇ ਕਹਿੰਦੇ ਨੇ, ਪਹਿਲਾਂ ਲੱਖ ਰੁਪਿਆ ਲਿਆ, ਡਾਕਟਰੀ ਵਿਚ ਰੱਖ ਲਵਾਂਗੇ। ਲੱਖ ਰੁਪਿਆ ਲਿਆ ਇੰਜਨੀਅਰਿੰਗ ਵਿਚ ਰੱਖ ਲਵਾਂਗੇ। ਇਸ ਦੇਸ਼ ਦਾ ਬਣੇਗਾ ਕੀ, ਜਿਥੇ ਪੈਸੇ ਨਾਲ ਹੀ ਗੱਲ ਚਲਦੀ ਹੈ ਅਤੇ ਜਿਥੇ ਕਾਬਲੀਅਤ ਨੂੰ ਪੁਛਿਆ ਹੀ ਨਹੀਂ ਜਾ ਰਿਹਾ? ਅਧੋਗਤੀ ਹੋ ਜਾਇਆ ਕਰਦੀ ਹੈ, ਮਹਾਰਾਜ ਕਹਿੰਦੇ, ਇਸ ਤਰ੍ਹਾਂ ਅਧੋਗਤੀ ਜਦ ਵਧ ਜਾਵੇ ਫੇਰ ਅਚੇਤਪੁਣਾ ਆ ਜਾਂਦਾ ਹੈ। ਅਚੇਤਪੁਣਾ ਆਉਣ ਦੇ ਨਾਲ, ਖੁਆਰੀ ਹੋ ਜਾਇਆ ਕਰਦੀ ਹੈ।

***ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥***

***ਪੰਨਾ - 417***

ਕੌਮ ਦਾ ਚਰਿੱਤਰ ਹਿਲ ਜਾਂਦੈ। ਮਹਾਰਾਜ ਕਹਿੰਦੇ, ਸਾਸ਼ਕ ਵੀ ਜਿਹੜਾ ਹੈ ਉਹ ਵੀ ਲਬ ਦਾ ਰੂਪ ਬਣ ਗਿਆ। ਇਕ ਲਬ ਵਾਲਾ ਰਾਜਾ ਬਣ ਗਿਆ ਤੇ ਪਾਪਾਂ ਵਾਲਾ ਵਜ਼ੀਰ ਬਣ ਗਿਆ। ਜਿਹੜੇ ਬਾਕੀ ਨੇ ਨਾਇਬ, ਮਾਤਹਿਤ ਕੰਮ ਕਰਨ ਵਾਲੇ ਸਰਦਾਰ ਨੇ, ਉਹ 'ਝੂਠ' ਸਰਦਾਰ ਬਣ ਗਿਆ। ਉਲਟੀ ਗੱਲ ਬਣ ਗਈ। ਜੋ ਅਮੀਰ ਨੇ ਉਹ ਕਾਮੀ ਬਣ ਗਏ, ਰਈਅਤ ਜਿਹੜੀ ਹੈ, ਇਹ ਸਾਰੀ ਅਗਿਆਨੀ ਹੋ ਗਈ; ਇਨ੍ਹਾਂ ਨੂੰ ਕੋਈ ਪਤਾ ਨਹੀਂ ਹੈ ਕਿ ਸਾਡਾ ਹੱਕ ਕੀ ਹੈ, ਅਸੀਂ ਕਿਥੇ ਖੜ੍ਹਨਾ ਹੈ, ਸਾਡਾ ਕੀ ਫਰਜ਼ ਹੈ ਤੇ ਰਾਜੇ ਦਾ ਕੀ ਫਰਜ਼ ਹੈ। ਆਪਣੇ ਫਰਜ਼ ਤੋਂ ਇਹ ਚੋਰ ਹੋ ਗਏ। ਕਹਿੰਦੇ, ਸਾਰੇ ਹਨ੍ਹੇਰਾ ਹੀ ਹਨ੍ਹੇਰਾ ਹੋ ਗਿਆ -

***ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥***

***ਪੰਨਾ - 468***

ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਲਬ ਪਾਪ ਦੋਨੋਂ ਰਾਜਾ ਮਹਿਤਾ ਹੋ ਗਏ***
***ਕੂੜ ਸਿਕਦਾਰ ਹੋ ਗਿਆ -2, 2.***
***ਮੇਰੇ ਪਿਆਰੇ, ਕੂੜ ਸਿਕਦਾਰ ਹੋ ਗਿਆ - 2***
***ਲਬ ਪਾਪ ਦੋਨੋਂ ਰਾਜਾ ਮਹਿਤਾ ਹੋ ਗਏ....2***

***ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥***
***ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥***
***ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।।***
***ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥***
***ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥***

***ਪੰਨਾ - 468***

ਕਹਿਣ ਲੱਗੇ, "ਭਾਈ ਮਨਸੁਖ! ਠੀਕ ਹੈ, ਤੇਰਾ ਅਨੁਭਵ ਵੀ ਠੀਕ ਹੈ। ਮੇਰੇ ਸਤਿਗੁਰੂ ਵੀ ਇਸੇ ਤਰ੍ਹਾਂ ਕਹਿੰਦੇ ਨੇ ਕਿ ਭਾਈ ਕਾਲ ਪੈ ਗਿਆ, ਪ੍ਰਮੇਸ਼ਰ ਦੇ ਰਸਤੇ ਤੇ ਕੋਈ ਚੱਲ ਨਹੀਂ ਰਿਹਾ; ਨਾ ਰਾਜੇ ਚਲ ਰਹੇ ਨੇ, ਨਾ ਪਰਜਾ ਚੱਲ ਰਹੀ ਹੈ। ਧਰਮ ਦੇ ਚਾਰ ਪੈਰ ਹੁੰਦੇ ਨੇ, ਚਾਰੋ ਪੈਰ ਟੁੱਟ ਗਏ - ਰਾਜਾ ਹੋਇਆ ਕਰਦੈ, ਤੀਰਥ ਹੋਇਆ ਕਰਦੈ, ਵਿਦਵਾਨ ਪੁਰਸ਼ ਤੇ ਸ਼ਾਸਤਰ ਹੋਇਆ ਕਰਦੈ ਤੇ ਸਾਧ ਸੰਤ ਹੁੰਦੇ ਨੇ। ਹਰ ਥਾਂ ਦੇ ਉਤੇ ਮਿਲਾਵਟ ਆ ਗਈ। ਰਾਜਾ ਆਪਣੇ ਧਰਮ ਤੋਂ ਹਿੱਲ ਗਿਆ, ਪਰਜਾ ਆਪਣੇ ਧਰਮ ਤੋਂ ਹਿੱਲ ਗਈ, ਤੀਰਥ ਗੰਧਲੇ ਹੋ ਗਏ, ਪਾਪ ਹੋਣੇ ਸ਼ੁਰੂ ਹੋ ਗਏ, ਤੀਰਥ ਤੇ ਕੋਈ ਇਹਦੀ ਪਵਿੱਤਰਤਾ ਕਾਇਮ ਨਹੀਂ ਰਹੀ। ਜੋ ਧਰਮ ਸ਼ਾਸਤਰ ਨੇ ਉਹਦੇ ਅਰਥਾਂ ਦੇ ਅਨਰਥ ਕਰਕੇ ਮਰਜ਼ੀ ਦੇ ਵਿਚਾਰ ਕਰਦੇ ਨੇ। ਕਹਿਣ ਲੱਗੇ, ਲਬ ਰਾਜਾ ਬਣ ਗਿਆ ਤੇ ਜਿਹੜਾ ਵਜ਼ੀਰ ਹੈ ਉਹ ਪਾਪ ਬਣ ਗਿਆ। ਜਿਹੜੇ ਹਕੂਮਤ ਕਰਨ ਵਾਲੇ ਨੇ ਉਨ੍ਹਾਂ ਸਾਰਿਆਂ ਨੇ ਝੂਠ ਦਾ ਬੁਰਕਾ ਪਹਿਨ ਲਿਆ। 'ਕਾਮ ਨੇਬੁ ਸਦਿ ਪੁਛੀਐ' ਉਨ੍ਹਾਂ ਦੇ ਵਜ਼ੀਰ ਨੇ ਨੇਬ ਨੇ, ਕਹਿੰਦੇ ਉਹ ਵੀ ਆਪਣੀਆਂ ਕਾਮਨਾਵਾਂ ਦੇ ਅਧੀਨ ਹੋ ਗਏ, 'ਬਹਿ ਬਹਿ ਕਰੇ ਬੀਚਾਰੁ।' ਜਿਹੜੀ ਰਯੀਅਤ ਹੈ ਉਹ ਅੰਨ੍ਹੀ ਹੋ ਗਈ, ਨਾ ਪ੍ਰਮੇਸ਼ਰ ਦਾ ਪਤਾ ਹੈ, ਨਾ ਆਪਣੇ ਅਧਿਕਾਰ ਦਾ ਪਤਾ ਹੈ ਤੇ ਉਹ ਅੰਨ੍ਹੀ ਹੋਈ ਨੂੰ ਕੋਈ ਰਾਹ ਨਹੀਂ ਲੱਭ ਰਿਹਾ। 'ਭਾਹਿ ਭਰੇ ਮੁਰਦਾਰੁ' ਗਿਆਨੀ ਪੁਰਸ਼ ਜਿਹੜੇ ਨੱਚਣ ਵਾਲੇ ਨੇ, ਨਾਟਕ ਕਰਨ ਵਾਲੇ ਨੇ, ਉਨ੍ਹਾਂ ਨੂੰ ਗਿਆਨੀ ਕਹਿੰਦੇ ਨੇ। ਗਿਆਨੀ ਉਹ ਹੁੰਦੈ ਜਿਸ ਨੂੰ ਵਾਹਿਗੁਰੂ ਦੀ ਵੀਚਾਰ ਦਾ ਨਿਰਣਾ ਹੋਵੇ। ਕਹਿੰਦੇ ਉਹ ਨੱਚਣ ਵਾਲਿਆਂ ਨੂੰ, ਬੋਲਣ ਵਾਲਿਆਂ ਨੂੰ ਗਿਆਨੀ ਕਹਿੰਦੇ ਨੇ। ਵਾਜੇ ਵਜਾਉਂਦੇ ਨੇ ਤੇ ਸ਼ਿੰਗਾਰ ਬਣਾਉਂਦੇ ਨੇ, ਨਾਟਕ ਕਰਦੇ ਨੇ, ਰੂਪ ਧਾਰਨੀ ਬਣਦੇ ਨੇ, ਰਾਸਾਂ ਪਾਉਂਦੇ ਨੇ -

***ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥***

***ਪੰਨਾ - 468***

ਉਚੀ ਉਚੀ ਕੂਕ ਕੂਕ ਕੇ ਬੋਲਦੇ ਨੇ। ਆਤਮ ਰਸ ਨਹੀਂ ਹੈ, ਕੋਈ ਪ੍ਰਭੂ ਦੀ ਬਾਤ ਨਹੀਂ ਗਾਉਂਦੇ। ਜੋਧਿਆਂ ਦੀਆਂ ਗੱਲਾਂ ਕਰਦੇ ਨੇ, ਲੜਾਈਆਂ ਦੀਆਂ, ਝਗੜਿਆਂ ਦੀਆਂ, ਫਸਾਦਾਂ ਦੀਆਂ। ਆਹ ਗਾ ਰਹੇ ਨੇ, ਦੱਸੋ ਕਿਥੋਂ ਸ਼ਾਂਤੀ ਆ ਜਾਵੇ। ਬਾਕੀ ਜਿਹੜੇ ਦੂਸਰੇ ਨੇ ਉਹ ਹੁਜਤਾਂ ਦੇ ਵਿਚ ਪਏ ਹੋਏ ਨੇ, ਚਿਤਵਨੀਆਂ ਦੇ ਵਿਚ ਪਏ ਹੋਏ ਨੇ, ਗਰਬੇ ਹੋਏ ਨੇ। ਪ੍ਰੇਮਾ ਭਗਤੀ ਦਾ ਕਿਤੇ ਨਾ-ਨਿਸ਼ਾਨ ਨਹੀਂ ਰਿਹਾ, ਜੋ ਆਪਣੇ ਆਪ ਨੂੰ ਕਹਾਉਂਦੇ ਨੇ ਕਿ ਅਸੀਂ ਰੂਹਾਨੀ ਰਾਹ ਦਸਦੇ ਹਾਂ, ਮਹਾਰਾਜ ਕਹਿੰਦੇ, ਉਹ ਤਾਂ ਬਾਹਰ ਹੀ ਬਾਹਰ ਰਹਿ ਗਏ, ਅੰਤਰਮੁਖ ਬਿਰਤੀ ਨਹੀਂ ਕਿਸੇ ਦੀ ਵੀ ਹੋਈ।

***ਲਿਖਿ ਲਿਖਿ ਪੜਿਆ।। ਤੇਤਾ ਕੜਿਆ॥***
***ਬਹੁ ਤੀਰਥ ਭਵਿਆ॥ ਤੇਤੋ ਲਵਿਆ॥***
***ਬਹੁ ਭੇਖ ਕੀਆ ਦੇਹੀ ਦੁਖੁ ਦੀਆ॥ ਪੰਨਾ - 467***

ਭੇਖ ਕਰੀ ਫਿਰਦੇ ਨੇ। ਕਿਸੇ ਨੇ ਕੋਈ ਭੇਖ ਬਣਾਇਆ ਹੋਇਆ ਹੈ, ਕਿਸੇ ਨੇ ਕੋਈ ਭੇਖ ਬਣਾਇਆ ਹੋਇਆ ਹੈ। ਆਮ ਸਮਾਜ ਦੇ ਨਾਲੋਂ ਵੱਖਰੇ ਨਜ਼ਰ ਆਉਂਦੇ ਨੇ। ਮਹਾਰਾਜ ਕਹਿੰਦੇ, ਇਹ ਦੇ ਵਿਚ ਕੀ ਹੈ, ਜੇ ਕਪੜੇ ਨਹੀਂ ਪਾਉਂਦਾ। ਪ੍ਰੇਮੀਆਂ! ਗਰਮੀ ਆ ਕੇ ਤੈਨੂੰ ਧੁੱਪ ਲਗੇਗੀ, ਲੋਅ ਲੱਗੇਗੀ। ਸਰਦੀਆਂ ਦੇ


Sri Satguru Jagjit Singh Ji eLibrary NamdhariElibrary@gmail.com

ਅੰਦਰ ਠੰਢ ਦੇ ਨਾਲ ਤੈਨੂੰ ਪਾਲਾ ਲਗੇਗਾ। ਜੇ ਜੁੱਤੀ ਨਹੀਂ ਪਾਉਂਦਾ ਤਾਂ ਪੈਰ ਠਰਨਗੇ, ਕੰਡੇ ਲੱਗਣਗੇ, ਕੰਕਰ ਪੱਥਰ ਲਗਣਗੇ। ਇਹਦੇ ਨਾਲ ਤੇਰੀ ਰੂਹਾਨੀਅਤ ਤਾਂ ਕੋਈ ਨਹੀਂ ਬਣਨੀ। ਜਦ ਤਕ ਤੂੰ ਆਪਣੇ ਅੰਦਰ ਪ੍ਰਮੇਸ਼ਰ ਨੂੰ ਨਹੀਂ ਦੇਖਦਾ, ਬਾਹਰੋਂ ਤਾਂ ਕੁਝ ਵੀ ਨਹੀਂ ਮਿਲਣਾ। ਦੇਹੀ ਨੂੰ ਦੁਖ ਦਿੰਦੈ ਭੇਖ ਕਰ ਕਰ ਕੇ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਦੇਹੀ ਨੂੰ ਦੁਖ ਦੇਵੇਂ ਓ*
*ਕਰਕੇ ਤੂੰ ਭੇਖ ਸਾਧ ਦਾ – 2, 2.*
*ਕਰਕੇ ਤੂੰ ਭੇਖ ਸਾਧ ਦਾ – 2*
*ਦੇਹੀ ਨੂੰ ਦੁਖ ਦੇਵੇਂ ਓ ਕਰਕੇ ਤੂੰ ਭੇਖ ਸਾਧ ਦਾ –2*

ਭੇਖ ਕਰਕੇ ਨਿਹਚਾ ਹੋ ਗਿਆ ਕਿ ਪ੍ਰਮੇਸ਼ਰ ਸਾਡੇ ਉਤੇ ਇਸ ਭੇਖ ਨਾਲ ਖੁਸ਼ ਹੋ ਜਾਏਗਾ। ਕਿੰਨੇ ਕੁ ਭੇਖ ਨੇ ਹਿੰਦੁਸਤਾਨ ਦੇ ਅੰਦਰ।

ਇਕ ਮਹਾਂਪੁਰਸ਼ ਗਣੇਸ਼ਾ ਸਿੰਘ ਜੀ ਹੋਏ ਨੇ, ਉਨ੍ਹਾਂ ਨੇ ਗਿਣਤੀ ਕਰਨ ਤੋਂ ਬਾਅਦ ਇਹ ਲਿਖਿਐ ਕਿ ਮੈਂ ਸਾਰੀ ਗਿਣਤੀ ਤਾਂ ਨਹੀਂ ਕਰ ਸਕਿਆ ਪਰ ਜਿੰਨੇ ਮੈਂ ਗਿਣੇ ਨੇ – ਥਾਂ ਥਾਂ ਜਾ ਕੇ – ਭਾਰਤ ਦੇ ਅੰਦਰ, ਉਹ 38200 ਭੇਖ ਹੈ। ਸਾਰੇ ਕਹਿੰਦੇ ਨੇ ਕਿ ਸਾਡਾ ਭੇਖ ਆਹ ਧਾਰ ਲਓ, ਤੁਹਾਨੂੰ ਪ੍ਰਮੇਸ਼ਰ ਮਿਲ ਜਾਏਗਾ। ਕੋਈ ਕਹਿੰਦਾ ਹੈ, ਕੰਨ ਵਿੰਨ੍ਹ ਲਓ, ਕੋਈ ਕਹਿੰਦਾ ਹੈ ਐਹੋ ਜਿਹਾ ਤਿਲਕ ਲਾ ਲਓ, ਕੋਈ ਕਹਿੰਦਾ ਹੈ ਐਹੋ ਜਿਹੀ ਕੰਠੀ ਪਾ ਲਓ, ਕੋਈ ਕਹਿੰਦਾ ਹੈ ਇਸ ਰੰਗ ਦੇ ਪੀਲੇ ਕਪੜੇ ਪਾ ਲਓ, ਕੋਈ ਕਹਿੰਦਾ ਹੈ ਨੀਲੇ ਕਪੜੇ ਪਾ ਲਓ, ਕੋਈ ਕਹਿੰਦਾ ਹੈ ਚਿੱਟੇ ਕਪੜੇ ਪਾ ਲਓ, ਕੋਈ ਕਹਿੰਦਾ ਹੈ ਰੋਟੀ ਨਹੀਂ ਖਾਣੀ, ਕੋਈ ਕਹਿੰਦਾ ਹੈ ਜੁੱਤੀ ਨਹੀਂ ਪਾਉਣੀ, ਕੋਈ ਕਹਿੰਦਾ ਹੈ ਨੰਗੇ ਪੈਰੀਂ ਭੌਣੈ (ਫਿਰਨੈ), ਕੋਈ ਕਹਿੰਦਾ ਹੈ ਧਰਤੀ ਤੇ ਕੁਛ ਨਹੀਂ ਵਿਛਾਉਣਾ, ਧਰਤੀ ਤੇ ਰਹਿਣੈ, ਕੋਈ ਕਹਿੰਦਾ ਹੈ ਘਰ ਵਿਚ ਨਹੀਂ ਰਹਿਣਾ, ਕੋਈ ਕਹਿੰਦਾ ਹੈ ਘਰ ਜਾਣੈ। ਕੋਈ ਕਹਿੰਦਾ ਹੈ ਤੀਰਥਾਂ ਤੇ ਜਾਵਾਂ ਤਦ ਹੀ ਠੀਕ ਹੈ। ਮਹਾਰਾਜ ਕਹਿੰਦੇ ਬੇਅੰਤ ਭੇਖ ਨੇ। ਕੋਈ ਕਹਿੰਦੈ ਅੰਨ ਨਹੀਂ ਖਾਣਾ। ਫਲਾਣੇ ਸੰਤਾਂ ਨੇ ਤਾਂ ਜੀ ਪੰਜ ਵਾਰ ਤੋਂ ਵੱਧ ਅੰਨ ਨੂੰ ਮੂੰਹ ਨਹੀਂ ਮਾਰਨਾ। ਉਹਦਾ ਅੰਨ-ਜਲ ਮੁਕ ਗਿਆ ਹੋਊ ਪ੍ਰੇਮੀਆਂ! ਇਹਦੇ ਵਿਚ ਵਡੱਤਣ ਕਾਹਦੀ ਹੈ? ਅੰਨ ਵਿਚ ਤਾਂ ਪ੍ਰਾਣ ਨੇ, ਹੋਰ ਕੁਛ ਖਾਂਦਾ ਹੋਣੈ। ਕਿਉਂਕਿ ਭੇਖ ਹੈ ਇਹ। ਫਲਾਣੇ ਮਹਾਤਮਾ ਤਾਂ ਜੀ ਭੁੰਜੇ ਹੀ ਸੌਂਦੇ ਨੇ, ਬਾਹਰ ਹੀ ਸੌਂ ਜਾਂਦੇ ਨੇ; ਉਹ ਤਾਂ ਜੀ ਸਾਬਣ ਨਾਲ ਕੱਪੜੇ ਹੀ ਨਹੀਂ ਧੋਂਦੇ, ਸਾਬਣ ਨਾਲ ਨਹਾਉਂਦੇ ਹੀ ਨਹੀਂ ਦਸ-ਦਸ ਦਿਨ। ਇਹ ਅਸੀਂ ਸੰਤਾਂ ਦੀਆਂ Qualifications (ਯੋਗਤਾਵਾਂ) ਕੱਢ ਲਈਆਂ ਕਲਜੁਗ ਦੇ ਅੰਦਰ। ਜੇ ਇਸ ਦੇਹੀ ਨੂੰ ਦੁਖ ਦਿਤੈ, "ਸਹੁ ਵੇ ਜੀਆ ਆਪਣਾ ਕੀਆ' ਕਿਸੇ ਨੇ ਤਾਂ ਨਹੀਂ ਤੈਨੂੰ ਦੁਖ ਦਿਤਾ, ਤੇਰੇ ਕਪੜੇ ਤਾਂ ਨਹੀਂ ਕਿਸੇ ਨੇ ਲੁਹਾਏ। ਜੇ ਰਾਜਸਥਾਨ ਜਾ ਕੇ ਅੱਜਕਲ੍ਹ ਗਰਮ ਕੋਟ ਪਾ ਕੇ ਫਿਰੇਂ, ਗਰਮ ਕਫਨੀ ਪਾਈਂ ਫਿਰੇਂ, ਕਿਸੇ ਨੇ ਤਾਂ ਨਹੀਂ ਤੈਨੂੰ ਪੁਆਈ। ਜੇ ਸਰਦੀਆਂ ਵਿਚ ਅਗਰ ਸ਼ਿਮਲੇ ਜਾ ਕੇ ਮਲਮਲ ਦਾ ਹੀ ਚੋਲਾ ਪਾਈਂ ਫਿਰੇਂ, ਕਿਸੇ ਨੇ ਤਾਂ ਨਹੀਂ ਪੁਆਇਆ। ਕਹਿੰਦੇ ਜੀ! ਇਨ੍ਹਾਂ ਨੂੰ ਤਾਂ ਪਾਲਾ ਹੀ ਨਹੀਂ ਲਗਦਾ। ਨਹੀਂ ਲਗਦਾ, ਬਾਰਾਂਸਿੰਗੇ ਦਾ ਕੁਸ਼ਤਾ ਖਾਂਦਾ ਹੋਣੈ ਕਿਉਂਕਿ ਉਹ ਐਨਾ ਗਰਮ ਹੁੰਦੈ, ਸੌ ਘੜਾ ਪਾਣੀ ਦਾ ਸਰੀਰ ਉਤੇ ਪੁਆਏ ਤਾਂ ਜਾ ਕੇ ਸਰੀਰ ਬਚਦੈ, ਨਹੀਂ ਤਾਂ ਫਟ ਜਾਂਦੈ। ਧੋਖਾ ਦਿਤਾ ਹੋਇਐ ਘਰ ਵਾਲਿਆਂ ਨੂੰ। ਮਹਾਰਾਜ ਕਹਿੰਦੇ –

*ਸਹੁ ਵੇ ਜੀਆ ਅਪਣਾ ਕੀਆ॥*
*ਅੰਨੁ ਨ ਖਾਇਆ ਸਾਦੁ ਗਵਾਇਆ॥*
*ਬਹੁ ਦੁਖੁ ਪਾਇਆ ਦੂਜਾ ਭਾਇਆ॥*
*ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥ ਪੰਨਾ – 467*

ਵਸਤਰ ਨਹੀਂ ਪਾਉਂਦਾ ਤਾਂ ਫੇਰ ਮੌਸਮ ਦਾ ਕਹਿਰ ਸਹਾਰ।

*ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥*
*ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥*
*ਪੰਨਾ – 467*

ਚੁੱਪ ਕਰ ਗਿਆ, ਜੀ ਮੈਂ ਤਾਂ ਬੋਲਣਾ ਹੀ ਨਹੀਂ। ਜ਼ੁਬਾਨ ਤਾਂ ਪ੍ਰਮੇਸ਼ਰ ਨੇ ਦਿਤੀ ਸੀ। ਮੋਨ ਤਾਂ ਜਦ ਹੋਣੈ ਜਦ ਗੁਰੂ ਦਾ ਗਿਆਨ ਹੋਣੈ। ਜੁੱਤੀ ਨਹੀਂ ਜੀ ਪਾਉਣੀ। ਤੈਨੂੰ ਕਿਸੇ ਨੇ ਮਜ਼ਬੂਰ ਤਾਂ ਨਹੀਂ ਕਰਿਆ। ਕੰਡੇ ਲਗਦੇ ਨੇ, ਕੱਢੀ ਜਾਹ।

*ਅਲੁ ਮਲੁ ਖਾਈ ਸਿਰਿ ਛਾਈ ਪਾਈ॥*
*ਮੂਰਖਿ ਅੰਧੈ ਪਤਿ ਗਵਾਈ॥ ਪੰਨਾ – 467*

ਅਖੀਰ ਤੇ ਫੈਸਲਾ ਕਰਦੇ ਨੇ, You are blind and fool (ਤੂੰ ਅੰਨ੍ਹਾ ਤੇ ਮੂਰਖ ਹੈਂ), ਆਪਣੀ ਪਤਿ ਗਵਾ ਲਈ ਤੂੰ।

ਅਸਲੀ ਗੱਲ ਕੀ ਹੈ? ਸਤਿਗੁਰਾਂ ਦਾ ਫੁਰਮਾਨ ਹੈ –

*ਵਿਣੁ ਨਾਵੈ ਕਿਛੁ ਥਾਇ ਨ ਪਾਈ॥*
*ਰਹੈ ਬੇਬਾਣੀ ਮੜੀ ਮਸਾਣੀ॥*
*ਅੰਧੁ ਨ ਜਾਣੈ ਫਿਰਿ ਪਛੁਤਾਣੀ॥*
*ਸਤਿਗੁਰੁ ਭੇਟੇ ਸੋ ਸੁਖੁ ਪਾਏ।।*
*ਹਰਿ ਕਾ ਨਾਮੁ ਮੰਨਿ ਵਸਾਏ॥ ਪੰਨਾ – 467*

ਨਾਮ ਦਾ ਤਾਂ ਤੈਨੂੰ ਪਤਾ ਹੀ ਨਹੀਂ ਲੱਗਿਆ। ਇਨ੍ਹਾਂ ਗੱਲਾਂ ਨੇ ਤਾਂ ਕਿਸੇ ਲੇਖੇ 'ਚ ਨਹੀਂ ਪੈਣਾ, ਥਾਂ ਨਹੀਂ ਪੈਂਦੀਆਂ।

ਮਨਸੁਖ ਨੂੰ ਕਹਿਣ ਲੱਗਾ, "ਪ੍ਰੇਮੀਆਂ! ਇਹ ਭੇਖ ਦਾ ਕਸੂਰ ਹੈ, ਤੇਰਾ ਵੀ ਕਸੂਰ ਨਹੀਂ ਹੈ। ਸੱਚ ਦਾ ਕਾਲ ਨਹੀਂ ਪਿਆ, ਸੱਚ ਹੈ ਤੇ ਮੇਰੇ ਸਤਿਗੁਰੂ ਇਹ ਕਹਿੰਦੇ ਨੇ ਕਿ ਦੇਖ ਭੁੱਲੇ ਹੋਏ ਜੀਵ! ਸੁਖ ਉਹਨੂੰ ਪ੍ਰਾਪਤ ਹੁੰਦੈ ਜਿਸਨੂੰ ਪੂਰਾ ਸਤਿਗੁਰੂ ਮਿਲ ਜਾਂਦੈ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਓਹੀ ਸੁਖ ਪਾਉਂਦੇ ਨੇ*
*ਮਿਲਦਾ ਹੈ ਸਤਿਗੁਰ ਜਿਨ੍ਹਾਂ ਨੂੰ –2*
*ਮਿਲਦਾ ਹੈ ਸਤਿਗੁਰ ਜਿਨ੍ਹਾਂ ਨੂੰ –2*
*ਓਹੀ ਸੁਖ ਪਾਉਂਦੇ ਨੇ* ............... –2

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ॥ ਪੰਨਾ – 877*



Sri Satguru Jagjit Singh Ji eLibrary NamdhariElibrary@gmail.com

ਐਹੋ ਜਿਹਾ ਦਰਵਾਜ਼ਾ ਹੈ ਰੱਬ ਦੇ ਰਸਤੇ ਨੂੰ ਜਾਣ ਵਾਲਾ ਜਿਸਨੂੰ ਦਸਵਾਂ ਦੁਆਰ ਕਹਿੰਦੇ ਨੇ। ਉਹਦੇ ਅੱਗੇ ਆਸਾ ਤੇ ਅੰਦੇਸਾ ਦੇ ਬਜਰ ਕਪਾਟ ਨੇ। ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਦ ਗੁਰੂ ਮਿਲ ਜਾਂਦੈ, ਇਹ ਫਿਰ ਨਿਹਕੇਵਲ ਹੋ ਜਾਇਆ ਕਰਦੈ, ਉਚੀ ਅਵਸਥਾ ਵਿਚ ਪ੍ਰਾਪਤੀ ਹਾਸਲ ਕਰ ਲੈਂਦਾ ਹੈ ਤੇ ਹਉਮੈ ਜਿਹੜੀ ਹੈ ਉਹਨੂੰ ਵਾਹਿਗੁਰੂ ਦਾ ਸ਼ਬਦ ਜਾਲ ਦਿਆ ਕਰਦਾ ਹੈ। ਹਉਮੈ ਇਕ ਨੁਕਤਾ ਹੈ, ਸਿਰਫ ਇਕ ਨੁਕਤਾ। ਇਸ ਦਾ ਬਹੁਤ ਵੱਡਾ ਵਿਸਥਾਰ ਨਹੀਂ ਹੈ। ਇਹ seed (ਬੀਜ) ਹੈ ਜਿਵੇਂ ਬਹੁਤ ਹੀ ਛੋਟਾ ਬੋਹੜ ਦਾ seed (ਬੀਜ) ਹੁੰਦੈ, ਖਸਖਸ ਦੇ ਦਾਣੇ ਨਾਲੋਂ ਵੀ ਛੋਟਾ ਹੁੰਦੈ ਪਰ ਵਿਸਥਾਰ ਕਿੰਨਾ ਹੈ ਉਸ ਬੀਜ ਦੇ ਅੰਦਰ। ਇਸੇ ਤਰ੍ਹਾਂ ਇਹ ਇਕ ਨੁਕਤਾ ਹੈ। ਇਹ 'ਮਹਿਰਮ' ਸੀਗਾ। ਉਰਦੂ ਦਾ ਅੱਖਰ ਹੈ 'ਮਹਿਰਮ'। ਜੇ ਹੇਠਾਂ ਨੁਕਤਾ ਲਗ ਜਾਵੇ ਤਾਂ 'ਮੁਜਰਮ' ਬਣ ਜਾਂਦੈ। ਇਕ ਨੁਕਤੇ ਦਾ ਫਰਕ ਹੈ ਸਾਰਾ ਹੀ। ਉਸ ਹਉਮੈ ਦੇ ਨੁਕਤੇ ਨੇ ਇਹਨੂੰ ਪ੍ਰਮੇਸ਼ਰ ਨਾਲੋਂ ਤੋੜ ਕੇ ਦੁਖੀ ਕਰ ਦਿਤਾ। ਇਹਦਾ ਜੇ ਹਉਮੈ ਦਾ ਨੁਕਤਾ ਟੁੱਟ ਜਾਵੇ – ਨਾਮ ਜਪਣ ਦੇ ਨਾਲ, ਫੇਰ ਕੀ ਹੁੰਦੈ? ਸਾਰਾ ਸੰਸਾਰ ਹੀ ਆਪਣਾ ਹੋ ਜਾਂਦੈ, ਪਤਾ ਹੀ ਨਹੀਂ ਲਗਦਾ, ਮੈਂ ਸੰਸਾਰ ਵਿਚ ਹਾਂ ਕਿ ਸੰਸਾਰ ਮੇਰੇ ਵਿਚ ਹੈ। ਵਿਚੇ ਹੀ ਘੁਲ ਮਿਲ ਜਾਂਦੈ, ਕੋਈ ਵੀ ਬੁਰਾ ਨਹੀਂ ਸਮਝਦਾ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***
***ਪੰਨਾ – 610***

ਇਕ ਨੁਕਤੇ ਨੇ ਹੀ ਇਹਨੂੰ ਮੁਜਰਮ ਬਣਾਇਆ ਹੋਇਐ। ਉਹ ਨੁਕਤਾ ਟੁੱਟ ਗਿਆ, ਫੇਰ ਆਪੇ ਹੀ ਆਪ ਹੋ ਜਾਂਦੈ। ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿੰਦੇ ਨੇ ਕਿ ਜਿਹੜੀ ਹਉਮੈ ਹੈ ਇਹਨੂੰ ਸ਼ਬਦ ਜਾਲਦੈ। ਕੋਈ ਦੁਕਾਨ ਤਾਂ ਹੈ ਨਹੀਂ ਇਹਦੀ ਲੇਕਿਨ ਗੁਰੂ ਮਹਾਰਾਜ ਨੇ ਇਸ਼ਾਰਾ ਕਰ ਦਿਤਾ –

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥ ਪੰਨਾ – 283***

ਫੇਰ ਮੁੱਲ ਕੀ ਦੇਣਾ ਚਾਹੀਦੈ ਇਹਦਾ? ਪੈਸੇ ਟਕੇ, ਘਰ ਬਾਰ? ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਨਹੀਂ, ਹੰਗਤਾ ਤੇ ਮਮਤਾ ਦੇ ਦਿਓ ਇਹਦੇ ਬਦਲੇ। ਜਿਹੜੀ I and My ਹੈ, (ਮੈਂ ਤੇ ਮੇਰੀ ਹੈ) ਇਹਨੂੰ ਇਹਦੇ ਹਵਾਲੇ ਕਰ, ਇਹ ਬਹੁਤ ਭੈੜੀ ਚੀਜ਼ ਹੈ। ਐਨੀ ਗੰਦੀ ਚੀਜ਼ ਨੂੰ ਇਹ ਸੰਸਾਰ ਆਪਣੇ ਕੋਲ ਰੱਖੀ ਬੈਠਾ ਹੈ, ਨਹੀਂ ਤਾਂ ਇਹ ਰੱਬ ਬਣ ਜਾਵੇ ਜੇ ਇਹ ਦੋ ਚੀਜ਼ਾਂ ਆਪਣੇ 'ਚੋਂ ਕੱਢ ਦੇਵੇ, ਫੇਰ ਫਰਕ ਨਹੀਂ ਹੋਇਆ ਕਰਦਾ –

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ – 1375***

'ਮੈਂ' ਕਿਉਂ ਸੀ ਕਿਉਂਕਿ ਹੰਗਤਾ ਨੂੰ ਕੋਲ ਰੱਖੀ ਬੈਠਾ ਸੀ। ਜਦੋਂ ਹੰਗਤਾ ਤੇ ਮਮਤਾ ਛੱਡ ਦਿਤੀ, ਫੇਰ ਬਾਕੀ ਕੀ ਰਹਿ ਗਿਆ, ਮੈਂ ਮਰ ਗਈ, ਕਹਿੰਦੇ, ਹਉਂ ਮੂਆ ਖੁਦਾ ਹੂਆ। ਫੇਰ ਤਾਂ ਬਾਕੀ ਕੁਛ ਨਾ ਰਿਹਾ, ਇਕ ਪਰਮੇਸ਼ਰ ਰਹਿ ਗਿਆ। ਪਹਿਲਾਂ ਵੀ ਪ੍ਰਮੇਸ਼ਰ ਹੈ –

***ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥***
***ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ॥***
***ਪੰਨਾ – 705***

ਪਹਿਲਾਂ ਵੀ ਇਹ ਹੀ ਸੀ, ਅੱਜ ਸਾਰਿਆਂ ਵਿਚ ਵੀ ਇਹੀ ਹੈ ਤੇ ਅੰਤ ਵਿਚ ਵੀ ਇਹ ਹੀ ਹੋਵੇਗਾ ਤੇ 'ਮੈਂ' 'ਤੂੰ' ਕਿਥੋਂ ਬਣ ਗਏ? ਕਹਿੰਦੇ ਹਉਮੈ ਨੇ ਬਣਾ ਦਿਤੇ।

***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥ ਪੰਨਾ – 946***

ਨਾਮ ਨੂੰ ਭੁੱਲ ਗਿਆ। ਇਹ ਜਿਹੜਾ ਗਿਆਨ ਸੀ, ਇਹ ਤੂੰ ਭੁੱਲ ਗਿਆ ਕਿ ਇਹ ਸਾਰਾ ਇਕੋ ਹੀ ਹੈ, ਦੂਜਾ ਨਹੀਂ ਹੈ।

***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ – 294***

ਕੋਈ ਵੀ ਨਹੀਂ ਹੈ ਉਹਦੇ ਬਗੈਰ ਤਾਂ। ਕਹਿੰਦੇ, ਗੁਰਮੁਖ ਦੀ ਕ੍ਰਿਪਾ ਨਾਲ ਇਸ ਗਿਆਨ ਨੂੰ ਹਿਰਦੇ 'ਚ ਵਸਾ ਕੇ ਪਰਮ ਸੁੱਖੀ ਹੋ ਜਾ ਪਰ ਇਹ ਮਿਲਣਾ ਨਹੀਂ ਹੈ ਜਦ ਤਕ ਨਾਮ ਨਹੀਂ ਮਿਲਦਾ, ਓਨਾਂ ਚਿਰ ਇਹ ਹਉਮੈ ਨਹੀਂ ਮਿਟਦੀ। ਹੁਣ ਨਾਮ ਦਾ ਮੁੱਲ ਕੀ ਦੇਣੈ? ਪਹਿਲਾਂ ਹੀ ਕਹਿ ਦਿਤਾ ਮਹਾਰਾਜ ਨੇ ਕਿ ਨਾਮ ਲੈਣਾ ਹੈ? ਕਹਿੰਦਾ, "ਹਾਂ।"

ਸਾਡੇ ਤਾਂ ਐਵੇਂ ਗਿਣਤੀ ਕਰੀਂ ਜਾਂਦੇ ਨੇ ਕਿ ਐਨਿਆਂ ਨੂੰ ਅੰਮ੍ਰਿਤ ਛਕਾ ਦਿਤਾ, ਐਨਿਆਂ ਨੂੰ ਛਕਾ ਦਿਤਾ।

ਐਨਾ ਸਸਤਾ ਤਾਂ ਨਹੀਂ ਨਾਮ ਮਿਲਦਾ, ਪ੍ਰੇਮੀਆਂ! ਨਾਮ ਤਾਂ ਬਹੁਤ ਔਖਾ ਹੈ, ਬਹੁਤ ਔਖਾ ਮਿਲਦੈ ਜ਼ਿੰਦਗੀ ਵਿਚ। ਜੇ ਕ੍ਰਿਪਾ ਹੋ ਜਾਵੇ ਪੂਰੀ ਤਾਂ ਨਾਮ ਮਿਲਦੈ। ਇਹਨੂੰ ਚਾਹੇ ਅੰਮ੍ਰਿਤ ਕਹਿ ਲਓ, ਚਾਹੇ ਨਾਮ ਕਹਿ ਲਓ, ਗੱਲ ਇਕੋ ਹੀ ਹੈ ਕਿਉਂਕਿ ਮਹਾਰਾਜ ਜੀ ਨੇ ਐਸਾ ਫੁਰਮਾਨ ਕੀਤਾ ਹੈ ਕਿ ਇਹ ਹੀ ਨਾਮ ਅੰਮ੍ਰਿਤ ਹੈ –

***ਸੰਤਸੰਗਿ ਅੰਤਰਿ ਪ੍ਰਭੁ ਡੀਠਾ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ॥***
***ਸਗਲ ਸਮਿਗ੍ਰੀ ਏਕਸੁ ਘਟ ਮਾਹਿ॥***
***ਅਨਿਕ ਰੰਗ ਨਾਨਾ ਦ੍ਰਿਸਟਾਹਿ॥***
***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਪੰਨਾ – 293***

ਨਾਮ ਬਾਹਰੋਂ ਨਹੀਂ ਮਿਲਦਾ, ਇਹ ਤਾਂ ਰੋਮ ਰੋਮ ਵਿਚ ਰਮੀ ਹੋਈ ਗਿਆਨ ਦੀ ਪ੍ਰਕਾਸ਼ਮਈ ਪ੍ਰਬਲ ਸ਼ਕਤੀ ਹੈ।

***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293***

ਐਨਾ ਅਨੰਦ ਹੈ, ਐਨੀ ਅਫੁਰ ਅਵਸਥਾ ਹੈ ਕਿ ਉਹ ਦੱਸੀ ਹੀ ਨਹੀਂ ਜਾ ਸਕਦੀ। ਸੁਰਤ ਅਨੰਦ ਤਾਂ ਮਾਣਦੀ ਹੈ ਪਰ ਉਸ ਆਨੰਦ ਵਿਚ ਪੂਰਨ ਰੂਪ ਵਿਚ ਲੀਨ ਹੋਈ ਹੋਣ ਕਰਕੇ ਕੁਛ ਦਸ ਨਹੀਂ ਸਕਦੀ।



Sri Satguru Jagjit Singh Ji eLibrary NamdhariElibrary@gmail.com

*ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਪੰਨਾ - 293*

ਜਿਸ ਤੇ ਕ੍ਰਿਪਾ ਕਰਦੈ ਉਹ ਨੇ ਦੇਖ ਲਿਆ ਤੇ ਉਸੇ ਨੂੰ ਸੋਝੀ ਹੋ ਗਈ ਇਸ ਗੱਲ ਦੀ। ਸੋ ਇਹ ਨਾਮ ਜਿਸਨੂੰ ਅੰਮ੍ਰਿਤ ਨਾਮ ਕਹਿੰਦੇ ਨੇ, ਖੋਜਦਾ ਫਿਰਦੈ ਸਾਰਾ ਸੰਸਾਰ, ਪਰ ਇਹ ਹੱਥ ਨਹੀਂ ਆਇਆ ਕਰਦਾ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਬਿਨਾਂ ਗੁਰਾਂ ਤੋਂ ਨਾਮ ਨਹੀਂਓਂ ਮਿਲਦਾ,*
*ਖੋਜਦੀ ਹੈ ਸਾਰੀ ਦੁਨੀਆਂ - 2, 2.*
*ਮੇਰੇ ਪਿਆਰੇ, ਖੋਜਦੀ ਹੈ ਸਾਰੀ ਦੁਨੀਆਂ - 2, 2.*
*ਬਿਨਾਂ ਗੁਰਾਂ ਤੋਂ ਨਾਮ ਨਹੀਂਓਂ ਮਿਲਦਾ...- 2*

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥*
*ਪੰਨਾ - 649*

ਵਿਚਾਰ ਕਰ ਲਓ, ਪੂਰੇ ਸਤਿਗੁਰੂ ਤੋਂ ਬਗੈਰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਲੇਕਿਨ ਪੂਰੇ ਭਾਗ ਦੀ ਵੀ ਸ਼ਰਤ ਹੈ। ਪੂਰੇ ਭਾਗਾਂ ਵਾਲਿਆਂ ਨੂੰ ਸਤਿਗੁਰੂ ਕਿਵੇਂ ਮਿਲਦੈ, ਮਹਾਰਾਜ ਫੁਰਮਾਨ ਕਰਦੇ ਨੇ -

*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥*
*ਪੰਨਾ - 649*

ਪੂਰੇ ਭਾਗ ਬਣਨ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥ ਪੰਨਾ - 450*

ਗੁਰੂ ਮਿਲਣ ਤੇ ਉਹ ਫਿਰ ਕਰੇਗਾ ਕੀ? ਕਹਿੰਦੇ ਨਾਮ ਹੁੰਦੈ ਉਹਦੇ ਕੋਲ ਜਿਸ ਰਾਹੀਂ ਉਹ ਭਵਜਲ ਸੰਸਾਰ 'ਚੋਂ ਪਾਰ ਕਰ ਦਿੰਦਾ ਹੈ -

*ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ॥*
*ਪੰਨਾ - 1422*

ਨਾਮ ਰੂਪੀ ਰਤਨ ਉਹਦੇ (ਗੁਰੂ) ਕੋਲ ਹੋਇਆ ਕਰਦਾ ਹੈ ਉਹ ਰਤਨ ਕੱਢ ਕੇ ਪ੍ਰਗਾਸ ਕਰ ਦਿੰਦੈ ਜਦ ਅਤਿ ਦਇਆਲ ਹੁੰਦੈ। ਬਾਕੀਆਂ ਨੂੰ ਨਹੀਂ ਮਿਲਦਾ, ਹੋਰ ਸਭ ਵਾਂਝੇ ਰਹਿ ਜਾਂਦੇ ਹਨ।

*ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ*
*ਥਕਿ ਰਹੇ ਲਿਵ ਲਾਇ।।*
*ਬਿਨੁ ਸਤਿਗੁਰ ਕਿਨੈ ਨ ਪਾਇਓ*
*ਗੁਰਮੁਖਿ ਮਿਲੈ ਮਿਲਾਇ।। ਪੰਨਾ - 650*

ਬਗੈਰ ਗੁਰੂ ਤੋਂ ਨਾਮ ਨਹੀਂ ਪ੍ਰਾਪਤ ਹੋਇਆ ਕਰਦਾ। ਸੋ ਇਸ ਤਰ੍ਹਾਂ ਫੁਰਮਾਨ ਹੈ -

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥ ਪੰਨਾ - 283*

ਮੁੱਲ ਕੀ ਦੇਣੈ? ਮਹਾਰਾਜ ਕਹਿੰਦੇ -

*ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਪੰਨਾ - 283*

ਅਭਿਮਾਨ ਕਿਸਨੂੰ ਕਹਿੰਦੇ ਨੇ। ਹੰਗਤਾ ਤੇ ਮਮਤਾ। I and my ਨੂੰ; ਇਹ ਦੋ ਚੀਜ਼ਾਂ ਛੱਡ ਦੇ। ਬਾਰ-ਬਾਰ ਜ਼ਿਕਰ ਆਉਂਦਾ ਹੈ ਇਹਦਾ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਪੰਨਾ - 1102*

ਹੰਗਤਾ ਤੇ ਮਮਤਾ, ਇਹ ਚੀਜ਼ਾਂ ਜਿੰਨਾਂ ਚਿਰ ਤੇਰੇ ਕੋਲ ਹਨ ਤੇ ਤੂੰ ਕਹਿੰਦਾ ਹੈਂ, ਮੈਂ ਜਿਉਂਦਾ ਹਾਂ ਪਰ ਦੁਨੀਆਂ ਵਿਚ ਜਿਉਂਦਾ ਹੈ, ਰੱਬ ਦੇ ਘਰ ਵਿਚ ਨਹੀਂ ਜਿਉਂਦਾ। ਰੱਬ ਦੇ ਘਰ ਵਿਚ ਉਦੋਂ ਜੀਵੇਂਗਾ ਜਦ ਇਹ ਦੋ ਚੀਜ਼ਾਂ ਤੇਰੇ ਕੋਲੋਂ ਛੁਟ ਜਾਣਗੀਆਂ। ਫੇਰ ਪਰਮ ਜੀਵਨ ਤੈਨੂੰ ਮਿਲ ਜਾਵੇਗਾ। ਜਦ ਤਕ ਤੇਰੇ ਕੋਲ ਹੰਗਤਾ ਤੇ ਮਮਤਾ ਨੇ, ਉਦੋਂ ਤਕ ਤੂੰ ਮਰਿਆ ਹੋਇਆ ਹੈਂ, ਜਦ ਹੰਗਤਾ ਤੇ ਮਮਤਾ ਨਾ ਰਹੀ, ਫੇਰ ਨਾਮ ਹਿਰਦੇ ਵਿਚ ਵਸ ਜਾਂਦੈ।

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ।।*
*ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ - 142*

ਇਹ ਤਾਂ ਹਰਾਮ ਖਾਦੈਂ, ਜਿਉਂਦਾ ਨਹੀਂ ਹੈਂ। ਇਹ ਤਾਂ ਇਕ ਮਸ਼ੀਨ ਹੈ। ਜਿਵੇਂ ਮਸ਼ੀਨ ਵਿਚ, ਚੱਕੀ ਵਿਚ ਦਾਣੇ ਪਾਈ ਜਾਓ, ਆਟਾ ਕੱਢ ਕੱਢ ਸੁਟੀ ਜਾਂਦੀ ਹੈ। ਇਹ ਤੇਰੇ ਵਿਚ ਪਦਾਰਥ ਪੈਂਦੇ ਨੇ ਪ੍ਰੇਮੀਆਂ - ਵਧੀਆ ਤੋਂ ਵਧੀਆ, ਕੀਮਤੀ ਤੋਂ ਕੀਮਤੀ; ਵਿਸ਼ਟਾ ਬਣਾ ਬਣਾ ਸੁੱਟੀ ਜਾਨੈਂ। ਤੇਰੇ ਨਾਲੋਂ ਤਾਂ ਪਸ਼ੂ ਚੰਗੇ ਨੇ। ਗਊ ਦਾ ਗੋਬਰ ਲੈਂਦੇ ਨੇ, ਚੌਂਕਾ ਲਿਪਦੇ ਨੇ। ਉਹ ਪਵਿੱਤਰ ਗਿਣੀਐ। ਕੁਛ ਚੰਗਾ ਹੋਣੈ ਤਾਂ ਹੀ ਲਿਖਿਆ ਜਾਂਦੈ। ਤੇਰੇ ਖਾਧੇ ਹੋਏ ਪਦਾਰਥਾਂ ਨੂੰ ਤਾਂ ਕੋਈ ਦੇਖਦਾ ਵੀ ਨਹੀਂ, ਮੂੰਹ ਥੁੱਕਾਂ ਪੈਂਦੀਆਂ ਨੇ। ਆਪ ਹੀ ਨੱਕ ਵੱਟ ਕੇ ਲੰਘ ਜਾਂਦੈ। ਸੋ ਇਹ ਜਿਉਂਦਾ ਨਹੀਂ ਹੈ, ਮਰਿਆ ਹੋਇਆ ਹੈ।

ਦੋ ਤਰ੍ਹਾਂ ਦੀ ਜ਼ਿੰਦਗੀ ਹੁੰਦੀ ਹੈ, ਇਕ ਤਾਂ ਇਹ ਜਿਹੜੀ ਮਸ਼ੀਨ ਤੁਰਦੀ ਫਿਰਦੀ ਹੈ, ਇਹਨੂੰ ਗਲਤੀ ਦੇ ਨਾਲ ਜ਼ਿੰਦਗੀ ਕਹਿੰਦੇ ਹਨ। ਇਹ ਜ਼ਿੰਦਗੀ ਨਹੀਂ ਹੈ। ਮਹਾਰਾਜ ਕਹਿੰਦੇ, ਇਹ ਮਰਿਆ ਹੋਇਆ ਹੈ। ਇਕ ਮੁਰਦਾ ਉਹ ਹੁੰਦਾ ਹੈ ਜਿਹਦੇ ਸਰੀਰ ਵਿਚੋਂ ਚੇਤਨ ਕਲਾ ਨਿਕਲ ਜਾਂਦੀ ਹੈ, ਫੇਰ ਸਰੀਰ ਹਰਕਤ ਨਹੀਂ ਕਰਦਾ। ਇਕ ਮੁਰਦਾ ਉਹ ਹੁੰਦੈ ਜਿਹਦੇ ਵਿਚ ਨਾਮ ਦੀ ਕਰੰਟ ਨਹੀਂ ਹੁੰਦੀ। ਬੈਟਰੀ ਬਾਰੇ ਸਾਰੀ ਦੁਨੀਆਂ ਜਾਣਦੀ ਹੈ ਕਿ ਜਦੋਂ ਬੈਟਰੀ ਦੁਕਾਨ ਤੇ ਪਈ ਹੋਵੇ ਉਹਨੂੰ ਕਹਿੰਦੇ ਨੇ, ਆਹ ਬੈਟਰੀ ਦੇਈਂ ਕਿ ਮੈਂ ਇਹ ਕਾਰ ਸਟਾਰਟ ਕਰ ਲਵਾਂ। ਦੁਕਾਨਦਾਰ ਕਹਿੰਦਾ ਹੈ ਕਿ ਭਾਈ! ਇਹ ਬੈਟਰੀ ਤਾਂ dead (ਖਤਮ) ਹੈ। ਅਜੇ ਤਾਂ ਤੇਰੀ ਦੁਕਾਨ ਵਿਚੋਂ ਹੀ ਨਹੀਂ ਬਾਹਰ ਗਈ ਫੇਰ dead ਕਿਉਂ ਹੈ? ਕਹਿੰਦਾ, ਇਹਦੇ ਵਿਚ ਕਰੰਟ ਨਹੀਂ ਹੈ, ਚਾਰਜ ਨਹੀਂ ਹੋਈ।

ਸੋ ਸਰੀਰ ਚਾਰਜ ਹੁੰਦਾ ਹੈ ਨਾਮ ਦੇ ਨਾਲ। ਜੇ body ਚਾਰਜ ਨਹੀਂ ਹੋਈ ਨਾਮ ਦੇ ਨਾਲ ਤਾਂ ਕੀ ਹੋਏਗਾ? ਕਹਿੰਦੇ ਮੁਰਦਾ ਹੈ, ਮਹਾਰਾਜ ਨੇ ਵੀ ਮੁਰਦਾ ਹੀ ਕਿਹੈ ਇਹਨੂੰ? ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਹੰਗਤਾ ਤੇ ਮਮਤਾ ਛੱਡ ਦੇ। ਫੇਰ ਭਾਈ ਤੂੰ ਸੰਤਾਂ ਦੀ ਸੰਗਤ, ਸਤਿਸੰਗ ਕਰ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ ਪੰਨਾ - 72*



Sri Satguru Jagjit Singh Ji eLibrary NamdhariElibrary@gmail.com

ਜਿਥੇ ਨਾਮ ਦੀ ਵਿਚਾਰ ਹੁੰਦੀ ਹੈ, ਨਾਮੀਆਂ ਦੀ ਵਿਚਾਰ ਹੁੰਦੀ ਹੈ, ਨਾਮ ਦੀ ਮਹਿਮਾ ਦੀ ਵਿਚਾਰ ਹੁੰਦੀ ਹੈ, ਪ੍ਰਮੇਸ਼ਰ ਦੀ ਵਿਚਾਰ ਹੁੰਦੀ ਹੈ, ਉਹ ਭਾਈ! ਸਤਿਸੰਗ ਹੁੰਦਾ ਹੈ। ਉਨ੍ਹਾਂ ਸੰਤਾਂ ਦੀ ਸੰਗਤ ਕਰ।

ਬਾਕੀ ਜਿਹੜੇ ਪੁਆਇੰਟ ਨੇ, ਜੰਜਾਲ ਨੇ, ਜਿਨ੍ਹਾਂ ਵਿਚ ਤੂੰ ਫਸਿਆ ਪਿਆ ਹੈਂ, ਉਨ੍ਹਾਂ ਨੂੰ ਤੂੰ ਛੱਡਣ ਦਾ ਯਤਨ ਕਰ। ਜਦੋਂ ਇਹ ਚੀਜ਼ ਤੇਰੇ ਕੋਲ ਹੋ ਜਾਏਗੀ, ਫੇਰ ਜਦੋਂ ਤੂੰ ਸੰਸਾਰ ਤੋਂ ਜਾਏਂਗਾ, ਓਦੋਂ ਸੰਸਾਰ ਵਿਚ ਵੀ ਤੈਨੂੰ ਧੰਨ ਧੰਨ ਕਹਿਣਗੇ ਅਤੇ ਜਦੋਂ ਦਰਗਾਹ ਦੇ ਅੰਦਰ ਜਾਏਂਗਾ, ਜਿੰਨਿਆਂ ਮੰਡਲਾਂ ਵਿਚੋਂ ਲੰਘ ਕੇ ਜਾਏਂਗਾ, ਤੇਰਾ ਸਤਿਕਾਰ ਹੀ ਹੁੰਦਾ ਚਲਿਆ ਜਾਏਗਾ।

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ।। ਪੰਨਾ - 283***

ਮੁਖ ਉਜਲਾ ਹੋ ਜਾਏਗਾ ਦਰਗਾਹ ਦੇ ਅੰਦਰ ਕਿਉਂਕਿ ਨਾਮ ਦਾ ਵਪਾਰ ਹੈ। ਪਰ ਮਹਾਰਾਜ ਕਹਿੰਦੇ, ਅਫਸੋਸ! ਇਹ ਬੈਠਣ ਸੁਣਨ ਵਾਲੇ, ਬੈਠੇ ਹੋਏ ਪੁਰਸ਼ ਇਹ ਸਾਡੀ ਗੱਲ ਦੇ ਉਤੇ ਯਕੀਨ ਨਹੀਂ ਲਿਆਉਂਦੇ, ਦ੍ਰਿੜ੍ਹਤਾ 'ਚ ਨਹੀਂ ਆਉਂਦੇ, ਯਤਨ ਨਹੀਂ ਕਰਦੇ ਕਿ ਨਾਮ ਦਾ ਧਨ ਇਕੱਠਾ ਕਰ ਲਈਏ। ਸੁੱਤਿਆਂ ਦੀ ਰਾਤ ਲੰਘ ਜਾਂਦੀ ਹੈ, ਗੱਲਾਂ ਕਰਦਿਆਂ ਦਾ ਦਿਨ ਲੰਘ ਜਾਂਦਾ ਹੈ, ਖਾਂਦੇ ਪੀਂਦਿਆਂ ਲੰਘ ਜਾਂਦੈ। ਕਹਿੰਦੇ ਅਤਿ ਕੀਮਤੀ ਜਿਹੜਾ ਸਰੀਰ ਪ੍ਰਾਪਤ ਹੋਇਆ ਹੈ, ਉਹ ਇਹਦੇ ਹੱਥੋਂ ਨਿਕਲ ਜਾਂਦਾ ਹੈ।

***ਧਾਰਨਾ - ਤੇਰਾ ਜਨਮ ਅਮੋਲਕ ਹੀਰਾ,***
***ਕੌਡੀਆਂ ਦੇ ਭਾਅ ਜਾਂਵਦਾ - 2, 2.***
***ਮੇਰੇ ਪਿਆਰੇ, ਕੌਡੀਆਂ ਦੇ ਭਾਅ ਜਾਂਵਦਾ-2, 2***
***ਤੇਰਾ ਜਨਮ ਅਮੋਲਕ ਹੀਰਾ,.......।***

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥***
***ਪੰਨਾ - 156***

ਐਸਾ ਕੀਮਤੀ ਸਰੀਰ ਬਗੈਰ ਨਾਮ ਦੇ, ਮਹਾਰਾਜ ਕਹਿੰਦੇ ਕੌਡੀ ਦੇ ਬਦਲੇ ਜਾ ਰਿਹਾ ਹੈ।

***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ - 283***

ਸੰਸਾਰ ਇਸ ਗੱਲ ਨੂੰ ਸੁਣ ਕੇ ਨਹੀਂ ਮੰਨਦਾ ਕਿਉਂਕਿ ਜਦ ਤਕ ਮਨ ਸਾਥ ਨਹੀਂ ਦਿੰਦਾ ਉਦੋਂ ਤੱਕ ਕੋਈ ਗੱਲ ਨਹੀਂ ਬਣਦੀ। ਇਸ ਤਰ੍ਹਾਂ ਮਹਾਰਾਜ ਕਹਿੰਦੇ - ***ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ।। (ਪੰਨਾ - 650)*** ਸਿੱਧ ਵੀ, ਸਾਧਕ ਵੀ, ਦੇਵਤੇ ਵੀ, ਮੁਨੀ ਵੀ, ਨਾਮ ਨੂੰ ਖੋਜਦੇ ਫਿਰਦੇ ਨੇ।

ਜੇ ਤਾਂ ਗੁਰੂ ਮਿਲ ਗਿਆ ਫੇਰ ਤਾਂ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ; ਜੇ ਨਹੀਂ ਮਿਲਿਆ, ਫੇਰ ਨਹੀਂ ਹੁੰਦੀ। ਗੁਰੂ ਵੀ ਕੋਈ ਛੋਟਾ ਮੋਟਾ ਨਹੀਂ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਨਾ - 1291***

ਇਸ ਮੇਰੇ ਸਰੀਰ ਦੇ ਅੰਦਰ ਪ੍ਰਮੇਸ਼ਰ ਦਾ ਘਰ ਦਿਖਾ ਦੇਵੇ, ਉਹ ਸਤਿਗੁਰੂ ਹੁੰਦੈ। ਪਹਿਲਾਂ ਮੰਤਰ ਮਿਲਦੈ ਗੁਰੂ ਤੋਂ, ਮੰਤਰ ਤੋਂ ਫੇਰ ਹਉਮੈ ਦਾ ਨੁਕਤਾ ਦੂਰ ਹੁੰਦੈ। ਜਦ ਨੁਕਤਾ ਦੂਰ ਹੋ ਜਾਏ, ਕਹਿੰਦੇ ਪ੍ਰਮੇਸ਼ਰ ਦਾ ਨਾਮ ਮਿਲ ਜਾਇਆ ਕਰਦੈ-

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥***
***ਭਾਈ ਗੁਰਦਾਸ ਜੀ, ਵਾਰ 13/2***

'ਵਾਹਿਗੁਰੂ' ਮੰਤਰ ਮਿਲ ਗਿਆ ਫੇਰ ਇਹਨੇ ਹਉਮੈ ਦਾ ਨਾਸ਼ ਕਰ ਦੇਣੈ। ਜਦ ਹਉਮੈ ਦਾ ਨਾਸ਼ ਹੋ ਗਿਆ, ਫੇਰ ਨਾਮ ਦੀ ਵੀ ਪ੍ਰਾਪਤੀ ਹੋ ਜਾਣੀ ਹੈ। ਮੰਤਰ ਵਾਸਤੇ ਹੀ ਮਹਾਰਾਜ ਨੇ ਕਿਹਾ ਹੈ -

***ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਪੰਨਾ - 1357***

ਜਿਨ੍ਹਾਂ ਨੂੰ ਹਾਲੇ ਗੁਰੂ ਤੋਂ ਮੰਤਰ ਹੀ ਨਹੀਂ ਮਿਲਿਆ ਉਨ੍ਹਾਂ ਦਾ ਜਨਮ ਧਿਰਕਾਰਯੋਗ ਹੈ, ਭ੍ਰਿਸ਼ਟਿਆ ਹੋਇਆ ਜਨਮ ਹੈ, ਸੌ ਵਾਰੀ ਫਿੱਟੇ ਮੂੰਹ ਹੈ -

***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ - 1357***

ਕੁੱਤੇ, ਬਿੱਲੇ, ਸੱਪ, ਗਧੇ, ਕਾਂ ਦੇ ਬਰਾਬਰ ਉਨ੍ਹਾਂ ਦਾ ਜੀਵਨ ਹੈ - ਚਾਹੇ ਪੜ੍ਹੇ ਲਿਖੇ ਹੋਏ ਨੇ, ਚਾਹੇ ਪੈਸੇ ਵਾਲੇ ਨੇ, ਕੁਛ ਵੀ ਹੈ। ਇਸ ਤਰ੍ਹਾਂ ਦੇ ਨਾਲ ਭੇਖਾਂ ਦੇ ਨਾਲ ਨਹੀਂ ਕੁਛ ਵੀ ਬਣਦਾ, ਚਾਹੇ ਕਿੰਨੇ ਹੀ ਭੇਖ ਧਾਰ ਲਓ, ਨਹੀਂ ਮਨ ਨੂੰ ਸ਼ਾਂਤੀ ਆਉਂਦੀ। ਇਹ ਸ਼ਾਂਤੀ ਤਾਂ ਓਦੋਂ ਆਉਣੀ ਹੈ ਜਦ ਨਾਮ ਦੀ ਪ੍ਰਾਪਤੀ ਹੋਣੀ ਹੈ ਤੇ ਇਸ ਨਾਮ ਦੀ ਜਿਹੜੀ ਚਾਬੀ ਹੈ ਉਹ ਗੁਰੂ ਕੋਲ ਸੌਂਪੀ ਹੋਈ ਹੈ।

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ।।***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ।।***
***ਪੰਨਾ - 205***

ਜਿੰਨਾਂ ਚਿਰ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਚਾਬੀ ਨਹੀਂ ਮਿਲਦੀ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕੁੰਜੀ ਪਿਆਰਿਆ!***
***ਮਿਲ ਜਾਊ ਪੂਰਿਆਂ ਗੁਰਾਂ ਤੋਂ - 2, 2***

***ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ***
***ਅਵਰ ਨ ਕੁੰਜੀ ਹਥਿ॥ ਪੰਨਾ - 1237***

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥ ਪੰਨਾ - 124***

ਸੋ ਇਸ ਤਰ੍ਹਾਂ ਜਦ ਤਕ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਗੁਰੂ ਦਾ ਮਿਲਾਪ ਨਹੀਂ ਹੁੰਦਾ, ਓਨੀ ਦੇਰ ਤਕ ਅੰਦਰਲੇ ਰਸਤੇ ਦਾ ਪਤਾ ਨਹੀਂ ਲਗਦਾ। ਬਾਕੀ ਜੋ ਨੱਚਣਾ, ਟੱਪਣਾ, ਨੰਗੇ ਰਹਿਣਾ, ਨਾ ਰੋਟੀ ਖਾਣੀ ਇਹ ਸਾਰੇ ਫੋਕਟ ਕਰਮ ਨੇ, ਇਕ



Sri Satguru Jagjit Singh Ji eLibrary NamdhariElibrary@gmail.com

ਕੌਡੀ ਦਾ ਮੁੱਲ ਨਹੀਂ ਹੈ ਇਨ੍ਹਾਂ ਦਾ। ਦੁਨੀਆਂ ਨੂੰ ਤਾਂ ਬੇਸ਼ੱਕ ਠੱਗ ਲਵੇ, ਦੁਨੀਆਂ ਨੂੰ ਧੋਖਾ ਦੇ ਲਵੇ ਕਿਉਂਕਿ ਅੰਨ੍ਹੀ ਹੈ, ਗਿਆਨ ਨਹੀਂ ਹੈ ਇਨ੍ਹਾਂ ਦੇ ਅੰਦਰ, ਪਤਾ ਨਹੀਂ ਲਗਦਾ, ਧੋਖਾ ਖਾ ਜਾਂਦੇ ਨੇ। ਮਾੜਾ ਜਿਹਾ ਇਥੇ ਕੋਈ ਪਾਖੰਡੀ ਸਿਰ ਖਿੰਡਾ ਕੇ ਬਹਿ ਜਾਵੇ, ਸਾਰੇ ਧੋਖਾ ਖਾ ਜਾਣਗੇ। ਚਾਰ ਦਸ ਏਜੰਟ ਰੱਖ ਲਵੇ ਕਿ ਤੁਹਾਨੂੰ ਐਨਾ ਐਨਾ ਹਿੱਸਾ ਮਿਲੇਗਾ, ਸਾਰੇ ਹੀ ਸ਼ਹਿਰ 'ਚ ਰੌਲਾ ਪਾ ਦੇਣਗੇ ਕਿ ਸੰਤ ਤਾਂ ਦਸ ਦਿਨ ਦੇ ਧੁੱਪੇ ਹੀ ਬੈਠੇ ਨੇ ਤੇ ਨਤੀਜਾ ਕੀ ਹੋਏਗਾ? ਧੋਖਾ ਦੇਵੇਗਾ। ਮਹਿਮਾ ਕਰਾ ਲਏਗਾ, ਧਨ ਆ ਜਾਏਗਾ; ਗੱਲ ਤਾਂ ਬਣੀ ਨਾ। ਮਹਾਰਾਜ ਕਹਿੰਦੇ, ਦੇਖ ਤੂੰ ਬੜਾ ਭਾਰਾ ਜ਼ੁਲਮ ਕਰਨ ਲੱਗਿਆ ਹੋਇਆ ਹੈਂ। ਹੋ ਸਕਦਾ ਹੈ ਇਥੇ ਦੁਨੀਆਂ ਵਿਚ ਅਜੇ ਕਾਨੂੰਨ ਨਾ ਬਣਿਆ ਹੋਵੇ ਪਰ ਰੱਬ ਦੀ ਕਚਹਿਰੀ ਵਿਚ ਕਾਨੂੰਨ ਹੈ, ਓਥੇ ਜਾ ਕੇ ਲੇਖਾ ਦੇਣਾ ਪੈਣਾ ਹੈ –

***ਧਾਰਨਾ – ਅੰਤ ਵਾਸਾ ਨਰਕਾਂ ਵਿਚ ਹੋਵੇ,***
***ਭੇਖ ਨ ਕਰਾਈਂ ਦਾਤਿਆ – 2, 2.***

***ਭੇਖ ਦਿਖਾਇ ਜਗਤ ਕਉ ਲੋਗਨ ਕੋ ਬਸਿ ਕੀਨ॥***
***ਅੰਤ ਕਾਲਿ ਕਾਤੀ ਕਟਿਓ ਬਾਸ ਨਰਕ ਮੋ ਲੀਨ॥***
***ਪਾਤਸ਼ਾਹੀ ੧੦***

ਭੇਖ ਕਰਨਾ ਆਪਣੇ ਆਪ ਨੂੰ ਧੋਖਾ ਦੇਣਾ ਹੈ। ਭੇਖ ਕਰਕੇ ਸੰਸਾਰ ਨੂੰ ਧੋਖਾ ਦਿੰਦਾ ਹੈ। ਮਹਾਰਾਜ ਕਹਿੰਦੇ ਇਥੇ ਤਾਂ ਧੋਖਾ ਦੇ ਲਏਂਗਾ, ਲੋਕਾਂ ਨੂੰ ਵਸ 'ਚ ਕਰ ਲਏਂਗਾ, ਲੇਕਿਨ 'ਅੰਤ ਕਾਲ ਕਾਤੀ ਕਟਿਓ' ਕਾਲ ਦੀ ਕੈਂਚੀ ਦੇ ਨਾਲ ਕੱਟਿਆ ਜਾਏਂਗਾ – 'ਬਾਸ ਨਰਕ ਮੋ ਲੀਨ'

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਭਾਈ ਮਨਸੁਖ! ਮੇਰੇ ਸਤਿਗੁਰੂ ਤਾਂ ਸਾਫ ਸਾਫ ਗੱਲਾਂ ਕਹਿੰਦੇ ਨੇ। ਉਹ ਕਹਿੰਦੇ ਨੇ – ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ। ਕਿਸੇ ਨੂੰ ਨਹੀਂ ਕਹਿੰਦੇ ਕਿ ਕਾਰੋਬਾਰ ਛੱਡ ਕੇ ਚਲੇ ਜਾਓ, ਕਿਸੇ ਨੂੰ ਨਹੀਂ ਕਹਿੰਦੇ ਕਿ ਇਸ ਕਿਸਮ ਦੇ ਕੱਪੜੇ ਪਹਿਨ ਲਓ। ਉਹ ਤਾਂ ਜਿਹਨੇ ਪਹਿਨੇ ਨੇ –

***ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥***
***ਪੰਨਾ – 470***
***ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥***
***ਪੰਨਾ – 1191***

ਉਹ ਤਾਂ ਟੋਕਦੇ ਨੇ ਇਨ੍ਹਾਂ ਚੀਜ਼ਾਂ ਨੂੰ ਕਿ ਨਾ ਕਰੋ ਇਹ ਗੱਲਾਂ। ਇਹ ਬਚਨ ਸੁਣ ਕੇ ਭਾਈ ਮਨਸੁਖ ਕਹਿਣ ਲੱਗਿਆ, "ਭਾਈ ਭਗੀਰਥ! ਠੀਕ ਹੈ ਤੇਰੀਆਂ ਗੱਲਾਂ ਮੈਨੂੰ ਚੰਗੀਆਂ ਵੀ ਬਹੁਤ ਲਗਦੀਆਂ ਨੇ, ਖਿੱਚ ਵੀ ਮੈਨੂੰ ਪਾਉਂਦੀਆਂ ਨੇ ਪਰ ਮੈਂ ਭਰੋਸਾ ਕਿਵੇਂ ਕਰਾਂ ਕਿਉਂਕਿ ਮੈਂ ਸਾਰੀ ਜ਼ਿੰਦਗੀ ਧੋਖਾ ਹੀ ਖਾਂਦਾ ਰਿਹਾ। ਇਕ ਯੋਗੀ ਮਿਲਿਆ, ਉਹਨੇ ਮੈਨੂੰ ਇਹ ਗੱਲ ਕਹੀ ਕਿ ਦੇਖ ਪ੍ਰੇਮੀਆ! ਰਿਧੀਆਂ ਸਿੱਧੀਆਂ, ਤਾਕਤਾਂ ਬੜੀ ਅੱਛੀ ਚੀਜ਼ ਹੁੰਦੀ ਹੈ, ਲੋਕ ਮਗਰ ਲਗ ਜਾਂਦੇ ਨੇ, ਕਾਰੋਬਾਰ ਐਨਾ ਚੱਲ ਜਾਂਦਾ ਹੈ ਕਿ ਹਿਸਾਬ-ਕਿਤਾਬ ਨਹੀਂ ਰਹਿੰਦਾ। ਤਾਕਤਾਂ ਅੰਦਰ ਆ ਜਾਂਦੀਆਂ ਨੇ ਲੇਕਿਨ ਉਹ ਲੈਣ ਵਾਸਤੇ ਕੁਛ ਸਾਧਨਾ ਕਰਨੀ ਪੈਂਦੀ ਹੈ। ਕਹਿੰਦੇ ਉਹਨੇ ਮੈਨੂੰ ਅਸ਼ਟ ਯੋਗ ਦੀ ਕਿਰਿਆ ਦਸ ਦਿਤੀ। ਮੈਂ ਅਸ਼ਟਯੋਗ ਵੀ ਕਰਦਾ ਰਿਹਾਂ। ਕਹਿੰਦੇ, "ਕਿਸ ਤਰ੍ਹਾਂ?"

ਕਹਿੰਦੇ, ਛੇ ਚੱਕਰ ਹੋਇਆ ਕਰਦੇ ਨੇ ਰੀੜ੍ਹ ਦੀ ਹੱਡੀ ਵਿਚ। ਇਹਦੇ ਆਲੇ ਦੁਆਲੇ ਦੋ ਨਾੜੀਆਂ ਜਾਂਦੀਆਂ ਨੇ – ਇੜਾ ਤੇ ਪਿੰਗਲਾ। ਇਕ ਵਿਚਲੀ ਨਾੜ ਹੈ, ਉਹ 8 ਦੀ ਸ਼ਕਲ ਬਣਾਉਂਦੀ ਜਾਂਦੀ ਹੈ ਤੇ ਉਹਨੂੰ 'ਸੁਖਮਨਾ ਨਾੜੀ' ਕਹਿੰਦੇ ਨੇ, ਇਹ ਛੇ ਥਾਵਾਂ ਤੋਂ ਬੰਦ ਹੈ। ਉਥੇ ਮਾਸ ਦੀਆਂ ਬੋਟੀਆਂ ਨੇ, ਉਹਦੇ ਹੇਠਲੇ ਪਾਸੇ ਇਕ ਭੁਜੰਗਾ ਨਾੜੀ ਹੈ, ਉਥੇ ਕੁੰਡਲਨੀ ਹੈ electronic centre ਹੈ ਸਾਰੀ body ਦਾ। ਜੇ ਉਹ ਹਿੱਲ ਜਾਵੇ, ਸੁੱਤੀ ਪਈ ਜਾਗ ਪਵੇ, ਕਹਿੰਦੇ ਸਾਰੀਆਂ ਹੀ ਸ਼ਕਤੀਆਂ ਅੰਤਰਜਾਮਤਾ, ਪ੍ਰੇਰਣਾ ਸ਼ਕਤੀ ਸਭ ਆ ਜਾਣਗੀਆਂ। ਕਹਿਣ ਲੱਗੇ, ਮੈਨੂੰ ਪਹਿਲਾਂ ਤਾਂ ਕਰਮ ਕਰਾਇਆ ਉਨ੍ਹਾਂ ਨੇ – ਧੋਤੀ ਕਿਰਿਆ, ਨੇਤੀ ਕਿਰਿਆ, ਬਸਤੀ, ਕਪਾਲੀ, ਭਾਠੀ ਅਤੇ ਤ੍ਰਾਟਕ।

"ਇਹ ਕੀ ਹੁੰਦੈ?"

ਇਹ ਹੁੰਦੈ – ਧੋਤੀ ਜਿਹਨੂੰ ਕਹਿੰਦੇ ਨੇ, ਚਾਰ ਉਂਗਲ ਦੀ ਲੀਰ ਹੁੰਦੀ ਹੈ-15 ਹੱਥ ਲੰਮੀ (ਸਾਢੇ 22 ਫੁੱਟ), ਉਹਨੂੰ ਪਾਣੀ ਵਿਚ ਭਿਉਂ ਲੈਂਦੇ ਨੇ, ਉਹ ਅੰਦਰ ਮਿਹਦੇ ਵਿਚ ਲੈ ਜਾਣੀ ਹੈ, ਫੇਰ ਖਿੱਚ ਲੈਣੀ ਹੈ, ਮਿਹਦਾ ਸਾਫ ਹੋ ਜਾਂਦਾ ਹੈ। ਫੇਰ ਦੂਸਰੀ ਕ੍ਰਿਆ ਹੁੰਦੀ ਹੈ ਨੇਤੀ। ਇਹ ਦੋ ਗਿੱਠ ਦਾ ਸੂਤ ਦਾ ਗੋਲਾ ਹੁੰਦੈ। ਇਹਦੇ ਨਾਲ ਨੱਕ ਨੂੰ ਸਾਫ ਕਰੀਦੈ। ਤੀਸਰੀ ਹੁੰਦੀ ਹੈ 'ਬਸਤੀ'। ਪਾਣੀ ਵਿਚ ਬੈਠ ਕੇ ਪਾਣੀ ਅੰਦਰ ਖਿਚ ਕੇ ਮਲਮੂਤਰ ਸਾਫ ਕਰੀਦੈ। ਫਿਰ ਚੌਥੀ ਹੁੰਦੀ ਹੈ ਇਕ ਕਿਰਿਆ ਜਿਸ ਨੂੰ 'ਤ੍ਰਾਟਕ' ਕਹਿੰਦੇ ਨੇ। ਇਹ ਇਕ ਨੁਕਤਾ ਲੈ ਲੈਣਾ, ਉਹਦੇ ਤੇ ਓਨੀ ਦੇਰ ਅੱਖ ਨਹੀਂ ਝਮਕਣੀ ਜਿੰਨਾਂ ਚਿਰ ਅੱਖਾਂ 'ਚੋਂ ਪਾਣੀ ਆ ਕੇ ਡਿੱਗ ਨਾ ਪਵੇ। ਜਦੋਂ ਤ੍ਰਾਟਕ ਸਿੱਧ ਹੋ ਜਾਂਦੈ ਤਾਂ ਸ਼ਕਤੀ ਆ ਜਾਂਦੀ ਹੈ। ਪੰਜਵੀਂ ਹੁੰਦੀ ਹੈ 'ਕਪਾਲੀ'। ਕਹਿੰਦੇ ਉਹ ਜ਼ੋਰ-ਜ਼ੋਰ ਨਾਲ ਜਿਵੇਂ ਧੌਂਕਣੀ ਹੁੰਦੀ ਹੈ, ਆਪਣੇ ਪੇਟ ਨੂੰ ਹਿਲਾਈ ਜਾਣੈ, ਜ਼ੋਰ ਜ਼ੋਰ ਦੀ – ਅੰਦਰ ਨੂੰ, ਬਾਹਰ ਨੂੰ। ਜ਼ੋਰ ਨਾਲ ਖਿੱਚਦੇ ਨੇ। ਗੁਰੂ ਮਹਾਰਾਜ ਨੇ ਤਾਂ ਨਾਮ ਜਪਣਾ ਬਹੁਤ ਸਹਿਜ ਨਾਲ ਦੱਸਿਆ ਹੈ-

***ਸੁਖੁ ਸਹਿਜੇ ਜਪਿ ਰਿਦੈ ਮੁਰਾਰਿ॥ ਪੰਨਾ – 222***

ਸੁਖ ਨਾਲ ਜਪੋ, ਸਰੀਰ ਦਾ ਪਤਾ ਹੀ ਨਾ ਰਹੇ। ਇਹ ਤਾਂ ਮਕੈਨੀਕਲ ਚੀਜ਼ ਹੋ ਜਾਂਦੀ ਹੈ। ਵਾਹਿਗੁਰੂ ਇਉਂ ਨਹੀਂ ਵਸ ਆਉਂਦਾ, ਇਹ ਤਾਂ ਬਾਤ ਹੀ ਹੋਰ ਹੈ।

ਛੇਵੀਂ 'ਭਾਠੀ' ਹੈ। ਜੀਭ ਨੂੰ ਲੰਮੀ ਕਰਕੇ ਅੱਖਾਂ ਦੇ ਉਪਰਲੇ ਪਾਸੇ ਤਕ ਲੈ ਜਾਣੀ। ਭਾਈ! ਇਹਦੇ ਵਿਚ ਤਾਂ ਕੋਈ ਵੀ ਨਹੀਂ ਪ੍ਰਮੇਸ਼ਰ ਨੂੰ ਮਿਲਣ ਵਾਲੀ ਚੀਜ਼। ਇਹ ਤਾਂ ਇਕ ਕਿਰਿਆ ਜਿਹੀ ਉਨ੍ਹਾਂ ਨੇ ਦੱਸੀ ਹੈ।

ਫੇਰ ਉਹਦੇ ਨਾਲ ਅਸੀਂ ਪ੍ਰਾਣ ਰੋਕਦੇ ਹਾਂ; 42 ਵਾਰੀ ਓਅੰਕਾਰ ਦਾ ਮੰਤਰ ਅੰਦਰ ਨੂੰ ਸਾਹ ਲੈ ਕੇ, 84 ਵਾਰੀ ਰੋਕਦੇ ਹਾਂ ਤੇ 42 ਵਾਰੀ ਫੇਰ ਹੌਲੀ ਹੌਲੀ ਬਾਹਰ ਨੂੰ ਕੱਢਦੇ ਹਾਂ। ਇਹਦੇ ਨਾਲ ਦੋ ਮਿੰਟ ਸਾਹ ਰੁਕ ਜਾਂਦਾ ਹੈ। ਫੇਰ ਇਹਨੂੰ ਵਧਾਈ ਜਾਂਦੇ ਹਾਂ, ਵਧਾਈ ਜਾਂਦੇ ਹਾਂ। ਰੋਜ਼ ਦੀ ਪ੍ਰੈਕਟਿਸ ਨਾਲ ਕਿੰਨੇ ਕਿੰਨੇ ਮਿੰਟ ਸਾਹ ਰੁਕਣ ਲਗ ਜਾਂਦੈ। ਸਾਹ ਦਾ


Sri Satguru Jagjit Singh Ji eLibrary NamdhariElibrary@gmail.com

ਪਰੈਸ਼ਰ (ਦਬਾਉ) ਰੀੜ੍ਹ ਦੀ ਹੱਡੀ ਜਿਥੇ ਖਤਮ ਹੁੰਦੀ ਹੈ, ਉਥੇ ਪਾਉਂਦੇ ਹਾਂ। ਪ੍ਰਾਨ ਤੇ ਅਪਾਨ ਵਾਯੂ ਮਿਲ ਕੇ ਬਹੁਤ ਗਰਮ ਹੋ ਜਾਂਦੀ ਹੈ। ਪ੍ਰਾਨ ਤੇ ਅਪਾਨ ਵਾਯੂ ਦਾ ਜ਼ੋਰ ਪਾਉਣ ਦੇ ਨਾਲ ਉਹ ਗਰਮ ਹੋ ਜਾਂਦੀ ਹੈ। ਗਰਮ ਹੋਣ ਤੇ ਉਹ ਜਿਹੜਾ ਨਿਕਾ ਜਿਹਾ ਸੁਰਾਖ ਹੈ, ਉਹ ਖੁਲ੍ਹ ਜਾਂਦੈ, ਭੁਜੰਗਾ ਨਾੜੀ ਦਾ ਮੂੰਹ ਪਰ੍ਹੇ ਹਟ ਜਾਂਦੈ ਤੇ ਓਥੋਂ ਦੀ ਸਾਹ ਵਿਚ ਵੜ ਜਾਂਦੇ ਨੇ। ਫੇਰ ਓਥੇ ਜ਼ੋਰ ਨਾਲ ਪਰੈਸ਼ਰ ਪਾਉਂਦੇ ਹਾਂ। ਪਹਿਲਾਂ ਉਹਨੂੰ ਤੋੜਦੇ ਹਾਂ, ਉਹਨੂੰ ਮੂਲਧਾਰ ਚੱਕਰ ਕਹਿੰਦੇ ਨੇ।

ਕਹਿੰਦੇ, "ਦਿਸਦਾ ਵੀ ਹੈ ਕੁਛ?

ਹਾਂ, ਫੇਰ ਅੰਦਰ ਦਿਸਣ ਲਗ ਜਾਂਦੈ। ਇਹ ਪ੍ਰੈਕਟੀਕਲ knowledge (ਗਿਆਨ) ਹੈ, ਐਂ ਅਨੁਮਾਨ ਵਾਲੀ ਗੱਲ ਨਹੀਂ। ਕਹਿੰਦੇ, ਚਾਰ ਪੰਖੜੀਆਂ ਵਾਲਾ ਪੀਲੇ ਰੰਗ ਦਾ, ਪੁੱਠਾ ਮੂੰਹ ਹੋਇਆ ਹੁੰਦੈ ਉਸ ਫੁੱਲ ਦਾ। ਹੇਠਾਂ ਨੂੰ ਮੂੰਹ ਹੁੰਦੈ, ਉਪਰ ਨਹੀਂ ਹੁੰਦਾ। ਜਦੋਂ ਉਹ ਚੱਕਰ ਤੋੜ ਲਿਆ, ਫੇਰ ਦੂਸਰਾ ਪੇਡੂ ਪਾਸ ਹੋਇਆ ਕਰਦੈ, ਉਹ ਨੂੰ ਸਵਾਧਿਸ਼ਠਾਨ' ਚੱਕਰ ਕਹਿੰਦੇ ਨੇ ਤੇ ਉਹ ਛੇ ਪੰਖੜੀਆਂ ਦਾ ਹੁੰਦੈ, ਸੰਧੂਰੀ ਰੰਗ ਹੁੰਦੈ, ਉਹ ਵੀ ਮੂਧਾ ਹੁੰਦੈ। ਤੀਸਰਾ ਫੇਰ ਨਾਭੀ ਨੇੜੇ ਦਾ ਚੱਕਰ ਹੁੰਦੈ, ਇਹਨੂੰ ਮਣੀਪੂਰਕ ਚੱਕਰ ਕਹਿੰਦੇ ਨੇ। ਇਸ ਦਾ ਰੰਗ ਨੀਲਾ ਅਤੇ ਦਸ ਪੱਤੀਆਂ ਹੁੰਦੀਆਂ ਨੇ। ਚੌਥਾ ਹਿਰਦੇ ਦੇ ਕੋਲ ਜਿਥੇ ਕੌਡੀ ਹੈ, ਇਸ ਥਾਂ ਤੋਂ ਥੋੜ੍ਹਾ ਜਿਹਾ ਉਪਰ ਹੁੰਦੈ ਜਿਥੇ ਛਾਤੀ ਜੁੜਦੀ ਹੈ। ਇਹਦੇ ਵਿਚ 12 ਪੰਖੜੀਆਂ ਹੁੰਦੀਆਂ ਨੇ ਤੇ ਰੰਗ ਸੰਧੂਰੀ ਰੰਗਾ ਹੋ ਜਾਂਦੈ। ਫੁਲ ਉਥੇ ਵੀ ਮੂਧਾ ਹੀ ਹੈ। ਇਸ ਚੱਕਰ ਨੂੰ ਅਨਾਹਤ ਚੱਕਰ ਕਹਿੰਦੇ ਹਨ। ਇਸ ਦੇ ਉਪਰ ਕੰਠ ਦੇ ਨੇੜੇ 6 ਪੰਖੜੀਆਂ ਧੂਮਰ ਰੰਗ ਦੀਆਂ ਹੁੰਦੀਆਂ ਹਨ। ਇਸ ਤੋਂ ਬਾਅਦ ਫੇਰ 'ਆਗਿਆ ਚੱਕਰ' ਵਿਚ ਜਾਂਦੇ ਹਾਂ ਜਿਥੇ ਦੋ ਅੱਖਾਂ ਤੇ ਨੱਕ ਦੀ ਜੜ੍ਹ ਹੈ, ਓਥੇ ਅਸੀਂ ਆ ਕੇ ਫੇਰ ਇਹਨੂੰ ਤੋੜਦੇ ਹਾਂ ਤੇ ਇਹਦੇ ਵਿਚ ਦੋ ਪੱਤੀਆਂ ਹੁੰਦੀਆਂ ਨੇ ਤੇ ਰੰਗ ਬਦਲ ਜਾਂਦੈ, ਚਿੱਟਾ ਰੰਗ ਹੋ ਜਾਂਦੈ ਤੇ ਇਹਦਾ ਮੂੰਹ ਵੀ ਪੁੱਠਾ ਹੁੰਦੈ। ਭਿੰਨ-ਭਿੰਨ ਚੱਕਰਾਂ ਤੇ ਧਿਆਨ ਕਰਨ ਨਾਲ ਜੋ ਫਲ ਪ੍ਰਾਪਤ ਹੁੰਦੇ ਹਨ ਉਹ ਇਥੇ ਧਿਆਨ ਕਰਨ ਨਾਲ ਸਾਰੇ ਹੀ ਪ੍ਰਾਪਤ ਹੋ ਜਾਂਦੇ ਹਨ। ਇਥੇ ਮਨ ਸਥਿਰ ਹੋ ਜਾਂਦਾ ਹੈ, ਸੰਪਰਗਿਆਤ ਸਮਾਧੀ ਦੀ ਯੋਗਤਾ ਪ੍ਰਾਪਤ ਹੋ ਜਾਂਦੀ ਹੈ। ਇਸੇ ਸਥਾਨ ਤੇ ਇੜਾ ਪਿੰਗਲਾ ਨਾੜੀਆਂ ਆ ਕੇ ਸੁਖਮਨਾ ਤ੍ਰਿਵੇਣੀ ਦੇ ਰੂਪ ਵਿਚ ਮਿਲ ਜਾਂਦੀਆਂ ਹਨ। ਇਸ ਅਸਥਾਨ ਨੂੰ ਗੰਗਾ ਜਮਨਾ ਸਰੁਸਤੀ ਦਾ ਸੰਗਮ ਭੀ ਕਿਹਾ ਜਾਂਦਾ ਹੈ। ਇਸ ਅਸਥਾਨ ਤੇ ਬਿਰਤੀ ਜੁੜਨ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਇਸ ਨੂੰ ਹਿਰਦਾ ਕਿਹਾ ਜਾਂਦਾ ਹੈ, ਇਥੇ ਹੀ ਦਿਬਯ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ। ਉਸ ਤੋਂ ਬਾਅਦ ਫੇਰ ਤ੍ਰਿਕੁਟੀ ਵਿਚ ਜਾਂਦੇ ਹਾਂ। ਤ੍ਰਿਕੁਟੀ ਖੁਲ੍ਹਣ ਉਪਰੰਤ ਹਜ਼ਾਰ ਦਲ ਕਮਲ ਦੇ ਮੰਡਲ ਵਿਚ ਪ੍ਰਵੇਸ਼ ਪ੍ਰਾਪਤ ਹੁੰਦਾ ਹੈ। ਓਥੇ ਇਕ ਹਜ਼ਾਰ ਪੱਤੀ ਦਾ ਫੁਲ ਹੁੰਦੈ। ਇਹਦੇ ਵਿਚ ਸਾਰੀਆਂ ਰਿਧੀਆਂ ਸਿੱਧੀਆਂ ਸ਼ਕਤੀਆਂ ਹੋਇਆ ਕਰਦੀਆਂ ਨੇ। ਓਥੇ ਆ ਕੇ ਜਗਿਆਸੂ ਭੁਲ ਜਾਂਦੈ ਕਿਉਂਕਿ ਬਹੁਤ ਮਨੋਹਰ ਚੀਜ਼ਾਂ, ਸ਼ਕਤੀਆਂ ਹੀ ਸ਼ਕਤੀਆਂ ਨੇ ਓਥੇ। ਓਥੇ ਚਿੱਟਾ ਰੰਗ ਹੁੰਦੈ। ਗੁਰੂ ਕ੍ਰਿਪਾ ਦੇ ਨਾਲ ਜੇ ਇਸ ਤੋਂ ਅੱਗੇ ਲੰਘ ਜਾਵੇ, ਫੇਰ ਦਸਵਾਂ ਦੁਆਰ ਆਉਂਦੈ। ਦਸਵਾਂ ਦੁਆਰ ਤਾਲੂ ਦੇ ਹੇਠ ਹੈ ਤੇ ਇਕ ਹਜ਼ਾਰ ਪੰਖੜੀਆਂ ਵਾਲਾ ਫੂਲ, ਚਿੱਟਾ ਰੰਗ ਇਸ ਦਾ ਹੁੰਦਾ ਹੈ ਤੇ ਓਥੇ ਸੁੰਨ ਹੈ, ਫੁਰਨਾ ਕੋਈ ਨਹੀਂ ਹੈ, ਜਿਸ ਨੂੰ ਗਗਨ ਮੰਡਲ ਵੀ ਕਹਿੰਦੇ ਨੇ ਅਤੇ ਸੁੰਨ ਮੰਡਲ ਵੀ ਕਹਿੰਦੇ ਨੇ ਤੇ ਦਸਵਾਂ ਦੁਆਰ ਵੀ ਕਹਿੰਦੇ ਨੇ। ਤੀਸਰੀ ਅੱਖ, ਤੀਸਰਾ ਤਿਲ ਅਤੇ ਬਿਅੰਨ ਅੱਖੜੀਆਂ ਵੀ ਕਹਿੰਦੇ ਨੇ। ਬੜੇ ਨਾਉਂ ਰੱਖੇ ਹੋਏ ਨੇ ਇਸ ਅਸਥਾਨ ਦੇ। ਓਥੇ ਲਾਈਟ ਹੀ ਲਾਈਟ ਹੋਇਆ ਕਰਦੀ ਹੈ ਮਹਾਰਾਜ ਵੀ ਇਸੇ ਤਰ੍ਹਾਂ ਫੁਰਮਾਨ ਕਰਦੇ ਨੇ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***

***ਪੰਨਾ - 954***

ਭਾਈ ਭਗੀਰਥ ਕਹਿਣ ਲੱਗੇ, ਭਾਈ ਮਨਸੁੱਖ! ਇਸ ਗੱਲ ਤੋਂ ਤਾਂ ਮਹਾਰਾਜ ਜੀ ਵੀ ਜਵਾਬ ਨਹੀਂ ਦਿੰਦੇ, ਲੇਕਿਨ ਆਪ ਦਾ ਰਸਤਾ ਹੋਰ ਹੈ। ***'ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ।'*** ਕਹਿੰਦੇ ਅਸੀਂ ਮੂਲਧਾਰ ਚੱਕਰ ਤੋਂ ਨਹੀਂ ਚਲਦੇ, ਸੁਆਸ ਨਹੀਂ ਅਸੀਂ ਇਕੱਠਾ ਕਰਦੇ ਕਿਉਂਕਿ ਸਾਡੇ ਮਹਾਰਾਜ ਇਹ ਕਹਿੰਦੇ ਨੇ ਕਿ ਦਸਵੇਂ ਦੁਆਰ 'ਚ ਜੇ ਸੁਆਸ ਖਿੱਚੇਂਗਾ ਤਾਂ ਵੀ ਮਨ ਦੀ ਮੈਲ ਨਹੀਂ ਦੂਰ ਹੋਇਆ ਕਰਦੀ। ਇਹ ਜੋਗੀ ਲੋਕ ਸ਼ਰਾਬਾਂ ਪੀਂਦੇ ਨੇ, ਰਿੱਧੀਆਂ ਸਿੱਧੀਆਂ ਵਿਚ ਮਸਤ ਨੇ ਤੇ ਹਉਮੈ ਵਿਚ ਭੁੱਲ ਜਾਂਦੇ ਨੇ, ਪਰਮ ਪਦ ਤਕ ਪਹੁੰਚਦੇ ਨਹੀਂ, ਭਾਵਨਾਵਾਂ ਇਨ੍ਹਾਂ ਦੀਆਂ ਕਾਇਮ ਰਹਿੰਦੀਆਂ ਨੇ, ਮਨ ਨੂੰ ਚੁੱਪ ਨਹੀਂ ਕਰਾ ਸਕਦੇ -

***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥***

***ਪੰਨਾ - 1***

ਮਨ ਦੀਆਂ ਵਾਸ਼ਨਾਵਾਂ ਦੂਰ ਨਹੀਂ ਕਰ ਸਕਦੇ।

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥***

***ਪੰਨਾ - 1***

ਈਰਖਾ ਰਹਿੰਦੀ ਹੈ, ਸਾੜਾ ਰਹਿੰਦਾ ਹੈ। ਕਹਿੰਦੇ ਦਸਵੇਂ ਦੁਆਰ ਵਿਚ ਵੀ ਜਾ ਕੇ ਮਨ ਨਿਰਮਲ ਨਹੀਂ ਹੁੰਦਾ, ਜੇ ਸੁਆਸ ਨਾਲ ਲੈ ਕੇ ਜਾਵੇ। ਗੁਰੂ ਮਹਾਰਾਜ ਇਸ ਤਰ੍ਹਾਂ ਨਹੀਂ ਕਹਿੰਦੇ, ਮੁਨਕਰ ਵੀ ਨਹੀਂ ਕਰਦੇ ਕਿ ਇਹ ਥਾਂ ਹੈ ਨਹੀਂ, ਤ੍ਰਿਕੁਟੀ ਦਾ ਵੀ ਜ਼ਿਕਰ ਕਰਦੇ ਨੇ - ***'ਤ੍ਰਿਕੁਟੀ ਛੁਟੈ ਦਸਵਾ ਦਰ ਖੁਲੇ।'*** ਲੇਕਿਨ ਇਸ ਤਰ੍ਹਾਂ ਨਹੀਂ, ਉਹ ਸ਼ਬਦ ਸੁਰਤਿ ਦਾ ਮਾਰਗ ਅਪਣਾਉਂਦੇ ਨੇ। ਸ਼ਬਦ ਨੂੰ ਸੁਰਤਿ ਨਾਲ ਬੰਨ੍ਹ ਕੇ ਜਿਸ ਪੁਆਇੰਟ (ਨੁਕਤੇ) ਤੇ ਅਸੀਂ ਪਹੁੰਚਾਣਾ ਹੈ ਉਥੇ ਦਾ ਧਿਆਨ ਧਰ ਕੇ ਭਜਨ ਕਰਦੇ ਨੇ, ਚਿੱਤ ਨੂੰ ਇਕਾਗਰ ਕਰਦੇ ਨੇ। ਜਦੋਂ ਇਕਾਗਰਤਾ ਵਧ ਜਾਂਦੀ ਹੈ, ਉਸ ਵੇਲੇ ਉਹ ਨਿਸ਼ਾਨਾ ਖੁਲ੍ਹ ਜਾਇਆ ਕਰਦਾ ਹੈ। ਸਬਦ ਸੁਰਤਿ ਨਾਲ ਮਨ ਨਿਰਮਲ ਹੋ ਜਾਂਦੈ, ਵਿਕਾਰ ਖਤਮ ਹੋ ਜਾਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਮਹਾਰਾਜ ਜੀ! ਇਹ ਵੀ ਰਸਤਾ ਦਸਦੇ ਨੇ। ***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥"*** ਇਹ ਬਜਰ ਕਪਾਟ ਜਿਹੜੇ ਆਸਾ ਅੰਦੇਸਾ ਦੇ ਜੜ੍ਹੇ ਹੋਏ ਨੇ, ਇਹ ਖੁਲ੍ਹਦੇ ਨਹੀਂ।



Sri Satguru Jagjit Singh Ji eLibrary NamdhariElibrary@gmail.com

ਗੁਰੂ ਦੇ ਸ਼ਬਦ ਵਿਚ ਜਦੋਂ ਸੁਰਤਿ ਟਿਕ ਜਾਂਦੀ ਹੈ, ਸੁਰਤਿ ਵਿਚ ਸ਼ਬਦ ਟਿਕ ਜਾਂਦੈ, ਦੋਵੇਂ ਇਕ ਦੂਜੇ ਵਿਚ ਬੰਨ੍ਹੇ ਜਾਂਦੇ ਨੇ, ਇਕਾਗਰਤਾ ਆ ਜਾਇਆ ਕਰਦੀ ਹੈ। ਕਹਿੰਦੇ, ਫੇਰ ਉਹ ਮੁਕਾਮ ਖੁਲ੍ਹ ਜਾਇਆ ਕਰਦੈ। ਕਿੰਨਾ ਸੁਖਾਲਾ ਰਸਤਾ ਹੈ। ਨਾ ਨਿਉਲੀ ਕਰਨੀ, ਨਾ ਧੋਤੀ ਕਰਨੀ, ਨਾ ਕਪਾਲੀ ਕਰਨੀ, ਨਾ ਤ੍ਰਾਟਕ ਕਰਨੀ, ਨਾ ਭਾਠੀ ਕਰਨੀ, ਨਾ ਬਸਤੀ ਕਰਨੀ। ਐਨਾਂ ਗ੍ਰਿਹਸਤੀਆਂ ਕੋਲ ਸਮਾਂ ਕਿਥੇ ਹੈ। ਇਹ ਤਾਂ ਵਿਹਲੇ ਬੰਦਿਆਂ ਦਾ ਕੰਮ ਹੈ। ਨਿਵੇਕਲੀ ਥਾਂ ਹੋਵੇ, ਰੋਟੀ ਕਪੜੇ ਦਾ ਫਿਕਰ ਨਾ ਹੋਵੇ, ਖੁਲ੍ਹ ਹੋਵੇ ਪੂਰੀ, ਤਾਂ ਕਿਤੇ ਜਾ ਕੇ ਆਦਮੀ ਰਸਤਾ ਭਾਲ ਸਕਦੈ, ਨਹੀਂ ਤਾਂ ਪਹੁੰਚ ਨਹੀਂ ਸਕਿਆ ਕਰਦਾ। ਸੋ ਇਹ ਤਾਂ ਮਹਾਰਾਜ ਜੀ ਨੇ, ਗੁਰੂ ਨਾਨਕ ਪਾਤਸ਼ਾਹ ਨੇ ਦੇਖ ਲਿਆ ਲੇਕਿਨ ਆਪ ਸਭ ਦੇ ਭੇਤੀ ਨੇ। ਇਨ੍ਹਾਂ ਨੇ ਹੀ ਉਨ੍ਹਾਂ ਨੂੰ ਸਭ ਕੁਛ ਕਰਕੇ ਦੇਖਿਐ। ਸਾਰੇ ਤਜਰਬੇ ਕੀਤੇ ਨੇ, ਸੁਖਾਲੇ ਤੋਂ ਸੁਖਾਲਾ ਰਸਤਾ, ਸਾਡੇ ਵਾਸਤੇ ਉਨ੍ਹਾਂ ਨੇ ਦੱਸਿਐ। ਸੋ ਇਸ ਤਰ੍ਹਾਂ ਨਾਲ ਗੁਰੂ ਦੇ ਸ਼ਬਦ ਨਾਲ ਬਜਰ ਕਪਾਟ ਖੁਲ੍ਹਣੇ ਨੇ। ਜਦੋਂ ਖੁਲ੍ਹ ਜਾਂਦੇ ਨੇ, ਮਹਾਰਾਜ ਕਹਿੰਦੇ ਫੇਰ ਭਾਈ ***'ਅਨਹਦ ਵਾਜੇ ਧੁਨਿ ਵਜਦੇ'*** ਅਨਹਦ ਨਾਦ ਵਜਦੇ ਨੇ ਸ਼ਬਦ ਵਿਚ, ਇਕੱਲਾ ਨਹੀਂ ਵਜਦਾ, ਸ਼ਬਦ ਨਾਲ ਬੋਲਦਾ ਹੈ। ਇਕੱਲੇ ਦਾ ਕੀ ਫਾਇਦਾ ਜਦ ਨਾਮ ਨਾਲ ਚਲਦੈ, ਗੁਰੂ ਦਾ ਦਿਤਾ ਹੋਇਆ ਸ਼ਬਦ ਨਾਲ ਰਹਿੰਦਾ ਹੈ, ਕਿਉਂਕਿ ਸ਼ਬਦ ਹੀ ਕੁੰਜੀ ਹੈ, ਅੱਗੇ ਤੋਂ ਅੱਗੇ ਦਰਵਾਜ਼ੇ ਖੁਲ੍ਹਦੇ ਜਾਣੇ ਨੇ ਇਹਦੇ। ਜਦੋਂ ਇਹ ਸੁਣ ਲਿਆ, ਫੇਰ ਉਸ ਤੋਂ ਬਾਦ-

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਪੰਨਾ - 954***

ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੈ ਉਹਦੇ ਵਿਚ ਜਿਹੜਾ ਮਹਾਂ ਸੂਖਸ਼ਮ ਤੱਤ ਹੈ।

***ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥***
***ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥***
***ਪਾਤਸ਼ਾਹੀ ੧੦***

ਉਹ ਕਿੰਨਾ ਛੋਟਾ ਹੈ? ਕੋਈ ਅੰਦਾਜ਼ਾ ਹੀ ਨਹੀਂ ਲਗ ਸਕਦਾ। ਇਕ ਵਾਰੀ ਸਾਰੇ ਹੀ ਮਹਾਤਮਾ ਬੈਠੇ ਇਹ ਗੱਲ ਵਿਚਾਰ ਰਹੇ ਨੇ, ਵੱਡੇ-ਵੱਡੇ ਜਿਹੜੇ ਮਹਾਂਪੁਰਸ਼ ਸੀ ਭਾਰਤਵਰਸ਼ ਦੇ, ਜਿਨ੍ਹਾਂ ਨੂੰ ਅਥਾਰਟੀ ਆਖਿਆ ਜਾਂਦਾ ਸੀ; ਕੀ ਵਸ਼ਿਸ਼ਟ, ਕੀ ਵਿਸ਼ਵਾਮਿਤਰ ਤੇ ਹੋਰ ਵੱਡੇ-ਵੱਡੇ ਰਿਸ਼ੀ ਇਹ ਵਿਚਾਰ ਕਰਦੇ ਨੇ, ਸ਼ਿਵ ਜੀ ਮਹਾਰਾਜ ਵੀ ਆ ਗਏ, ਕਹਿਣ ਲੱਗੇ, "ਕੀ ਕਰਦੇ ਓਂ?" ਇਨ੍ਹਾਂ ਨੇ ਕਿਹਾ, ਚੰਗਾ ਹੋਇਆ ਮਹਾਰਾਜ! ਤੁਸੀਂ ਆ ਗਏ। ਤੁਸੀਂ ਇਉਂ ਦੱਸੋ, ਇਹ ਵਿਚਾਰ ਚਲ ਰਹੀ ਹੈ ਕਿ ਇਹ ਜਿਹੜਾ ਚੇਤਨ ਹੈ, ਇਹ ਕਿਤਨਾ ਸੂਖਸ਼ਮ ਹੈ? ਸ਼ਿਵ ਜੀ ਮਹਾਰਾਜ ਕਹਿਣ ਲੱਗੇ, " ਉਹਦਾ ਅੰਦਾਜ਼ਾ ਤਾਂ ਕੋਈ ਲਗ ਨਹੀਂ ਸਕਦਾ।" ਉਨ੍ਹਾਂ ਨੇ ਕਿਹਾ, ਨਾ ਮਹਾਰਾਜ, ਕ੍ਰਿਪਾ ਕਰਕੇ ਦੱਸੋ। ਆਪ ਨੇ ਕਿਹਾ, ਤੁਸੀਂ ਜਾਣਦੇ ਹੀ ਹੋ, ਸਾਰੇ ਅਨੁਭਵ ਵਾਲੇ ਹੋ।

ਨਹੀਂ ਮਹਾਰਾਜ! ਤੁਹਾਡੇ ਮੁਖ ਤੋਂ ਜਿਹੜੀ ਗੱਲ ਹੈ ਉਹ ਅਥਾਰਟੀ ਬਣ ਜਾਂਦੀ ਹੈ, ਕ੍ਰਿਪਾ ਕਰਕੇ ਦੱਸੋ। ਉਸ ਵੇਲੇ ਕਹਿਣ ਲੱਗੇ, "ਪ੍ਰੇਮੀਓ! ਮਿੱਟੀ ਜਿਹੜੀ ਹੈ ਮਿਟੀ ਤੋਂ ਦਸ ਗੁਣਾਂ ਸੂਖਸ਼ਮ ਹੈ ਪਾਣੀ, ਦਸ ਗੁਣਾਂ ਮਿੱਟੀ ਹੋਵੇ, ਇਕ ਗੁਣਾ ਪਾਣੀ ਹੋਵੇ, ਵਿਚ ਘੁਲ ਜਾਂਦੀ ਹੈ। ਪਾਣੀ ਤੋਂ ਸੌ ਗੁਣਾਂ ਸੂਖਸ਼ਮ ਹੈ ਅੱਗ। ਅੱਗ ਤੋਂ ਸੌ ਗੁਣਾਂ ਸੂਖਸ਼ਮ ਹੈ ਹਵਾ। ਅੱਗ ਨਜ਼ਰ ਆਉਂਦੀ ਹੈ ਲੇਕਿਨ ਹਵਾ ਨਜ਼ਰ ਨਹੀਂ ਆਉਂਦੀ। ਹਵਾ ਦੇ ਨਾਲ ਗਰਦ ਰਲ ਜਾਵੇ ਫੇਰ ਨਜ਼ਰ ਆਉਂਦੀ ਹੈ, ਦਰਖਤਾਂ ਦੇ ਪੱਤੇ ਹਿੱਲਣ ਲਗ ਜਾਣ, ਸੌ ਮੀਲ ਦੀ ਗਤੀ ਨਾਲ ਹਵਾ ਚਲਦੀ ਹੋਵੇ, ਦਰਖਤ ਤੋੜ ਦੇਵੇ; ਮਹਿਸੂਸ ਤਾਂ ਹੁੰਦੀ ਹੈ, ਨਜ਼ਰ ਨਹੀਂ ਆਉਂਦੀ। ਸਰੀਰ ਨੂੰ ਚੁੱਕ ਚੁੱਕ ਮਾਰਦੀ ਹੈ। ਫੋਰਸ ਹੈ ਉਹਦੇ ਵਿਚ ਲੇਕਿਨ ਦੇਖੀ ਨਹੀਂ ਜਾਂਦੀ ਕਿਉਂਕਿ ਬਹੁਤੀ ਸੂਖਸ਼ਮ ਹੋ ਗਈ। ਮਿੱਟੀ ਨਾਲੋਂ ਦਸ ਗੁਣਾਂ ਇਹ ਹੋ ਗਿਆ ਹਜ਼ਾਰ, ਤੇ ਹਜ਼ਾਰ ਨੂੰ ਫੇਰ ਸੌ ਨਾਲ ਕਰ ਲਓ, ਇਕ ਲੱਖ ਗੁਣਾ ਹੈ। ਕਹਿੰਦੇ ਹਵਾ ਤੋਂ ਕਰੋੜ ਗੁਣਾਂ ਸੂਖਸ਼ਮ ਹੈ ਅਕਾਸ਼। ਹਵਾ ਤਾਂ ਮਹਿਸੂਸ ਵੀ ਹੋ ਜਾਏਗੀ, ਆਕਾਸ਼ ਮਹਿਸੂਸ ਵੀ ਨਹੀਂ ਹੁੰਦਾ ਜਿਹਨੂੰ space ਕਹਿੰਦੇ ਨੇ ਪਰ ਇਹ ਨਹੀਂ ਹੁੰਦਾ ਕਿਉਂਕਿ ਤਾਨਾ ਤਾਂ ਉਹਨੇ ਤਣਿਆ ਹੋਇਐ। ਹਵਾ ਤਾਂ ਮੁੱਕ ਜਾਂਦੀ ਹੈ ਥੋੜ੍ਹੇ ਮੀਲ ਤੇ ਜਾ ਕੇ। ਕੁਛ ਮੀਲ ਉਪਰ ਜਾਓ - 30 ਕੁ ਮੀਲ, ਓਥੇ ਹਵਾ ਖਤਮ ਹੋ ਜਾਂਦੀ ਹੈ, ਪਹਾੜਾਂ ਤੇ ਜਾਓ ਓਥੇ ਆਕਸੀਜਨ ਗੈਸ ਖਤਮ ਹੋ ਜਾਂਦੀ ਹੈ, ਦਮ ਚੜ੍ਹਣ ਲਗ ਜਾਂਦੈ ਲੇਕਿਨ ਆਕਾਸ਼ ਤਾਂ ਫੈਲਿਆ ਹੋਇਐ। ਕਹਿੰਦੇ ਆਕਾਸ਼ ਨੂੰ ਤਾਂ ਹੁਣ ਐਂ ਕਰੋ ਕਿ ਇਹਨੂੰ ਇਕ ਰਾਈ ਮੰਨ ਲਓ, ਹੁਣ ਗਾਹਾਂ ਸਿੱਕਾ ਬਣਾ ਲਓ ਆਕਾਸ਼ ਇਕ ਰਾਈ ਦੇ ਦਾਣੇ ਜਿੰਨਾ, ਉਹਦੇ ਮੁਕਾਬਲੇ ਤੇ 40 ਹਜ਼ਾਰ ਮੀਲ ਡੂੰਘਾ, 40 ਹਜ਼ਾਰ ਮੀਲ ਚੌੜਾ, 40 ਹਜ਼ਾਰ ਮੀਲ ਉਚਾ, ਜਿਹਨੂੰ ਸੁਮੇਰ ਪਰਬਤ ਕਹਿੰਦੇ ਨੇ ਇਹ ਦੋਹਾਂ ਦੀ ਜਿੰਨੀ ਨਿਸਬਤ ਹੈ, ਉਹ ਰਾਈ ਦੇ ਦਾਣੇ ਦੀ ਤੇ ਉਹਦੀ, ਅਨੁਮਾਨ ਵਾਸਤੇ ਆਪਾਂ ਚੇਤਨ ਵੀ ਕਹਿ ਸਕਦੇ ਹਾਂ ਲੇਕਿਨ ਇਹ ਵੀ ਗਲਤ ਹੈ ਕਿਉਂਕਿ ਉਹ ਸੂਖਸ਼ਮ ਤੋਂ ਵੀ ਸੂਖਸ਼ਮ ਹੈ ਜਿਥੇ ਗਿਣਤੀ ਮਿਣਤੀ ਨਹੀਂ ਪਹੁੰਚਦੀ। ਉਹ infinity (ਬੇਅੰਤ) ਹੈ। ਜਦੋਂ ਚਾਨਣਾ ਹੋ ਗਿਆ, ਅੰਦਰਲਾ ਪ੍ਰਕਾਸ਼ ਹੋ ਗਿਆ, realisation ਤੇ ਅਨੁਭਵ ਦਾ, ਫਿਰ ਕੀ ਦੇਖੇਗਾ?

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***

ਸਾਰਿਆਂ ਦੇ ਅੰਦਰ ਉਹ ਹੀ ਵਰਤ ਰਿਹੈ। 'ਮੈਂ' ਦਾ ਹੀ ਰੌਲਾ ਹੈ। ਨੁਕਤਾ ਲਗਣ ਤੇ ਮਹਿਰਮ ਤੋਂ ਮੁਜਰਮ ਬਣ ਜਾਂਦੈ- ਫਾਰਸੀ ਦੇ ਅੱਖਰਾਂ ਅਨੁਸਾਰ। 'ਮੈਂ' ਦਾ ਮੁਜਰਮ ਬਣ ਜਾਂਦੈ ਜਦੋਂ ਮਹਿਰਮ ਬਣ ਜਾਂਦੇ, ਜਾਣਕਾਰ ਬਣ ਜਾਂਦੈ ਫੇਰ 'ਮੈਂ' ਨਹੀਂ ਰਹਿੰਦੀ, ਫੇਰ ਕਹਿੰਦੇ -

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

ਮਨ ਨੇ ਆਪਣੀ ਅਸਲੀਅਤ ਖੋਜ ਲਈ, ਹੈਰਾਨ ਹੋ ਗਿਆ ਕਿ ਜਿਸਨੂੰ ਰੱਬ ਰੱਬ ਕਹਿੰਦਾ ਸੀ, ਇਹ ਗੱਲ ਤਾਂ ਕੁਛ ਨਿਕਲੀ ਹੀ ਨਹੀਂ । ਆਹ ਤਾਂ ਰੱਬ ਹੀ ਸੀ ਜਿਹੜਾ ਮੈਂ ਢੂੰਡਦਾ ਫਿਰਦਾ ਸੀ। ਇਹ ਗੱਲ ਹੀ ਹੋਰ ਨਿਕਲੀ। ਸੋ ਮਹਾਰਾਜ ਕਹਿੰਦੇ ਉਹ ਫਿਰ ਜਿੱਤ ਜਾਂਦੈ -

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਪੰਨਾ - 947***



Sri Satguru Jagjit Singh Ji eLibrary NamdhariElibrary@gmail.com

ਭਾਈ ਭਗੀਰਥ ਜੀ ਭਾਈ ਮਨਸੁਖ ਨੂੰ ਕਹਿਣ ਲੱਗਿਆ, "ਗੁਰੂ ਮਹਾਰਾਜ ਇਸ ਗੱਲ ਤੋਂ ਇਨਕਾਰ ਨਹੀਂ ਕਰਦੇ। ਇਹ ਚੀਜ਼ਾਂ ਵੀ ਠੀਕ ਨੇ ਪਰ ਇਹ ਰਸਤਾ ਬਹੁਤ ਔਖਾ ਹੈ। ਗ੍ਰਿਹਸਤੀ ਤੋਂ ਹੋਣ ਵਾਲਾ ਨਹੀਂ, ਕਾਰੋਬਾਰੀ ਬੰਦਿਆਂ ਤੋਂ ਹੋਣ ਵਾਲਾ ਨਹੀਂ। ਪ੍ਰਾਣਾਯਾਮ 42 ਵਾਰੀ ਓਅੰਕਾਰ ਦੇ ਜਾਪ ਤੋਂ ਤਾਂ ਸ਼ੁਰੂ ਹੋਇਆ ਕਰਦੈ, 84 ਵਾਰੀ ਓਅੰਕਾਰ ਕਹਿ ਕੇ ਸਾਹ ਅੰਦਰ ਰੋਕਿਆ ਜਾਂਦਾ ਹੈ, 42 ਵਾਰੀ ਇਹੋ ਜਾਪ ਕਹਿ ਕੇ ਹੌਲੀ ਹੌਲੀ ਸਾਹ ਬਾਹਰ ਕਢੀਦਾ ਹੈ। ਇਹਨੂੰ ਛੋਟਾ ਪ੍ਰਾਣਾਯਾਮ ਕਹਿੰਦੇ ਨੇ - ਨਿੱਕਾ, ਸਭ ਤੋਂ ਛੋਟਾ। ਇਹ ਫੇਰ ਘੰਟਿਆਂ ਤਾਂਈ ਵਧਾਉਣਾ ਪੈਂਦੈ। ਐਨਾ ਕੌਣ ਕਰ ਲਏਗਾ, ਦਿਮਾਗ ਦੇ ਅੰਦਰ ਗਰਮੀ ਹੋ ਜਾਏਗੀ। ਉਹ ਗਰਮੀ ਹੁਣ ਦਾ ਬੰਦਾ ਤਾਂ ਸਹਿ ਨਹੀਂ ਸਕਦਾ। ਹੁਣ ਤਾਂ ਜੇ ਛੋਟਾ ਜਿਹਾ ਪ੍ਰਾਣਾਯਾਮ ਕਰਨ ਦਾ ਤਰੀਕਾ ਦਸ ਦੇਵੋ, ਅੱਜ ਦੇ ਸਾਧਕ ਤੋਂ ਤਾਂ ਓਹ ਹੀ ਨਹੀਂ ਕਰ ਹੁੰਦਾ ਕਿਉਂਕਿ ਬ੍ਰਹਮਚਰੀਯ ਵਰਗੇ ਸਿਹਤ ਵਰਧਕ ਸਾਧਨ ਤੇ ਪਹਿਰਾ ਹੀ ਨਹੀਂ ਦੇ ਹੁੰਦਾ। ਬਿਰਤੀ ਕਾਮੁਕ ਹੋਣ ਕਰਕੇ ਕਮਜ਼ੋਰ ਹੋ ਜਾਂਦੀ ਹੈ।

ਸੰਖੇਪ ਵਿਚ ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ, ਸਮਾਧੀ ਇਹ ਅੱਠ ਅੰਗ ਵਾਲੇ ਸਾਧਨ ਦੇ ਸਮੂੰਹ ਨੂੰ ਰਾਜ ਯੋਗ, ਅਸ਼ਟਾਂਗ ਯੋਗ ਕਿਹਾ ਜਾਂਦਾ ਹੈ। ਇਹ ਅੱਠ ਯੋਗ ਦੇ ਅੰਗ ਗਿਆਨ ਪ੍ਰਾਪਤੀ ਦੇ ਸਾਧਨ ਹਨ। ਇਸ ਵਿਚੋਂ ਧਾਰਨਾ, ਧਿਆਨ, ਸਮਾਧੀ ਅੰਤਰੰਗ ਸਾਧਨ ਕਹੇ ਜਾਂਦੇ ਹਨ। ਇਹ ਅੰਤਰੰਗ ਸਾਧਨ ਬਾਹਰਲੀਆਂ ਰੁਕਾਵਟਾਂ ਹਿੰਸਾ, ਨਿੰਦਾ, ਚੁਗਲੀ, ਧੋਖਾ ਆਦਿ ਰੁਕਾਵਟਾਂ ਨੂੰ ਯਮ-ਨਿਯਮ ਦੇ ਪਾਲਣ ਰਾਹੀਂ ਦੂਰ ਕਰਕੇ ਸਮਾਧੀ ਨੂੰ ਸਿੱਧ ਕਰਦੇ ਹਨ। ਪਿਛਲੇ ਤਿੰਨ ਸਾਧਨ - ਆਸਣ, ਪ੍ਰਾਣਾਯਾਮ, ਪ੍ਰਤਿਹਾਰ ਇਹ ਕੰਮ ਕਰਦੇ ਹਨ ਕਿ ਜਦੋਂ ਆਸਣ ਸਿੱਧ ਹੋ ਗਿਆ ਤਾਂ ਪ੍ਰਾਣਾਯਾਮ ਸਥਿਰ ਹੋ ਜਾਂਦਾ ਹੈ। ਪ੍ਰਾਣਾਯਾਮ ਦੀ ਸਥਿਰਤਾ ਹੋ ਜਾਣ ਕਰਕੇ ਪ੍ਰਤਿਹਾਰ ਸਿੱਧ ਹੋ ਜਾਂਦਾ ਹੈ।

ਬਿਨਾਂ ਅਭਿਆਸ ਅਤੇ ਬੈਰਾਗ ਦੇ ਧਾਰਨਾ, ਧਿਆਨ, ਸਮਾਧੀ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਸੰਪਰਗਿਆਤ ਸਮਾਧੀ ਵਿਚ ਇਕਾਗਰਤਾ ਦੀ, ਇਕ ਬਿਰਤੀ ਦੇ ਭਾਵ ਵਿਚ ਰਹਿਣ ਦੀ ਅਤੀ ਆਵਸ਼ਕਤਾ ਹੈ। ਰਾਗ ਤੇ ਦ੍ਵੈਤ ਬਿਰਤੀ ਵਿਚੋਂ ਪੂਰਨ ਰੂਪ ਵਿਚ ਨਿਕਲਣਾ ਅਤੀ ਜ਼ਰੂਰੀ ਹੈ।

ਭਾਈ ਮਨਸੁਖ ਜੀ ਇਹ ਤਾਂ ਦੱਸੋ ਕਿ ਅਸ਼ਟਾਂਗ ਯੋਗ ਵਿਚ ਯਮ ਨਿਯਮ ਆਦਿ ਗੁਣ ਕਿਉਂ ਜ਼ਰੂਰੀ ਹਨ। ਭਾਈ ਭਗਰੀਥ ਜੀ, ਇਸ ਅਸ਼ਟਾਂਗ ਯੋਗ ਦਾ ਅੰਤ ਧੇਅ ਨਿਰਬੀਜ ਸਮਾਧੀ ਦੀ ਪ੍ਰਾਪਤੀ ਹੈ। ਉਸ ਦੀ ਪ੍ਰਾਪਤੀ ਲਈ ਬਿਰਤੀ ਨੂੰ ਜੋ ਰੁਕਾਵਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਉਹ ਯਮ ਤੇ ਨਿਯਮਾਂ ਦੀ ਪਾਲਣਾ ਕਰਨ ਨਾਲ ਦੂਰ ਹੋ ਜਾਂਦੀਆਂ ਹਨ। ਸਾਧਨ ਦੀ ਬਾਹਰ-ਮੁਖਤਾ ਦੀ ਕ੍ਰਿਆ ਲਈ ਯਮਾਂ ਦੀ ਲੋੜ ਹੈ। ਵਿਵਹਾਰਕ ਜੀਵਨ ਨੂੰ ਦਿਬਯ ਬਣਾਉਣ ਲਈ ਰਾਗ, ਦ੍ਵੈਸ਼, ਅਭਿਨਿਵੇਸ਼ ਕਲੇਸ਼ ਦੂਰ ਕਰਨੇ ਜ਼ਰੂਰੀ ਹਨ, ਜੋ ਦਸਾਂ ਨਿਯਮਾਂ ਦੀ ਪਾਲਣਾ ਕਰਨ ਨਾਲ ਦੂਰ ਹੋ ਜਾਂਦੇ ਹਨ।

ਨਿਯਮਾਂ ਦਾ ਸਬੰਧ ਵਿਅਕਤੀਗਤ ਜੀਵਨ ਨਾਲ ਹੈ। ਇਸ ਦੁਆਰਾ ਰਜੋ ਗੁਣੀ ਮੈਲ ਉਤਰ ਜਾਂਦੀ ਹੈ। ਸਾਰਾ ਬਾਹਰੀ ਵਿਵਹਾਰਕ ਜੀਵਨ ਰਾਜਸੀ ਤਾਮਸੀ ਅਤੇ ਅਵਰਣ ਰੂਪ ਮੈਲਾਂ ਨੂੰ ਧੋ ਕੇ ਦਿਬਯ ਬਿਰਤੀ ਦੇ ਉਤਪੰਨ ਹੋਣ ਦੇ ਸਹਾਇਕ ਹਨ।

ਆਸਨ ਦੁਆਰਾ, ਰਾਜਸੀ ਪ੍ਰਭਾਵਾਂ ਦੀ ਮੈਲ, ਤਮ ਰੂਪ ਆਲਸ ਪ੍ਰਮਾਣ ਹਟ ਕੇ ਸਾਂਤਵਿਕ ਪ੍ਰਕਾਸ਼ ਅਨੁਭਵ ਹੁੰਦਾ ਹੈ, ਇਸੇ ਤਰ੍ਹਾਂ ਪ੍ਰਾਣਾਯਾਮ ਦੁਆਰਾ ਪ੍ਰਾਣ ਨੂੰ ਸਤੋ ਗੁਣੀ ਬਣਾਇਆ ਜਾਂਦਾ ਹੈ।

ਪ੍ਰਤਿਹਾਰ ਦੁਆਰਾ ਮਨ ਨੂੰ ਬਾਰ-ਬਾਰ ਰੋਕ ਕੇ ਇੰਦ੍ਰੀਆਂ ਨੂੰ ਆਲਸ, ਪਰਮਾਦ ਦੀ ਤਾਮਸੀ ਅਤੇ ਰਾਜਸੀ ਬਿਰਤੀ ਤੋਂ ਸੁੰਨ ਕਰਕੇ ਸਤੋਗੁਣੀ ਬਿਰਤੀ ਵਿਚ ਰੱਖਿਆ ਜਾਂਦਾ ਹੈ। ਇਸੇ ਤਰ੍ਹਾਂ ਧਾਰਨਾ ਦੁਆਰਾ ਚਿੱਤ ਦੀ ਮੂੜ੍ਹ ਅਤੇ ਵਿਖਸ਼ੇਪ ਪ੍ਰਾਪਤ ਬਿਰਤੀ ਨੂੰ ਦੂਰ ਕਰਕੇ ਸਾਂਤਵਿਕ, ਇਕ ਵਿਸ਼ੇ ਤੇ ਮਨ ਠਹਿਰਾਇਆ ਜਾਂਦਾ ਹੈ। ਫਿਰ ਧਿਆਨ ਦੀ ਕ੍ਰਿਆ ਰਾਹੀਂ ਦਿਬਯ ਸਾਂਤਵਿਕ ਰੂਪ ਤੇ ਬਿਰਤੀ ਕੇਂਦਰਤ ਕੀਤੀ ਜਾਂਦੀ ਹੈ ਅਤੇ ਇਕ ਧੇਅ ਤੇ ਧਿਆਨ ਜੋੜਨਾ ਪੈਂਦਾ ਹੈ। ਫਿਰ ਸਮਾਧੀ ਦੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਇਥੇ ਧਿਆਤਾ, ਧੇਅ, ਧਿਆਨ ਮਿਟ ਕੇ ਬਿਰਤੀ ਸਮਾਧੀ ਵਿਚ ਲੀਨ ਹੋ ਜਾਂਦੀ ਹੈ।

ਇਨ੍ਹਾਂ ਅੱਠਾਂ ਅੰਗਾਂ ਵਿਚ ਪਹਿਲੇ ਪੰਜ ਬਹਿਰੰਗ ਸਾਧਨ ਕਹਾਉਂਦੇ ਹਨ, ਅੰਤਮ ਤਿੰਨ ਅੰਤਰੰਗ ਸਾਧਨ ਹਨ। ਭਾਈ ਭਗੀਰਥ ਜੀ! ਇਸ ਤੋਂ ਅੱਗੇ ਅਸੰਪਰਗਿਆਤ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ, ਇਸ ਸਮਾਧੀ ਦਾ ਅੰਤਰੰਗ ਸਾਧਨ ਪਰਬੈਰਾਗ ਹੈ ਜਿਸ ਦੇ ਸਿੱਧ ਹੋਣ ਨਾਲ ਆਤਮ ਸਾਖਸ਼ਾਤਕਾਰ ਹੋ ਜਾਂਦੀ ਹੈ।

ਭਾਈ ਮਨਸੁਖ ਦੀਆਂ ਗੱਲਾਂ ਸੁਣ ਕੇ ਭਾਈ ਭਗੀਰਥ ਜੀ ਨੇ ਵੀਚਾਰਿਆ ਕਿ ਭਾਈ ਮਨਸੁਖ ਹੈ ਤਾਂ ਉੱਤਮ ਜਗਿਆਸੂ ਪਰ ਇਸਨੂੰ ਅਜੇ ਤੀਕਰ ਪੂਰਨ ਸਤਿਗੁਰ ਦਾ ਮਿਲਾਪ ਨਹੀਂ ਹੋਇਆ, ਇਹ ਅਜੇ ਤਾਂਹੀਓਂ ਅਧੂਰਾ ਹੈ। ਸੁਣ ਕੇ ਭਾਈ ਭਗੀਰਥ ਜੀ ਨੇ ਕਿਹਾ ਕਿ ਭਾਈ ਮਨਸੁਖ ਜੀ! ਤੁਹਾਡੀ ਲਗਨ ਤੋਂ ਕੁਰਬਾਨ ਜਾਂਦਾ ਹਾਂ ਕਿ ਐਡਾ ਵੱਡਾ ਵਪਾਰੀ ਹੁੰਦੇ ਹੋਇਆਂ ਭੀ ਅਤਿ ਦੇ ਰੁਝੇਵਿਆਂ ਵਿਚੋਂ ਤੁਸੀਂ ਚਿਰ ਲਾਉਣ ਵਾਲੇ ਸਾਧਨ ਕੀਤੇ। ਨਰਾਜ਼ ਨਾ ਹੋਣਾ, ਮੈਂ ਕਹਿ ਹੀ ਦਿੰਦਾ ਹਾਂ ਕਿ ਅਜੇ ਤੁਹਾਨੂੰ ਪੂਰੇ ਸਤਿਗੁਰੂ ਦਾ ਮਿਲਾਪ ਨਹੀਂ ਹੋਇਆ।

ਜੋ ਤੁਸੀਂ ਯਮ ਨਿਯਮ ਆਦਿ ਦਸੇ ਹਨ, ਮੇਰੇ ਸਤਿਗੁਰੂ ਜੀ ਇਨ੍ਹਾਂ ਨਿਯਮਾਂ ਨੂੰ ਸ਼ੁਭ ਗੁਣ ਕਹਿੰਦੇ ਹਨ ਅਤੇ ਫੁਰਮਾਨ ਕਰਦੇ ਹਨ - ***'ਵਿਣੁ ਗੁਣ ਕੀਤੇ ਭਗਤ ਨ ਹੋਇ।'*** ਗੁਰੂ ਮਹਾਰਾਜ ਜੀ ਮਹਾਤਮਾ ਦੇ ਦੱਸੇ ਜੀਵਨ ਉਸਾਰੀ ਲਈ ਕੀਤੇ ਜਾਣ ਵਾਲੇ ਸਤਿ ਕਰਮਾਂ ਨੂੰ ਭੀ ਅਪਨਾਉਂਦੇ ਹਨ ਅਤੇ ਸਾਰੇ ਸ੍ਰੇਸ਼ਠ ਕਰਮ - ਨਸ਼ਿਆਂ ਦੀ ਵਰਤੋਂ ਤੋਂ ਮਨਾਹੀ, ਜਿਹੜੀ ਖੁਰਾਕ, ਪੁਸ਼ਾਕ ਵਿਕਾਰ ਪੈਦਾ ਕਰਦੀ ਹੈ ਤਨ ਵਿਚ ਪੀੜਾ ਤੇ ਮਨ ਵਿਚ ਰਜੋ ਤੇ ਤਮੋ ਦਾ ਪ੍ਰਭਾਵ ਪਾਉਂਦੀ ਹੈ ਉਸ ਤੋਂ ਭੀ ਵਰਜਦੇ ਹਨ।

ਗੁਰੂ ਮਹਾਰਾਜ ਜੀ (1) ਸਤ ਦ੍ਰਿਸ਼ਟ, ਗਿਆਨ (2) ਸਤ ਸੰਕਲਪ (3) ਸਤ ਬਚਨ (4) ਸਤ ਕਰਮ (5) ਸਤ ਕ੍ਰਿਤ
(ਬਾਕੀ ਪੰਨਾ 61 ਤੇ)



Sri Satguru Jagjit Singh Ji eLibrary NamdhariElibrary@gmail.com

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ ਪੰਨਾ - 33)*

22. ਜਿਸ ਅਵਸਥਾ ਨੂੰ ਪ੍ਰਾਪਤ ਕਰਕੇ ਉਹ ਇਹ ਜਾਣ ਜਾਏ ਕਿ ਇਸ ਤੋਂ ਉਪਰ ਕੁਝ ਹੈ ਹੀ ਨਹੀਂ, ਜਿਥੇ ਸਥਿਰ ਹੋ ਕੇ ਕੋਈ ਵਸਤੂ ਉਸ ਨੂੰ ਅਸਥਿਰ ਨਹੀਂ ਕਰ ਸਕਦੀ ਭਾਵੇਂ ਕਿੰਨਾ ਦੁਖ ਵੀ ਕਿਉਂ ਨਾ ਆ ਜਾਵੇ।

23. ਜਿਸ ਯੋਗ ਦੀ ਪ੍ਰਾਪਤੀ ਨਾਲ ਜ਼ਰਾ ਜਿੰਨਾਂ ਵੀ ਦੁੱਖ ਨਾ ਲੱਗੇ, ਜਿਸ ਨਾਲ ਸਾਰੇ ਦੁਖਾਂ ਦਾ ਨਾਸ਼ ਹੋ ਜਾਏ, ਉਸ ਯੋਗ ਅਭਿਆਸ ਨੂੰ ਸ਼ਰਧਾਪੂਰਵਕ ਪ੍ਰਸੰਨਚਿਤ ਹੋ ਕੇ ਕਰਨਾ ਚਾਹੀਦਾ ਹੈ।

ਜਦੋਂ ਨਿਰੋਲ ਚਿੰਤਨ ਸ਼ਕਤੀ ਪ੍ਰਗਟ ਹੋ ਜਾਂਦੀ ਹੈ, ਯੋਗੀ ਨੂੰ ਕਿਸੇ ਦੁਖ ਸੰਤਾਪ ਦਾ ਅਨੁਭਵ ਨਹੀਂ ਹੁੰਦਾ, ਕਿਸੇ ਕਿਸਮ ਦੇ ਵਿਘਨ ਨਹੀਂ ਆਉਂਦੇ, ਕੋਈ ਕਲੇਸ਼ ਕੁਝ ਵੀ ਉਸ ਨੂੰ ਹਟਾ ਨਹੀਂ ਸਕਦਾ। ਵੱਡੇ ਤੋਂ ਵੱਡਾ ਦੁਖ ਵੀ, ਜੋ ਆਮ ਸੰਸਾਰਕ ਮਨੁੱਖ ਨੂੰ ਬਿਲਕੁਲ ਹਿਲਾ ਦਿੰਦਾ ਹੈ ਜਿਹੜਾ ਕਿ ਇਕ ਵੱਡੀ ਬਿਪਤਾ ਗਿਣੀ ਜਾਂਦੀ ਹੈ, ਯੋਗੀ ਉਸ ਵਿਚ ਵੀ ਸਥਿਰ ਰਹਿੰਦਾ ਹੈ ਕਿਉਂਕਿ ਉਸ ਨੇ ਆਪਣੀਆਂ ਇੰਦ੍ਰੀਆਂ ਨੂੰ, ਮਨ ਨੂੰ ਪੂਰੀ ਤਰ੍ਹਾਂ ਕਾਬੂ ਕਰ ਲਿਆ ਹੈ। ਪੂਰਣਤਾ ਸ਼ਬਦ ਬਹੁਤ ਥਾਵਾਂ ਤੇ ਵਰਤਿਆ ਜਾਂਦਾ ਹੈ, ਤੁਸੀਂ ਕਿਸੇ ਵੀ ਕਲਾ, ਕਿਸੇ ਵੀ ਗੁਣ ਵਿਚ ਪੂਰਨ ਹੋ ਸਕਦੇ ਹੋ, ਲਿਖਣ ਵਿਚ, ਗਾਉਣ ਵਿਚ, ਖੇਡਾਂ ਵਿਚ, ਪਰ ਇਥੇ ਪੂਰਨਤਾ ਤੋਂ ਭਾਵ ਹੈ ਪੂਰਨ ਤਰ੍ਹਾਂ ਮਨ ਤੇ ਕਾਬੂ। ਯੋਗੀ ਪੂਰਣਤਾ ਦੀ ਸਥਿਤੀ ਦੀ ਓਦੋਂ ਪ੍ਰਾਪਤੀ ਕਰਦਾ ਹੈ ਜਦੋਂ ਉਸ ਦਾ ਮਨ ਪੂਰੀ ਤਰ੍ਹਾਂ ਇਕਾਗਰ ਹੋ ਕੇ ਨਿਰਵਿਘਨਤਾ ਨਾਲ ਅੰਦਰ ਵਲ ਚੇਤਨਤਾ ਦੇ ਬਿੰਦੂ ਵਲ ਵਹਿਣ ਲਗ ਪੈਂਦਾ ਹੈ, ਇਹ ਸਮਾਧੀ ਦੀ ਡੂੰਘੀ ਅਵਸਥਾ ਹੈ ਅਤੇ ਸਮਾਧੀ ਦੀ ਇਕ ਮੰਜ਼ਲ ਹੈ।

ਇਨ੍ਹਾਂ ਸਲੋਕਾਂ ਵਿਚ ਇਹ ਦੱਸਿਆ ਗਿਆ ਹੈ ਕਿ ਧਿਆਨ ਲਗਾਉਣ ਨਾਲ ਬੁੱਧੀ ਇਕੱਤਰ ਅਤੇ ਇਕਾਗਰ ਹੋ ਜਾਂਦੀ ਹੈ, ਤਿੱਖੀ ਹੋ ਜਾਂਦੀ ਹੈ ਅਤੇ ਤੁਸੀਂ ਜੀਵਨ ਦੀਆਂ ਉਨ੍ਹਾਂ ਪਰਤਾਂ ਤਕ ਪਹੁੰਚ ਸਕਦੇ ਹੋ ਜਿਥੇ ਇੰਦ੍ਰੀਆਂ ਦੀ ਕੋਈ ਪਹੁੰਚ ਨਹੀਂ। ਜਿਹੜਾ ਅਨੰਦ ਉਸ ਸਮੇਂ ਪ੍ਰਾਪਤ ਹੁੰਦਾ ਹੈ ਉਸ ਨੂੰ ਨਾ ਤਾਂ ਨਾਪਿਆ ਜਾ ਸਕਦਾ ਹੈ, ਨਾ ਹੀ ਉਸ ਦਾ ਵਰਨਣ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਅਨੰਦ ਮਨ ਅਤੇ ਇੰਦ੍ਰੀਆਂ ਦੀ ਪਕੜ ਤੋਂ ਕਿਤੇ ਬਾਹਰ ਅਤੇ ਉਚਾ ਹੁੰਦਾ ਹੈ। ਜਦੋਂ ਇਕ ਵਾਰੀ ਇਸ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਫੇਰ ਉਥੋਂ ਪਿਛੇ ਫਿਸਲਣ ਦੀ ਕੋਈ ਵਜਾ ਹੀ ਨਹੀਂ ਰਹਿੰਦੀ, ਮੁੜ ਕੇ ਭੋਗ ਭੋਗਣ ਦਾ ਕੋਈ ਸਵਾਲ ਹੀ ਨਹੀਂ ਉਠਦਾ। ਉਸ ਦਾ ਕਾਰਣ ਹੈ ਕਿ ਜਿਸ ਅਨੰਦ ਦੀ ਪ੍ਰਾਪਤੀ ਹੋ ਗਈ ਹੈ ਉਹ ਕਿਤੇ ਵਧ ਸੰਤੁਸ਼ਟ ਕਰਨ ਵਾਲਾ ਹੈ, ਉਸ ਦੀ ਕੋਈ ਤੁਲਨਾ ਵਿਸ਼ੇ ਵਿਕਾਰਾਂ ਨਾਲ, ਸੰਸਾਰਕ ਭੋਗਾਂ ਨਾਲ ਨਹੀਂ ਕੀਤੀ ਜਾ ਸਕਦੀ। 21, 22 ਅਤੇ 23ਵੇਂ ਸ਼ਲੋਕ ਵਿਚ ਉਸ ਯੋਗੀ ਦੇ ਅਨੰਦ ਦੀ ਵਿਆਖਿਆ ਕੀਤੀ ਗਈ ਹੈ ਜਿਸ ਨੇ ਆਪਣੇ ਮਨ ਤੇ ਪੂਰਾ ਕਾਬੂ ਪਾ ਲਿਆ ਹੈ, ਇੰਦ੍ਰੀਆਂ ਨੂੰ ਕਾਬੂ ਕਰ ਲਿਆ ਅਤੇ ਮਨ ਪੂਰੀ ਤਰ੍ਹਾਂ ਉਸ ਦੇ ਅਧੀਨ ਹੈ, ਬੁੱਧੀ ਉਸ ਦੇ ਅਧੀਨ ਹੈ, ਜਿਹੜਾ ਇਸ ਸਥਾਈ ਅਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ ਉਸ ਨੂੰ ਬੇਅੰਤ ਅਨੁਭਵ ਹੁੰਦੇ ਹਨ।

1. ਉਹ ਸਦਾ ਖੇੜੇ ਵਿਚ ਰਹਿੰਦਾ ਹੈ, ਸ਼ਾਂਤ ਰਹਿੰਦਾ ਹੈ, ਸਬਰ, ਸੰਤੋਖ ਵਿਚ ਰਹਿੰਦਾ ਹੈ, ਕਿਸੇ ਵੀ ਸਥਿਤੀ ਵਿਚ ਉਹ ਘਬਰਾਉਂਦਾ ਨਹੀਂ।

2. ਉਹ ਇੰਦ੍ਰੀਆਂ ਦੇ ਭੋਗ ਭੋਗਣ ਵਿਚ ਰੁਚੀ ਨਹੀਂ ਰਖਦਾ, ਉਸ ਦਾ ਅਨੰਦ ਵਿਸ਼ੇ ਭੋਗਾਂ ਨਾਲੋਂ ਲੱਖਾਂ ਕਰੋੜਾਂ ਗੁਣਾਂ ਵਧੇਰੇ ਹੈ।

3. ਉਹ ਸੰਸਾਰਕ ਅਨੁਭਵਾਂ ਤੇ ਬਿਲਕੁਲ ਵੀ ਨਿਰਭਰ ਨਹੀਂ, ਉਹ ਆਤਮ ਨਿਰਭਰ ਹੈ।

4. ਉਸ ਦਾ ਅਨੰਦ ਆਤਮਕ ਅਨੰਦ ਹੈ, ਆਤਮਕ ਅਨੁਭਵ ਹੈ।

5. ਉਸ ਦਾ ਧਿਆਨ, ਸਮਾਧੀ ਡੂੰਘੀ ਹੈ, ਉਹ ਸਦਾ ਹੀ ਸਮਾਧੀ ਸਥਿਤ ਹੈ।

6. ਉਸ ਦਾ ਅਨੰਦ ਪਰਮ ਅਨੰਦ ਹੈ ਜਿਸ ਨੂੰ ਦਸਣਾ ਅਤੇ ਨਾਪਣਾ ਸੰਭਵ ਨਹੀਂ।

7. ਉਸ ਅਨੰਦ ਦੀ ਪ੍ਰਾਪਤੀ ਪਿਛੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਇਸ ਤੋਂ ਅੱਗੇ ਕੁਝ ਵੀ ਨਹੀਂ।

ਗੀਤਾ ਦੇ ਪਹਿਲੇ ਅਧਿਆਏ ਵਿਚ ਅਰਜਨ ਉਪਰਾਮ ਹੈ, ਢਹਿੰਦੀ ਕਲਾ ਵਿਚ ਹੈ, ਕ੍ਰਿਸ਼ਨ ਜੀ ਉਸ ਨੂੰ ਆਤਮ ਗਿਆਨ ਕਰਾਉਂਦੇ ਹਨ, ਉਸ ਨੂੰ ਆਪਣੇ ਆਪ ਦਾ ਗਿਆਨ ਕਰਾਉਂਦੇ ਹਨ, ਉਸ ਉਪਰੰਤ ਅਰਜਨ ਆਪਣੀ ਉਪਰਾਮਤਾ ਤਿਆਗ ਕੇ ਪੂਰਨ ਯੋਗ ਸਾਧਨਾ, ਪੂਰਨ ਸਵੈ ਕਾਬੂ ਅਤੇ ਅਨੰਦ ਵਿਚ ਲਗ ਜਾਂਦਾ ਹੈ, ਇਹ ਅਨੰਦ ਅਨਮੋਲ ਹੈ, ਇਸ ਦਾ ਅਨੁਭਵ ਕੇਵਲ ਅਨੰਦ ਦੇ ਸੋਮੇ ਤੋਂ ਹੀ ਕੀਤਾ ਜਾ ਸਕਦਾ ਹੈ। ਇਹ ਅਨੰਦ ਕਿਸੇ ਵੀ ਹੋਰ ਗੱਲ ਤੇ ਨਿਰਭਰ ਨਹੀਂ, ਇਹ ਇਕ ਡੂੰਘਾ ਪਿਆਰ ਹੈ ਜਿਸ ਵਿਚ ਸਾਕਾਰ ਉਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਸੰਸਾਰ ਦੇ ਪਿਆਰ ਵਿਚ ਕੋਈ ਦੂਸਰਾ ਹੁੰਦਾ ਹੈ। ਇਹ ਉਹ ਅਨੰਦ ਹੈ ਜਿਸ ਵਿਚ ਕੋਈ ਆਕਾਰ ਨਹੀਂ, ਕੋਈ ਸਾਕਾਰ ਨਹੀਂ; ਇਹ ਇਕ ਅਵਸਥਾ ਹੈ। ਧਿਆਨ, ਸਮਾਧੀ ਆਪਣੇ ਆਪ ਵਿਚ ਪਿਆਰ ਹੈ ਜਿਵੇਂ ਸੰਸਾਰਕ ਪਿਆਰ ਵਿਚ ਤੁਸੀਂ ਬੰਨ੍ਹੇ ਮਹਿਸੂਸ ਕਰਦੇ ਹੋ। ਧਿਆਨ ਨਾਲ, ਸਮਾਧੀ ਨਾਲ, ਸੰਸਾਰਕ ਪਿਆਰ ਤੋਂ ਕਿਤੇ ਵਧ ਪਿਆਰ ਹੋ



Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ, ਤੁਸੀਂ ਹਰ ਵੇਲੇ ਉਸ ਵਾਹਿਗੁਰੂ ਦੀ ਹਜ਼ੂਰੀ ਵਿਚ ਉਸ ਦੇ ਪਿਆਰ ਦੇ ਬੱਧੇ ਉਸ ਸਮਾਧੀ ਵਿਚ ਰਹਿੰਦੇ ਹੋ।

24. ਸੰਕਲਪ ਵਿਚੋਂ ਪੈਦਾ ਹੋਣ ਵਾਲੀਆਂ ਸਾਰੀਆਂ ਇਛਾਵਾਂ ਦਾ, ਕਾਮਨਾਵਾਂ ਦਾ ਤਿਆਗ ਕਰਕੇ, ਮਨ ਨਾਲ ਸਾਰੀਆਂ ਇੰਦ੍ਰੀਆਂ ਤੇ ਕਾਬੂ ਪਾ ਕੇ ਸਭ ਪਾਸਿਆਂ ਤੋਂ ਮਨ ਨੂੰ ਰੋਕੇ ਅਤੇ ਮਨ ਤੇ ਕਾਬੂ ਪਾਵੇ।

25. ਹੌਲੀ ਹੌਲੀ ਅਭਿਆਸ ਕਰਦਿਆਂ ਸਥਿਰ ਬੁੱਧੀ ਨਾਲ ਮਨ ਸ਼ਾਂਤ ਕਰਦੇ ਹੋਏ, ਆਤਮਾ ਵਿਚ ਲੀਨ ਕਰਦੇ ਹੋਏ ਬਾਕੀ ਸਾਰਾ ਚਿੰਤਨ ਛੱਡ ਦੇਵੇ, ਕੇਵਲ ਪ੍ਰਮਾਤਮਾ ਦਾ ਚਿੰਤਨ ਕਰੇ।

26. ਇਸ ਚੰਚਲ ਮਨ ਨੂੰ, ਇਸ ਅਸਥਿਰ ਮਨ ਨੂੰ ਜਿਧਰ ਜਿਧਰ ਇਹ ਦੌੜਦਾ ਹੈ ਓਥੋਂ ਰੋਕ ਰੋਕ ਕੇ, ਮੋੜ ਕੇ ਆਤਮ ਚਿੰਤਨ ਵਿਚ ਲਗਾਵੇ।

27. ਜਿਸ ਦਾ ਮਨ ਸ਼ਾਂਤ ਹੈ ਜਿਹੜਾ ਪਾਪ ਤੋਂ ਰਹਿਤ ਹੈ ਜਿਸ ਦਾ ਰਜੋ ਗੁਣ ਸ਼ਾਂਤ ਹੋ ਚੁੱਕਾ ਹੈ, ਜੋ ਪਾਪਾਂ ਤੋਂ ਮੁਕਤ ਹੋ ਗਿਆ ਹੈ ਜਿਹੜਾ ਸਦਾ ਹੀ ਬ੍ਰਹਮਲੀਨ ਰਹਿੰਦਾ ਹੈ, ਉਹ ਹੀ ਪਰਮ ਸੁੱਖ ਮਾਣ ਸਕਦਾ ਹੈ।

28. ਇਸ ਤਰ੍ਹਾਂ ਜਿਹੜਾ ਯੋਗੀ, ਆਤਮਾ ਨਾਲ ਜੁੜ ਕੇ ਪ੍ਰਮਾਤਮਾ ਨਾਲ ਜੁੜਦਾ ਹੈ, ਬ੍ਰਹਮ ਨਾਲ ਜੁੜਦਾ ਹੈ ਉਹ ਪਰਮ ਅਨੰਦ ਦੀ ਪ੍ਰਾਪਤੀ ਕਰਦਾ ਹੈ।

ਚੌਵੀਵੇਂ ਸ਼ਲੋਕ ਤੋਂ ਅਠਾਈਵੇਂ ਸ਼ਲੋਕ ਤਕ ਸਾਧਨਾ ਦੀ ਵਿਆਖਿਆ ਕੀਤੀ ਗਈ ਹੈ ਅਤੇ ਸਾਧਕ ਨੂੰ ਪ੍ਰੇਰਨਾ ਦਿਤੀ ਗਈ ਹੈ। ਹੁਣ ਤਕ ਛੇਵੇਂ ਅਧਿਆਏ ਵਿਚ ਕ੍ਰਿਸ਼ਨ ਜੀ ਯੋਗੀ ਦੀ ਹਾਲਤ ਵਰਨਣ ਕਰ ਰਹੇ ਸਨ, ਹੁਣ ਉਹ ਅੰਦਰ ਦੇ ਅਭਿਆਸ ਦਾ ਤਰੀਕਾ ਦਸਦੇ ਹਨ, ਇਨ੍ਹਾਂ ਸ਼ਲੋਕਾਂ ਵਿਚ ਮਨੁੱਖ ਦਾ ਨਿਰਾਸ਼ਾਵਾਦੀ ਸੁਭਾਅ ਵੀ ਦਰਸਾਇਆ ਗਿਆ ਹੈ। ਇਹ ਵੀ ਸਿਖਿਆ ਦਿਤੀ ਗਈ ਹੈ ਕਿ ਸਾਧਕ ਕੋਈ ਵੀ ਇਹੋ ਜਿਹਾ ਕਰਮ ਨਾ ਕਰੇ, ਜਿਹੜਾ ਉਸ ਲਈ ਹਾਨੀਕਾਰਕ ਹੋਵੇ। ਸਵੇਰ ਤੋਂ ਸ਼ਾਮ ਤਕ, ਸ਼ਾਮ ਤੋਂ ਸਵੇਰ ਤਕ ਸਾਧਕ ਦੀਆਂ ਸਾਰੀਆਂ ਕ੍ਰਿਆ ਸੰਸਕਾਰ ਬੜੇ ਹੀ ਬਲਵਾਨ ਹੁੰਦੇ ਹਨ, ਮਨੁੱਖ ਲੋਭ ਮੋਹ ਦਾ ਭਰਿਆ ਪਿਆ ਹੈ। ਲੋੜ ਹੈ ਇਕਾਗਰ ਮਨ ਦੀ, ਦ੍ਰਿੜ੍ਹਤਾ ਦੀ, ਦ੍ਰਿੜ੍ਹ ਵਿਸ਼ਵਾਸ਼ ਦੀ, ਇੱਛਾ ਸ਼ਕਤੀ ਦੀ; ਇਸ ਤੋਂ ਬਿਨਾਂ ਜੀਵਨ ਮਨੋਰਥ ਦੀ ਪੂਰਤੀ ਨਹੀਂ ਹੋ ਸਕਦੀ।

ਇਕਾਗਰ ਹੋ ਕੇ ਸਾਧਕ ਖਿੰਡੇ ਹੋਏ ਮਨ ਨੂੰ ਸਮੇਟਦਾ ਹੈ, ਆਪਣੀ ਪੂਰੀ ਸਮਰੱਥਾ ਨਾਲ ਫੇਰ ਉਹ ਅੰਦਰ ਦੇ ਮਾਰਗ ਤੇ ਤੁਰਨਾ ਸ਼ੁਰੂ ਕਰਦਾ ਹੈ, ਜਿਹੜਾ ਸੁਚੇਤ ਹੋ ਕੇ ਆਪਣੇ ਰਜੋ ਗੁਣਾਂ ਤੇ ਕਾਬੂ ਪਾ ਲੈਂਦਾ ਹੈ। ਜਿਸ ਦਾ ਮਨ ਸ਼ਾਂਤ ਹੋ ਗਿਆ ਹੈ ਉਸ ਲਈ ਅੰਤਰ ਧਿਆਨ ਹੋਣਾ, ਅੰਦਰ ਦੇ ਮਾਰਗ ਤੇ ਚਲਣਾ ਕੋਈ ਔਖਾ ਨਹੀਂ। ਸਾਰੀਆਂ ਇਛਾਵਾਂ ਤੋਂ ਜਿਸ ਨੇ ਛੁਟਕਾਰਾ ਪਾ ਲਿਆ ਹੈ, ਜਿਹੜਾ ਸੰਸਾਰ ਦੇ ਭੋਗਾਂ ਤੋਂ ਉਪਰ ਹੋ ਗਿਆ, ਜਿਸ ਨੇ ਵਾਸ਼ਨਾਵਾਂ ਤੇ ਕਾਬੂ ਪਾ ਲਿਆ ਹੈ ਇਹੋ ਜਿਹਾ ਯੋਗੀ, ਆਤਮ ਮਾਰਗ ਤੇ ਚਲ ਕੇ ਆਤਮ ਸਾਧਨਾ ਤੇ ਪਹੁੰਚ ਜਾਂਦਾ ਹੈ। ਇਥੇ ਇਹ ਦਸਣਾ ਅਵੱਸ਼ਕ ਹੈ ਕਿ ਇਸ ਅਵਸਥਾ ਦੀ ਪ੍ਰਾਪਤੀ ਉਤਸ਼ਾਹਹੀਨ ਹੋ ਕੇ ਕੀਤੀ ਗਈ ਸਾਧਨਾ ਨਾਲ ਜਾਂ ਫੇਰ ਕਿਤੇ ਕਿਤੇ, ਕਦੀ ਕਦਾਈਂ ਕੀਤੀ ਗਈ ਸਾਧਨਾ ਨਾਲ ਨਹੀਂ ਹੁੰਦੀ, ਇਸ ਤੋਂ ਉਲਟ ਇਸ ਅਵਸਥਾ ਦੀ ਪ੍ਰਾਪਤੀ ਕੇਵਲ ਤਦ ਹੀ ਹੁੰਦੀ ਹੈ ਜਦੋਂ ਜੀਵਨ ਦਾ ਮਨੋਰਥ ਕੇਵਲ ਸਾਧਨਾ ਹੀ ਹੋਵੇ, ਸੋਚਣੀ, ਕਥਨੀ, ਕਰਨੀ ਵੀ ਸਾਧਨਾ ਦੇ ਅਨੁਕੂਲ ਹੋਣ, ਫੇਰ ਸਾਧਨਾ ਪੂਰਨ ਹੁੰਦੀ ਹੈ। ਸਾਧਕ ਜੇਕਰ ਸਬਰ, ਸੰਤੋਖ ਵਾਲਾ ਹੋਵੇ, ਉਸ ਦੀ ਕੇਵਲ ਇਕ ਹੀ ਇੱਛਾ ਹੋਵੇ, ਆਤਮ ਸਾਧਨਾ ਦੀ ਇੱਛਾ, ਤਾਂ ਹੀ ਇਸ ਅਵਸਥਾ ਦੀ ਪ੍ਰਾਪਤੀ ਸੰਭਵ ਹੈ।

ਅੱਜ ਦੇ ਵਿਦਿਆਰਥੀ ਕੋਲ ਸਾਧਕ ਕੋਲ ਨਾ ਤਾਂ ਸਬਰ ਹੈ, ਨਾ ਧੀਰਜ ਹੈ, ਨਾ ਦ੍ਰਿੜ੍ਹਤਾ ਹੈ, ਉਹ ਤਾਂ ਇਹ ਚਾਹੁੰਦੇ ਹਨ ਕਿ ਛੇਤੀਂ ਤੋਂ ਛੇਤੀਂ ਫਲ ਪ੍ਰਾਪਤੀ ਹੋ ਜਾਵੇ, ਮਿਹਨਤ ਨਾ ਕਰਨੀ ਪਵੇ। ਇਨ੍ਹਾਂ ਦਾ ਤਾਂ ਬਿਲਕੁਲ ਇਹ ਹਾਲ ਹੈ ਜਿਵੇਂ ਬੱਚੇ ਕੋਈ ਬੀਜ ਧਰਤੀ ਵਿਚ ਪਾ ਦੇਣ, ਉਤੋਂ ਪਾਣੀ ਦੇ ਦੇਣ, ਦੂਸਰੇ ਦਿਨ ਸਵੇਰੇ ਦੇਖਣ ਕਿ ਬੀਜ ਕਿਉਂ ਨਹੀਂ ਫੁੱਟ ਕੇ ਬਾਹਰ ਆਇਆ। ਫੇਰ ਧਰਤੀ ਪੁੱਟ ਕੇ ਦੇਖਣੀ ਕਿ ਸੱਚਮੁੱਚ ਬੀਜ ਕਿਉਂ ਨਹੀਂ ਆਇਆ। ਸਾਧਨਾ ਕਰਨ ਲਈ ਧੀਰਜ ਸਭ ਤੋਂ ਵੱਧ ਲੋੜੀਂਦਾ ਗੁਣ ਹੈ। ਜਿਹੜਾ ਵੀ ਪੂਰੀ ਦ੍ਰਿੜ੍ਹਤਾ ਨਾਲ ਸਾਧਨਾ ਕਰਦਾ ਰਹੇ ਅਤੇ ਆਪਣਾ ਮਾਰਗ ਨਾ ਬਦਲੇ ਉਹ ਉਸ ਇਕ ਦੀ, ਅਟੱਲ ਅਮਰ ਦੀ ਪ੍ਰਾਪਤੀ ਕਰ ਲੈਂਦਾ ਹੈ। ਜਿਹੜੇ ਮਾਰਗ ਬਦਲਦੇ ਰਹਿੰਦੇ ਹਨ ਉਨ੍ਹਾਂ ਦਾ ਤਾਂ ਉਹ ਹੀ ਹਾਲ ਹੁੰਦਾ ਹੈ ਜਿਵੇਂ ਜੇ ਕਿਸੇ ਨੇ ਸ਼ਹਿਰ ਜਾਣਾ ਹੋਵੇ ਉਹ ਸੜਕ ਤੇ ਤੁਰ ਪਵੇ, ਥੋੜ੍ਹੀ ਦੂਰ ਜਾ ਕੇ ਮੁੜ ਆਵੇ, ਫੇਰ ਦੂਸਰੇ ਦਿਨ ਸਵੇਰੇ ਉਠ ਕੇ ਦੂਸਰੇ ਰਸਤੇ ਤੇ ਤੁਰ ਪਵੇ, ਥੋੜ੍ਹੀ ਦੂਰ ਜਾ ਕੇ ਫੇਰ ਮੁੜ ਆਵੇ, ਜੇ ਉਹ ਇਸ ਤਰ੍ਹਾਂ ਹੀ ਕਰਦਾ ਰਹੇ ਉਹ ਕਦੀ ਵੀ ਸ਼ਹਿਰ ਨਹੀਂ ਪਹੁੰਚ ਸਕਦਾ। ਰਸਤੇ ਬਦਲਣ ਨਾਲ ਪੈਂਡਾ ਛੇਤੀਂ ਨਹੀਂ ਕੱਟਿਆ ਜਾਂਦਾ। ਪੈਂਡਾ ਕੱਟਣ ਲਈ ਦ੍ਰਿੜ੍ਹਤਾ ਨਾਲ, ਵਿਸ਼ਵਾਸ਼ ਨਾਲ ਇਕੋ ਰਸਤੇ ਉਤੇ ਟੁਰਨਾ ਪਵੇਗਾ।

ਹੇਠ ਲਿਖੀਆਂ ਕੁਝ ਗੱਲਾਂ ਤੇ ਅਮਲ ਕਰਨਾ ਕਿਸੇ ਵੀ ਸਾਧਕ ਲਈ ਬਹੁਤ ਜ਼ਰੂਰੀ ਹੈ।

1. ਜਿਸ ਮਾਰਗ ਤੇ ਵੀ ਸਾਧਕ ਚਲ ਰਿਹਾ ਹੋਵੇ, ਸਾਧਕ ਨੂੰ ਉਸ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ।

2. ਉਸ ਮਾਰਗ ਤੇ ਚੱਲਣ ਲਈ ਉਸ ਨੂੰ ਪੂਰੀ ਪੂਰੀ ਤਿਆਰੀ ਕਰ ਲੈਣੀ ਚਾਹੀਦੀ ਹੈ ਭਾਵ ਜੋ ਜੋ ਵੀ ਲੋੜੀਂਦਾ ਹੈ ਉਸ ਨੂੰ ਆਪਣੇ ਅੰਦਰ ਪੈਦਾ ਕਰ ਲੈਣਾ ਚਾਹੀਦਾ ਹੈ, ਪੂਰੇ ਅਨੁਸਾਸ਼ਨ ਵਿਚ ਆ ਜਾਣਾ ਚਾਹੀਦਾ ਹੈ, ਸੰਜਮ ਧਾਰਨ ਕਰ ਲੈਣਾ ਚਾਹੀਦਾ ਹੈ।

3. ਬੜੇ ਹੀ ਸਬਰ, ਸੰਤੋਖ ਨਾਲ ਦ੍ਰਿੜ੍ਹਤਾ ਨਾਲ ਉਸ ਨੂੰ ਆਪਣੇ ਮਾਰਗ ਤੇ ਚਲਣਾ ਚਾਹੀਦਾ ਹੈ। ਉਸ ਨੂੰ ਆਪਣਾ ਮੰਤਵ ਕਦੀ ਨਹੀਂ ਭੁੱਲਣਾ ਚਾਹੀਦਾ, ਸੰਜਮ ਧਾਰਨ ਕਰ ਲੈਣਾ ਚਾਹੀਦਾ ਹੈ ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ, ਭਾਵੇਂ ਉਹ ਪੜ੍ਹ ਰਿਹਾ ਹੋਵੇ, ਭਾਵੇਂ ਖਾ ਰਿਹਾ ਹੋਵੇ, ਵਰਜਿਸ਼ ਕਰ ਰਿਹਾ ਹੋਵੇ।

(ਬਾਕੀ ਪੰਨਾ 61 ਤੇ)



Sri Satguru Jagjit Singh Ji eLibrary NamdhariElibrary@gmail.com

# ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

*ਗਿਆਨੀ ਮੇਹਰ ਸਿੰਘ*

## ਸੁਲੇਮਾਨ ਦਾ ਉਧਾਰ

ਕਈ ਸਾਲਾਂ ਤੋਂ ਸੰਤ ਮਹਾਰਾਜ ਯੂ.ਪੀ. ਨੂੰ ਦੀਵਾਨਾਂ ਤੇ ਦਰਸ਼ਨ ਮੇਲਿਆਂ ਲਈ ਕਾਫੀ ਸਮਾਂ ਬਖਸ਼ਦੇ ਸਨ। ਗੱਲ ਅਕਤੂਬਰ 1967 ਦੀ ਹੈ ਜਦੋਂ ਕਿ ਸਤਾਰਾਂ ਤਰੀਕ ਨੂੰ ਸੁਬ੍ਹਾ ਇਕ ਨੌਜਵਾਨ ਮੁੰਡਾ ਕੁਰਸੀ ਸਮੇਂ ਹੀ ਖੇਡਣ ਲਗ ਪਿਆ। ਇਸ ਦੀ ਸ਼ਕਲ ਮੋਮਨਾਂ ਵਰਗੀ ਸੀ। ਕਿਰਿਆ ਗੰਦੀ ਸੀ ਉਰਦੂ ਹੀ ਆਮ ਤੌਰ ਤੇ ਬੋਲਦਾ ਸੀ। ਜਦੋਂ ਸਿਰ ਹੀ ਮਾਰੀ ਜਾਵੇ ਤਦ ਸੁਭਾਵਕ ਹੀ ਮਹਾਂਪੁਰਖਾਂ ਦਇਆ ਕਰਕੇ ਕਿਹਾ, "ਕੀ ਗੱਲ ਹੈ? ਇਹ ਕੌਣ ਹੈ?" ਇਸ ਨੇ ਕਿਹਾ, "ਮੈਂ ਅੱਜ ਤਕ ਕਿਧਰੇ ਝੁਕਿਆ ਨਹੀਂ, ਨਾ ਹੀ ਕਿਸੇ ਨਾਲ ਕੋਈ ਗੱਲ ਹੀ ਕੀਤੀ ਹੈ ਪਰ ਤੁਹਾਨੂੰ ਉਤਰ ਦੇਣ ਤੋਂ ਅਸਮਰਥ ਹਾਂ। ਕ੍ਰਿਪਾ ਕਰਕੇ ਨਿਜੀ ਤੌਰ ਪਰ ਮੇਹਰ ਕਰਕੇ ਇਕਾਂਤ ਵਿਚ ਸਮਾਂ ਬਖਸ਼ੋ ਤਾਂ ਜੋ ਮੇਰੀ ਅਪਦਾ ਹਰ ਕੇ ਮੇਰੀ ਕੋਈ ਕਲਿਆਣ ਦੀ ਰਾਹ ਨਿਕਲ ਸਕੇ।" ਮਹਾਂਪੁਰਖ ਦਿਆਲ ਹੋ ਕੇ ਅਗਲੇ ਦਿਨ ਇਕਾਂਤ ਗੁਫਾ ਪਰ ਪੁਜਣ ਲਈ ਆਗਿਆ ਕੀਤੀ ਸੀ।

ਇਹ ਦੂਸਰੇ ਦਿਨ ਸਵੇਰੇ ਪੁਜ ਗਿਆ। ਮਹਾਂਪੁਰਖਾਂ ਕ੍ਰਿਪਾ ਦ੍ਰਿਸ਼ਟੀ ਕਰਕੇ ਇਸ ਦਾ ਦੁਖ ਹਰਨ ਲਈ ਦ੍ਰਵੇ ਹਿਰਦੇ ਹੋ ਪੁੱਛਿਆ "ਦਸੋ ਭਾਈ ਕੀ ਹੈ? ਅਸੀਂ ਤੇਰੇ ਲਈ ਕੀ ਕਰ ਸਕਦੇ ਹਾਂ?"

ਇਸ ਨੇ ਕਹਿਣਾ ਅਰੰਭ ਕੀਤਾ, "ਮੈ ਈਰਾਨ ਦਾ ਵਸਨੀਕ ਹਾਂ ਤੇ ਮਹਿਮੂਦ ਗਜ਼ਨਵੀ ਦੇ ਹਮਲੇ ਸਮੇਂ ਆਪਣੇ ਦੇਸ਼ ਤੋਂ ਏਧਰ ਆਇਆ ਸਾਂ। ਉਹ ਕੇਵਲ ਲੁਟਣ ਨੂੰ ਹੀ ਆਇਆ ਸੀ। ਆਪਣਾ ਮਤਲਬ ਕਢ ਕੇ ਚਲਾ ਗਿਆ ਪਰ ਮੈਂ ਇਧਰ ਇਕ ਨਗਰ ਠਹਿਰ ਗਿਆ ਜੋ ਪਿਛੋਂ ਜਾ ਕੇ ਮੁਗਲਾਂ ਸਮੇਂ ਮੁਗਲ ਖੇੜਾ ਬਣ ਗਿਆ, ਪਹਿਲਾਂ ਕੇਵਲ ਖੇੜਾ ਹੀ ਨਾਮ ਸੀ। ਮੇਰੀਆਂ ਤਿੰਨ ਇਸਤਰੀਆਂ ਸਨ। ਸੰਤਾਨ ਕੇਵਲ ਇਕ ਲੜਕੀ ਸੀ। ਮੈਂ ਜਾਦੂ ਟੂਣੇ ਤਵੀਤ ਕਰਦਾ ਸਾਂ ਤੇ ਭੂਤਾਂ ਦੀਆਂ ਖੇਡਾਂ ਖੇਡਦਾ ਸੀ। ਕਈਆਂ ਨੂੰ ਆਪ ਹੀ ਭੂਤਾਂ ਆਦਿਕ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਤੋਂ ਪੈਸੇ ਵਸੂਲ ਕਰਦਾ ਸਾਂ। ਕਈ ਬੇਗੁਨਾਹ ਹਿੰਦੂ ਮੇਰੀ ਧੀਂਗਾ ਮੁਸ਼ਤੀ ਦਾ ਸ਼ਿਕਾਰ ਹੋ ਗਏ। ਇਕ ਨੌਜਵਾਨ ਲੜਕਾ ਮੇਰੀ ਲੜਕੀ ਨੂੰ ਪਿਆਰ ਕਰਦਾ ਸੀ। ਮੈਂ ਉਸ ਨੂੰ ਪਸੰਦ ਨਹੀਂ ਕਰਦਾ ਸੀ। ਸੱਤਰ ਸਾਲ ਤੋਂ ਉਪਰ ਹੋ ਕੇ ਮੇਰੀ ਮੌਤ ਹੋ ਗਈ।

ਭੂਤਾਂ ਦਾ ਗੁਰੂ ਭੂਤ ਹੀ ਬਣੇਗਾ। ਮੇਰੀ ਕਬਰ ਬਣ ਗਈ ਜੋ ਅੱਜ ਵੀ ਹੈ ਤੇ ਲੋਕ ਉਸ ਨੂੰ ਸਤਿਕਾਰਦੇ ਹਨ, ਸ਼ੀਰਨੀਆਂ ਚੜ੍ਹਾਂਦੇ ਹਨ। ਅਜ਼ਰਾਈਲ ਫਰੇਸ਼ਤਾ ਦੇ ਦੂਤ ਆਏ ਤੇ ਮੈਨੂੰ ਖੁਦਾਵੰਦ ਦੀ ਦਰਗਾਹ ਤੋਂ ਬਾਹਰ ਕਢ ਦਿਤਾ ਗਿਆ ਕਿ ਇਹ ਮਹਾਨ ਪਲੀਤ ਮਨੁਖ ਹੈ। ਇਸ ਨੂੰ ਦੋਜ਼ਖ ਵਿਚ ਵੀ ਨਹੀਂ ਰਖ ਸਕਦੇ। ਬੇ-ਪੀਰੇ ਮੁਰਸ਼ਦ ਹੋਣ ਕਰਕੇ ਗੁਨਾਹਾਂ ਦੀ ਤਲਾਫੀ ਕੌਣ ਕਰਦਾ। ਸੋ ਮੈਨੂੰ ਅਧੋਗਤੀ ਦੀ ਜੂਨ ਭੋਗਣ ਲਈ ਧਰਤੀ ਪਰ ਧੱਕਾ ਦਿਤਾ ਗਿਆ। ਮੈਂ ਪ੍ਰਵਰਦਗਾਰ ਤੋਂ ਗੁਨਾਹ ਲਈ ਮਾਫੀ ਦੀ ਦਰਖਾਸਤ ਕੀਤੀ ਤਦ ਹੁਕਮ ਹੋਇਆ ਕਿ ਲੰਬਾ ਸਮਾਂ ਭਟਕਣ ਪਿਛੋਂ ਕੋਈ ਬਖਸ਼ੀ ਹੋਈ ਪਾਵਨ ਆਤਮਾ ਹੀ ਤੇਰੀ ਕਲਿਆਣ ਦਾ ਕਾਰਣ ਹੋ ਸਕੇਗੀ।

ਸਦੀਆਂ ਲੰਘੀਆਂ ਹਨ। ਮੇਰੀ ਭਟਕਣ ਸਿਖਰਾਂ ਪਰ ਹੈ। ਸਰੀਰ ਦਾ ਕੋਈ ਬੋਝ ਨਹੀਂ ਪਰ ਤ੍ਰਿਸ਼ਨਾ ਦੀ ਹੱਦ ਹੈ। ਕਦੇ ਵੀ ਮਨ ਨੂੰ ਸ਼ਾਂਤੀ ਤੇ ਤ੍ਰਿਪਤੀ ਪ੍ਰਾਪਤ ਨਹੀਂ ਹੁੰਦੀ। ਮਨੁਖ ਜੂਨੀ ਅੰਦਰ ਵਸਦੇ ਲੋਕਾਂ ਨੂੰ ਸੁਖੀ ਤੇ ਕਰਮ, ਧਰਮ ਤੇ ਪਾਵਨ ਕਰਮ ਕਰਦੇ ਤਕ ਕੇ ਮੈਂ ਹਰ ਸਮੇਂ ਹੀ ਕਲਪਦਾ ਹਾਂ। ਮੈਂ ਆਪਣੀ ਕਬਰ ਦੇ ਚੌਤਰਫੇ ਹੀ ਭਟਕਦਾ ਫਿਰਦਾ ਸੀ।

1947 ਦੇ ਬਾਅਦ ਡਾਕਟਰ ਸ਼ੇਰ ਸਿੰਘ ਜੋ ਮੇਰੇ ਇਸ ਕਬਜ਼ਾ ਕੀਤੇ ਘਰ ਵਿਚ ਰਹਿੰਦੇ ਨੌਜਵਾਨ ਦਾ ਪਿਤਾ ਹੈ, ਉਸ ਨੂੰ ਜ਼ਮੀਨ ਅਲਾਟ ਹੋਈ। ਮੈਂ ਇਸ ਲੜਕੇ ਨੂੰ ਆਉਂਦੇ ਹੀ ਪਛਾਣ ਲਿਆ ਕਿ ਇਹ ਮੇਰੀ ਲੜਕੀ ਦਾ ਆਸ਼ਕ ਲਗਦਾ ਹੈ ਜਿਸ ਨੂੰ ਮੈਂ ਨਫਰਤ ਕਰਦਾ ਸੀ ਪਰ ਹੁਣ ਇਹ ਸਿਖ ਦੇ ਘਰ ਜੰਮ ਕੇ ਆਇਆ ਸੀ। ਇਸ ਨੇ ਮੇਰੀ ਕਬਰ ਦੇ ਨਾਲ ਹੀ ਆ ਕੇ ਪੇਸ਼ਾਬ ਕੀਤਾ, ਤਦੋਂ ਹੀ ਪਲੀਤ ਹੋਣ ਕਰਕੇ ਮੇਰੇ ਕਬਜ਼ੇ ਆ ਗਿਆ। ਸ਼ੁਧ ਕਿਰਿਆ ਤੇ ਸ਼ੁਧ ਮਨ ਪਰ ਕਦੇ ਵੀ ਕਿਸੇ ਬਦਰੂਹ ਨੂੰ ਕਬਜ਼ਾ ਕਰਨ ਦਾ ਹੀਆ ਨਹੀਂ ਪੈ ਸਕਦਾ। ਹੁਣ ਇਹ ਮੇਰਾ ਸ਼ਿਕਾਰ ਸੀ। ਚਾਰ ਸਾਲ ਤਾਂ ਸਾਹ ਨਹੀਂ ਨਿਕਲਿਆ, ਫਿਰ ਵਡਭਾਗ ਸਿੰਘ ਦੀ ਧੌਲੀ ਧਾਰ ਹੇਠਾਂ ਮੈਂ ਮੰਨਿਆ ਕਿ ਮੇਰਾ ਨਾਮ ਸੁਲੇਮਾਨ ਹੈ ਪਰ ਮੈਂ ਇਸ ਨੂੰ ਛਡਣਾ ਨਹੀਂ। ਇਸ ਦੇ ਪਿਤਾ ਨੇ ਕਈ ਮਾਂਦਰੀ ਜੰਤਰ ਤੰਤਰ ਤੇ ਤਵੀਤਾਂ ਵਾਲੇ ਸੱਦੇ ਪਰ ਉਹ ਮੰਤਰ ਤੇ ਕਈ ਕਲਾਮ ਮੇਰੇ ਆਪਣੇ ਹੀ ਯਾਦ ਸਨ ਫਿਰ ਮੇਰੇ ਤੇ ਕੀ ਅਸਰ ਹੋਣਾ ਸੀ।

ਕਲ੍ਹ ਤੁਹਾਡੀ ਦਰਗਾਹ ਵਿਚ ਹਾਜ਼ਰ ਹੋਏ, ਤਦ ਮੇਰੀ ਜ਼ਮੀਰ ਨੇ ਕਿਹਾ "ਹੁਣ ਇਥੇ ਅੜੀ ਨਾ ਕਰੀਂ ਤੇ ਸਿਧਾ ਹੋ ਕੇ ਕਲਿਆਣ ਦੀ ਰਾਹ ਫੜ, ਇਹੀ ਬਾਰਗਾਹੇ ਇਲਾਹੀ ਤੋਂ ਤੈਨੂੰ ਬਖਸ਼ਵਾ ਦੇਣਗੇ। ਹੁਣ ਖੁੰਝ ਕੇ ਫਿਰ ਕੋਈ ਟਿਕਾਣਾ ਨਹੀਂ ਹੈ। ਸੋ ਮੇਹਰ ਕਰੋ ਤੇ ਮੈਨੂੰ ਇਸ ਦੋਜਖ ਦੀ ਅੱਗ ਤੋਂ ਨਿਜਾਤ ਦਿਵਾਉ।"

ਮਹਾਨ ਪੁਰਖ ਦਿਆਲ ਹੋਏ ਤੇ ਫੁਰਮਾਨ ਕੀਤਾ, "ਕਲਿਆਣ ਤਾਂ ਸਿਮਰਨ ਸਾਧਨ ਰਾਹੀਂ ਅਤੇ ਆਤਮ ਗਿਆਨ ਦੀ ਪ੍ਰਾਪਤੀ ਰਾਹੀਂ ਹੀ ਹੋ ਸਕਦੀ ਹੈ। ਜੇਕਰ ਚਾਹੋ ਤਦ ਅਸੀਂ ਖੁਦਾਵੰਦ ਕਰੀਮ ਤੋਂ ਤੇਰੇ ਲਈ ਇਕ ਮਨੁੱਖਾ ਜਨਮ ਦੀ ਮੰਗ ਕਰ ਸਕਦੇ ਹਾਂ। ਉਹ ਮੇਹਰ ਕਰਕੇ ਬਖਸ਼ ਦੇਵੇਗਾ। ਫਿਰ ਤੂੰ ਸਰੀਰ ਕਰਕੇ ਸਿਮਰਨ ਦਾ ਸਾਧਨ ਕਰਨਾ ਤੇ ਅੰਤ ਨੂੰ ਕਲਿਆਣ ਦੇ ਰਾਹ ਤੁਰ ਕੇ ਫਿਰ ਅੰਤਮ ਸਮੇਂ ਖੁਦਾਵੰਦ ਕਰੀਮ ਦੀ ਦਰਗਾਹ ਵਿਚ ਸੁਚੱਜਾ ਤੇ ਸਾਫ ਸੇਵਕਾਂ ਸੰਤਾਂ ਤੇ ਸਿਖਾਂ ਵਾਲਾ ਮੰਤਰ ਲੈ ਕੇ ਜਾਏਂਗਾ, ਬਖਸ਼ਿਸ਼ ਹੋ ਜਾਵੇਗੀ।"

'ਆਤਮ ਮਾਰਗ', ਅਕਤੂਬਰ, 1999



Sri Satguru Jagjit Singh Ji eLibrary NamdhariElibrary@gmail.com

ਸੁਲੇਮਾਨ ਨੇ ਬੇਨਤੀ ਕੀਤੀ, ਦਸੋ ਮੈਂ ਕਿਸ ਤਰ੍ਹਾਂ ਤੇ ਕਿਧਰ ਜਾ ਕੇ ਜਨਮ ਲਵਾਂ। ਉਸ ਸਮੇਂ ਜਦੋਂ ਕਿ ਸੁਲੇਮਾਨ ਇਹ ਪੁਛਣ ਲਗਾ, ਮਹਾਂਪੁਰਖਾਂ ਦੀ ਦ੍ਰਿਸ਼ਟੀ ਗਿਆਨੀ ਗੁਰਦੇਵ ਸਿੰਘ ਰਨੇਵਾਲ ਲਲਤੋਂ ਪਰ ਪਈ ਜੋ ਸਿਰ ਨੀਵੀਂ ਪਾਈ ਸਾਰੀ ਵਾਰਤਾ ਸੁਣ ਰਿਹਾ ਸੀ। ਇਸ ਦੇ ਘਰ ਕੇਵਲ ਇਕੋ ਹੀ ਬੱਚੀ ਸੀ ਹੋਰ ਕੋਈ ਵੀ ਬੱਚਾ ਨਹੀਂ ਸੀ ਹੋਇਆ। ਸੰਤ ਮਹਾਰਾਜ ਨੇ ਫੁਰਮਾਇਆ, "ਸੁਣਾ ਗਹਿਗਡ! ਜੇਕਰ ਤੂੰ ਚਾਹੇਂ, ਤਦ ਸੁਲੇਮਾਨ ਦਾ ਉਧਾਰ ਤੇਰੇ ਰਾਹੀਂ ਹੋ ਸਕਦਾ ਹੈ। ਇਹ ਤੇਰੇ ਹੀ ਗ੍ਰਹਿ ਵਿਖੇ ਬੱਚਾ ਬਣ ਕੇ ਆਵੇਗਾ ਤੇ ਫਿਰ ਵੱਡਾ ਹੋ ਕੇ ਸਿਖੀ ਧਾਰਨ ਕਰੇਗਾ।" ਹੱਸ ਕੇ ਕਿਹਾ, "ਸੁਲੇਮਾਨ! ਇਥੇ ਤੂੰ ਧਨੀ ਤਾਂ ਨਹੀਂ ਪਰ ਸਿਖੀ ਸਿਦਕ ਦਾ ਧਨ ਜ਼ਰੂਰ ਹਾਸਲ ਕਰ ਲਵੇਂਗਾ।" "ਸਤਿ ਬਚਨ, ਮੈਨੂੰ ਧਨ ਨਹੀਂ, ਸਿਦਕ ਸ਼ਾਂਤੀ ਤੇ ਆਖਰ ਨੂੰ ਖੁਦਾਵੰਦ ਦੇ ਦਰਬਾਰ ਤੋਂ ਬਖਸ਼ਿਸ਼ ਮਿਲੇ। ਹੋਰ ਪਦਾਰਥਾਂ ਦੀ ਲੋੜ ਨਹੀਂ ਹੈ।" ਸੰਤ ਮਹਾਰਾਜ ਨੇ ਇਕ ਸੇਬ ਹਥੋਂ ਗੁਰਦੇਵ ਸਿੰਘ ਨੂੰ ਦਿਤਾ ਤੇ ਕਿਹਾ ਕਿ ਜਾ ਕੇ ਘਰ ਵਾਲੀ ਨੂੰ ਛਕਾਈਂ। ਵਾਹਿਗੁਰੂ ਦੀ ਮੇਹਰ ਹੋਵੇਗੀ।

ਪੂਰੇ ਨੌਂ ਮਹੀਨੇ ਦਸ ਦਿਨ ਪਿਛੋਂ ਅਠਵੇਂ ਮਹੀਨੇ ਦੀ ਦਸ ਤਰੀਕ ਨੂੰ ਗਹਿਗਡ ਦੇ ਗ੍ਰਹਿ ਵਿਖੇ ਬੱਚੇ ਨੇ ਜਨਮ ਲਿਆ ਤੇ ਫਿਰ ਸੰਤ ਮਹਾਰਾਜ ਦੀ ਆਗਿਆ ਤੇ ਗੁਰੂ ਮਹਾਰਾਜ ਦੇ ਮਹਾਂਵਾਕ ਲਏ ਤੇ ਨਾਮ ਗੁਰਮੀਤ ਸਿੰਘ ਹੀ ਬਖਸ਼ਿਸ ਹੋਇਆ ਸੀ।

ਇਹ ਖਬਰ ਛਪਣ ਤੇ ਕਾਫੀ ਗਰਮ ਪ੍ਰਚਾਰਕਾਂ ਨੇ ਪੰਥ ਅੰਦਰ ਕਾਫੀ ਹਲਚਲੀ ਮਚਾਈ ਸੀ। ਕੁਝ ਅਖਬਾਰਾਂ ਨੇ ਹੱਕ ਵਿਚ ਤੇ ਕਈਆਂ ਨੇ ਵਿਰੁਧ ਵੀ ਲੇਖ ਲਿਖੇ ਸਨ। ਮੈਂ ਹਿੰਦ ਸਮਾਚਾਰ ਵਿਚ ਵਿਰੋਧੀ ਲੇਖ ਪੜ੍ਹਿਆ ਜਿਸ ਦਾ ਸਾਰ ਸੀ ਕਿ ਪ੍ਰੇਤ ਅਧ-ਸੜੀ ਲਾਸ਼ ਨੂੰ ਕਿਹਾ ਜਾਂਦਾ ਹੈ। ਫਿਰ ਉਹ ਦੂਸਰੇ ਵਿਚ ਵੀ ਪ੍ਰਵੇਸ਼ ਨਹੀਂ ਕਰ ਸਕਦਾ। ਮੈਂ ਉਤਰ ਵਿਚ ਲਾਲਾ ਜੀ ਨੂੰ ਜੋ ਪੱਤਰ ਲਿਖਿਆ ਉਸ ਦਾ ਹਵਾਲਾ ਦੇਣਾ ਜ਼ਰੂਰੀ ਸਮਝਦਾ ਹਾਂ।

"ਮੈਂ ਕਿਸੇ ਬਹਿਸ ਵਿਚ ਹੋਰ ਦਲੀਲਬਾਜ਼ੀ ਅੰਦਰ ਨਹੀਂ ਪੈਂਦਾ। ਮੈਂ ਤਾਂ ਮੋਟੀ ਬੁਧੀ ਦਾ ਮਾਲਕ ਹਾਂ। ਆਪਣੀ ਮਤ ਅਨੁਸਾਰ ਹੀ ਅਰਜ਼ ਕਰਦਾ ਹਾਂ। ਸੰਤਾਂ ਦਾ ਧਰਮ ਸੰਸਾਰ ਨੂੰ ਕਲਪਣਾ ਰਹਿਤ ਕਰਨਾ ਤੇ ਲੋਕਾਂ ਦੇ ਦੁਖ ਹਰਨ ਦਾ ਹਰ ਉਪਰਾਲਾ ਕਰਨਾ ਹੈ। ਇਕੋ ਸਮੇਂ ਇਕੋ ਜਗ੍ਹਾ ਦੋ ਦੁਖੀ ਬੀਮਾਰ ਤੇ ਕਲਪਦੇ ਮਨੁੱਖ ਸੰਤ ਜੀ ਮਹਾਰਾਜ ਪਾਸ ਪੁਜਦੇ ਹਨ। ਇਕ ਦਿਮਾਗੀ ਤੇ ਮਾਨਸਿਕ ਤੌਰ ਪਰ ਬੀਮਾਰ ਹੈ। ਉਸ ਦੀ ਮਨੋ ਕਲਪਨਾ ਇਤਨੀ ਦੁਖਦਾਈ ਹੈ ਕਿ ਉਹ ਨਾ ਆਪ ਸੁਖੀ ਹੈ ਤੇ ਨਾ ਹੀ ਕੋਈ ਹੋਰ ਹੀ ਉਸ ਕੋਲ ਬੈਠ ਕੇ ਸੁਖੀ ਹੋ ਸਕਦਾ ਹੈ। ਫਿਰ ਘਰ ਦੇ ਲੋਕਾਂ ਦਾ ਸੁਖੀ ਹੋਣਾ ਅਸੰਭਵ ਗੱਲ ਹੈ। ਇਹ ਪਹਿਲੀ ਕਿਸਮ ਦਾ ਦੁਖੀ ਹੈ - ਮਨਮੋਹਣ ਸਿੰਘ, ਜਿਸ ਦਾ ਸਰੀਰਕ ਇਲਾਜ ਨਹੀਂ ਸਗੋਂ ਮਾਨਸਿਕ ਤੌਰ ਪਰ ਹੀ ਰੋਗ ਨਵਿਰਤ ਹੋ ਸਕਦਾ ਹੈ।

ਦੂਸਰਾ ਦੁਖੀ ਤੇ ਕਲਪਦਾ ਮਨੁਖ ਹੈ ਜਿਸ ਦੇ ਘਰ ਬੱਚੇ ਦੀ ਘਾਟ ਹੈ। ਉਹ ਗੁਰੂ ਪੀਰਾਂ ਤੋਂ ਇਹ ਮੁਰਾਦ ਮੰਗਦਾ ਹੈ ਕਿ ਮੇਰੇ ਘਰ ਸੰਤਾਨ ਹੋਵੇ। ਸੰਤ ਮੇਹਰ ਕਰਕੇ ਆਪਣੀਆਂ ਰਸਨਾ ਰਾਹੀਂ ਦ੍ਰਿੜ੍ਹਤਾ ਸਹਿਤ ਦੋਹਾਂ ਦਾ ਸਾਂਝਾ ਇਲਾਜ ਕਰਦੇ ਹਨ। ਇਕ ਨੂੰ ਸਰੀਰ ਤੋਂ ਦੁਖ ਦੂਰ ਕਰਨ ਲਈ ਉਸ ਦੀ ਮਾਨਸਿਕ ਪੀੜਾ ਹਰਨ ਲਈ ਉਸ ਦੀ ਕਲਪਣਾ ਹੀ ਬੰਦ ਕਰਦੇ ਹਨ ਤੇ ਫਿਰ ਉਸ ਨੂੰ ਮਨੁਖ ਜਨਮ ਧਾਰਨ ਕਰਨ ਦੀ ਵੀ ਆਗਿਆ ਕਰਦੇ ਹਨ।

ਦੂਸਰੇ ਪੁਤਰ ਦੀ ਥੁੜ ਦੇ ਮਾਰੇ ਹੋਏ ਮਨੁਖ ਨੂੰ ਉਹ ਵਰਦਾਨ ਬਖਸ਼ਦੇ ਹਨ ਕਿ ਜਾਹ ਤੇਰੇ ਘਰ ਪੁਤਰ ਆਵੇਗਾ। ਉਹ ਸੁਖੀ ਹੈ ਕਿ ਉਸ ਦਾ ਸਰੀਰ ਸੁਖੀ ਤੇ ਅਰੋਗ ਭਟਕਣਾ ਰਹਿਤ ਹੋ ਗਿਆ। ਦੂਸਰੇ ਧਿਰ ਨੂੰ ਨਿਸਚੇ ਕਰਕੇ ਬੱਚਾ ਮਿਲ ਗਿਆ। ਸੰਤਾਂ ਨੇ ਦੋਹਾਂ ਲਈ ਅਰਦਾਸ ਹੀ ਕੀਤੀ ਹੈ। ਫਿਰ ਦਸੋ ਇਸ ਵਿਚ ਬੁਰੀ ਤੇ ਮਾੜੀ ਕਿਹੜੀ ਗੱਲ ਹੈ? ਦੁਖ ਹਰ ਕੇ ਕਲਪਨਾ ਰਹਿਤ ਸੰਸਾਰ ਸੰਤਾਂ ਦੀ ਕਲਪਨਾ ਹੈ ਜਿਸ ਲਈ ਉਹ ਅਰਦਾਸ ਕਰਦੇ ਹਨ।"

## ਲੰਦਨ ਰਾਹੀਂ ਜਾ ਅੰਤਮ ਸਫਰ ਦੀ ਤਿਆਰੀ

ਅਫਰੀਕਾ ਅੰਦਰ ਜੋ ਜੋਤ ਰੂਪ ਅੰਮ੍ਰਿਤ ਦਾ ਪਸਾਰ ਸੰਤ ਮਹਾਰਾਜ ਨੇ ਪ੍ਰਦੀਪਤ ਕੀਤਾ ਸੀ ਉਹ ਕਿਧਰੇ ਵੀ ਮੇਟਿਆ ਜਾਂ ਮੱਧਮ ਨਹੀਂ ਸੀ ਹੋ ਸਕਦਾ। ਕੁਦਰਤੀ ਤੌਰ ਤੇ ਜਦੋਂ ਯੋਗੰਡਾ ਤੇ ਹੋਰ ਅਫਰੀਕਨ ਹਿਸਿਆਂ ਦੇ ਸਿੰਘ ਇੰਗਲੈਂਡ ਦੇ ਸ਼ਹਿਰੀ ਹੋਣ ਦੇ ਰਿਸ਼ਤੇ ਸਾਰੇ ਹੀ ਨਹੀਂ ਤਦ ਬਹੁਤ ਸਾਰੇ ਜੋ ਹੋਰ ਕਿਧਰੇ ਵੀ ਆਪਣੇ ਆਪ ਨੂੰ ਵਸਾਉਣ ਦੇ ਹੀਲੇ ਨਾ ਕਰ ਸਕੇ ਉਹ ਸਾਰੇ ਹੀ ਇੰਗਲੈਂਡ ਵਿਚ ਪ੍ਰਵੇਸ਼ ਕਰ ਗਏ। ਫਿਰ ਜਦੋਂ ਉਹ ਕਾਰੋਬਾਰੀ ਤੌਰ ਪਰ ਵੀ ਜੰਮ ਗਏ ਤਦ ਕੁਦਰਤੀ ਤੌਰ ਪਰ ਹੋਰ ਧਿਰਾਂ ਦੇ ਨਾਲ ਹੀ ਉਨ੍ਹਾਂ ਨੂੰ ਧਾਰਮਕ ਮਹਾਨ ਹਸਤੀਆਂ ਦਾ ਵੀ ਧਿਆਨ ਹੋ ਆਇਆ।

ਗੁਰੂ ਤੇਗ ਬਹਾਦਰ ਸਾਹਿਬ ਦੇ ਤਿੰਨ ਸੌ ਸਾਲਾ ਸਮੇਂ ਪ੍ਰਿੰਸੀਪਲ ਸਤਬੀਰ ਸਿੰਘ ਨੇ ਇਕ ਸੱਚੀ ਗੱਲ ਸਿੱਖ ਧਰਮ ਦੇ ਪ੍ਰਚਾਰਕਾਂ ਤੇ ਬੁਲਾਰਿਆਂ ਤੇ ਫਿਰ ਆਗੂਆਂ ਨੂੰ ਕਹੀ ਸੀ ਕਿ ਇਗਲੈਂਡ ਵਾਲੇ ਜੋ ਇਹ ਸਮਝਦੇ ਹਨ ਕਿ ਪੰਜਾਬ ਤੋਂ ਸਿੱਖ, ਸੰਤ, ਰਾਗੀ, ਢਾਡੀ ਹਰ ਕੋਈ ਕੇਵਲ ਟਕਿਆਂ ਦੇ ਲਾਲਚ ਕਰਕੇ ਹੀ ਇੰਗਲੈਂਡ ਆਉਂਦੇ ਹਨ। ਇਨ੍ਹਾਂ ਨੂੰ ਗੁਰਮਤਿ ਤੇ ਉਸ ਸੰਬੰਧੀ ਲੋਕਾਂ ਦੀਆਂ ਭਾਵਨਾਵਾਂ ਦਾ ਉਕਾ ਹੀ ਕੋਈ ਵਿਚਾਰ ਨਹੀਂ ਹੈ। ਸੋ ਹੋ ਸਕੇ ਤਦ ਗਏ ਹੋਏ ਪ੍ਰਚਾਰਕਾਂ ਨੂੰ ਲੋਕਾਂ ਅੰਦਰ ਤਿਆਗ ਦੀ ਮਨੋ ਬਿਰਤੀ ਦਾ ਪਸਾਰ ਕਰਨਾ ਚਾਹੀਦਾ ਹੈ ਤਾਂ ਜੋ ਲੋਕਾਂ ਅੰਦਰ ਧਰਮ ਲਈ ਪਿਆਰ ਵਧੇ। ਕੁਦਰਤੀ ਸਰਦਾਰ ਮੋਹਣ ਸਿੰਘ ਜੀ ਕੋਕਾ ਕੋਲਾ ਵਾਲਿਆਂ ਦੇ ਛੋਟੇ ਸਪੁਤਰ ਚਰਨਜੀਤ ਸਿੰਘ ਨਾਲ ਇੰਗਲੈਂਡ ਜਾਣ ਦਾ ਸਮਾਂ ਮਿਲਿਆ। ਉਸ ਨੂੰ ਵੀ ਆਮ ਸਿੱਖਾਂ ਤੋਂ ਪ੍ਰਿੰਸੀਪਲ ਸਤਬੀਰ ਸਿੰਘ ਜੀ ਦੇ ਵਿਚਾਰਾਂ ਦੀ ਪੁਸ਼ਟੀ ਹੋਈ ਸੀ। ਆਮ ਸਿੱਖਾਂ ਦਾ ਇੰਗਲੈਂਡ ਇਕੋ ਹੀ ਵਿਚਾਰ ਹੈ ਕਿ ਸਿੱਖ ਸੰਤ ਸਾਧ ਗ੍ਰਹਿਸਤੀ ਜਾਂ ਤਿਆਗੀ ਰਾਗੀ ਜਾਂ ਫਿਰ ਪ੍ਰਚਾਰਕ ਲੀਡਰ ਕੋਈ ਵੀ ਮਾਇਆ ਤੋਂ ਤਿਆਗੀ ਹੋ ਕੇ ਵਲੈਤ ਨਹੀਂ ਪੁਜਦਾ। ਚਰਨਜੀਤ ਸਿੰਘ ਉਹ ਸੁਭਾਗੇ ਤੇ ਕਰਮ ਬੀਰ ਨੌਜਵਾਨ ਹਨ ਜਿਨ੍ਹਾਂ ਨੇ ਮਾਂ ਦੀ ਗੋਦੀ ਤੋਂ ਹੀ ਸੰਤ ਮਹਾਰਾਜ ਦੀਆਂ ਕਰਣੀ



Sri Satguru Jagjit Singh Ji eLibrary NamdhariElibrary@gmail.com

ਪ੍ਰਧਾਨ, ਮਹਾਨਤਾ ਭਰੀਆਂ ਗੱਲਾਂ ਅੱਖੀਂ ਡਿਠੀਆਂ ਹਨ ਫਿਰ ਪਿਤਾ ਤੇ ਮਾਤਾ ਤੋਂ ਹਰ ਸਮੇਂ ਹੀ ਭਰਪੂਰ ਸ਼ਲਾਘਾ ਹੀ ਨਹੀਂ ਸਗੋਂ ਸ਼ਰਧਾ ਭਰੀਆਂ ਭਾਵਨਾਵਾਂ ਵੀ ਤਕੀਆਂ ਤੇ ਉਨ੍ਹਾਂ ਅੰਦਰ ਜੀਵਨ ਨੂੰ ਢਾਲਿਆ ਹੈ। ਸੋ ਇੰਗਲੈਂਡ ਨਿਵਾਸੀ ਕਈ ਸੁਜਾਨ ਪੁਰਸ਼ਾਂ ਤੇ ਉਘੇ ਲੀਡਰਾਂ ਨਾਲ ਉਨ੍ਹਾਂ ਨੇ ਸਲਾਹ ਕੀਤੀ ਕਿ ਸੰਤ ਮਹਾਰਾਜ ਜੀ ਨੂੰ ਵਲੈਤ ਸੱਦਿਆ ਜਾਵੇ। ਪਰ ਉਹ ਸੱਜਣ, ਜਿਨ੍ਹਾਂ ਨੇ ਸੰਤ ਜੀ ਦਾ ਸ਼ਾਹੀ ਠਾਠ ਤੇ ਫਿਰ ਜੀਵਨ ਤਕਿਆ ਸੀ, ਡਰਦੇ ਸਨ। ਕਈ ਵਿਰੋਧੀ ਤੇ ਕਟੜ-ਪੰਥੀ ਕੁਝ ਵਦਵੀਆਂ ਗੱਲਾਂ ਵੀ ਕਰਦੇ ਹਨ ਕਿ ਇਹ ਗੁਰੂ ਡਮ ਦਾ ਪ੍ਰਗਟਾਵਾ ਇਥੇ ਨਹੀਂ ਪੁਗਣਾ। ਪਰ ਚਰਨਜੀਤ ਸਿੰਘ ਜੀ ਨੇ ਇਹ ਨਿਸਚਾ ਕੀਤਾ ਕਿ ਉਹ ਸੰਤ ਮਹਾਰਾਜ ਨੂੰ ਲੈ ਜਾ ਕੇ ਲੋਕਾਂ ਦੇ ਸ਼ੰਕੇ ਨਵਿਰਤ ਕਰਕੇ ਸਤਿ ਸ਼ਬਦ ਨੂੰ ਜ਼ਰੂਰੀ ਪ੍ਰਗਟ ਕਰਨਗੇ।

ਅਫਰੀਕਾ ਨਿਵਾਸੀਆਂ ਨੇ ਇਕ ਵਾਰੀ ਵਿਚ ਹੀ ਸੰਤ ਜੀ ਨੂੰ ਅਜ਼ਮਾਅ ਡਿੱਠਾ ਸੀ, ਫਿਰ ਹੁਣ ਹੋਰ ਅਜ਼ਮਾਇਸ਼ ਕਿਸ ਗੱਲ ਦੀ ਕਰਨੀ ਸੀ। ਉਨ੍ਹਾਂ ਨੂੰ ਉਹ ਗੱਲ ਭੁਲੀ ਨਹੀਂ ਸੀ ਜਦੋਂ ਨਿਰੋਬੀ ਨਿਵਾਸੀ ਸੰਗਤਾਂ ਨੇ ਸੰਤ ਜੀ ਮਹਾਰਾਜ ਨੂੰ ਹਾਈ ਸਕੂਲ ਲਈ ਪੈਸੇ ਇਕਠੇ ਕਰਨ ਦੀ ਆਗਿਆ ਮੰਗੀ ਸੀ। ਤਦ ਆਪ ਜੀ ਨੇ ਕਿਹਾ ਸੀ, "ਸਾਡੀ ਸੰਪ੍ਰਦਾਏ ਦਾ ਅਸੂਲ ਹੈ - ਮੰਗਣਾ ਨਹੀਂ, ਮੁਹਥਾਜ ਨਹੀਂ ਹੋਣਾ, ਕਾਣ ਕਿਸੇ ਦੀ ਰਖਣੀ ਨਹੀਂ। ਸੋ ਜੋ ਮਾਇਆ ਸਾਡੇ ਜੀਵਨ ਨੂੰ ਆਤਮ ਦੇਸ਼ ਦੇ ਮਹਾਨ ਮੰਡਲਾਂ ਅੰਦਰ (ਪ੍ਰਵੇਸ਼) ਕਰਨ ਤੋਂ ਰੋਕ ਦੇਵੇ ਐਸੇ ਰਿਜ਼ਕ ਨੂੰ ਸੌ ਵਾਰ ਲਾਹਨਤ।

***"ਐ ਤਾਇਰੇ ਲਾਹੂਤੀ ਉਸ ਰਿਜ਼ਕ ਸੇ ਮੌਤ ਅਛੀ।***
***ਜਿਸ ਰਿਜ਼ਕ ਸੇ ਆਤੀ ਹੈ ਪ੍ਰਵਾਜ਼ ਮੇਂ ਕੋਤਾਹੀ।***

1970 ਵਿਚ ਪਹਿਲੀ ਵਾਰੀ ਚਰਨਜੀਤ ਸਿੰਘ ਜੀ ਨੇ ਵਲੈਤ ਜਾਣ ਦੀ ਗੱਲ ਚਲਾਈ। ਆਖਰ ਗੱਲ ਚਲਦੇ ਹੋਏ ਜਦੋਂ ਉਨ੍ਹਾਂ ਕਿਹਾ, "ਮਹਾਰਾਜ ਸਤਿਸੰਗ ਦੀ ਮਹਾਨਤਾ ਸਿਖੀ ਦੇ ਵਡੱਪਣ ਤੇ ਧਰਮ ਦੀ ਧਿਰ ਤਾਂ ਇਹ ਮੰਗ ਕਰਦੀ ਹੈ ਕਿ ਸੰਤ ਜੀ ਮਹਾਰਾਜ ਇੰਗਲੈਂਡ ਜਾਣ। ਤਾਂ ਜੋ ਲੋਕਾਂ ਦੇ ਮਨਾਂ ਅੰਦਰ ਸਤਿਨਾਮ ਦੀ ਮਹਾਨਤਾ ਪ੍ਰਗਟ ਹੋਵੇ ਤੇ ਧਰਮ ਦੇ ਨਾਮ ਪਰ ਚਲ ਰਹੀਆਂ ਹਨ੍ਹੇਰੀਆਂ ਜੋ ਧਰਮ ਨਾਸ਼ਕ, ਧਰਮ ਦੇ ਠੇਕੇਦਾਰਾਂ ਨੇ ਚਲਾ ਰਖੀਆਂ ਹਨ, ਉਹ ਤੁਰੰਤ ਹੀ ਭਰਮ ਤੇ ਧੁੰਦ ਦੇ ਬੱਦਲਾਂ ਵਾਂਗ ਕਾਫ਼ੂਰ ਹੋ ਜਾਣ। ਆਖਰ ਸੰਤ ਮਹਾਰਾਜ ਨੇ ਵੀ ਕਿਸੇ ਮਹਾਨ ਸਮੇਂ ਦੀ ਉਡੀਕ ਅੰਦਰ 1974 ਵਿਚ ਜਾਣ ਦੀ ਆਗਿਆ ਦੇ ਦਿਤੀ। 14 ਜੂਨ ਨੂੰ ਸੰਗਰਾਂਦ ਦਾ ਰਾਤ ਸਮੇਂ ਦਾ ਦੀਵਾਨ ਸੀ। ਸਦਾ ਵਾਂਗ ਕੀਰਤਨ ਸਮਾਪਤ ਕੀਤਾ। ਫਿਰ ਸੰਗਤਾਂ ਨੂੰ ਹਮੇਸ਼ਾਂ ਦੀ ਤਰ੍ਹਾਂ ਪੂਰਨਮਾਸ਼ੀ ਦੇ ਹੋਣ ਵਾਲੇ ਦੀਵਾਨਾਂ ਤੇ ਦੂਸਰੇ ਨਗਰਾਂ ਨੂੰ ਵੀ ਕੋਈ ਪ੍ਰੋਗਰਾਮ ਨਾ ਦਿਤਾ ਸਗੋਂ ਅਗਲੇ ਪ੍ਰੋਗਰਾਮ ਫਿਰ ਸਮਾਪਤ ਹੋਣ ਪਰ ਸੰਗਤ ਦੀ ਭੇਟ ਕੀਤੇ ਜਾਣ ਦਾ ਵਾਅਦਾ ਸੀ। ਪਰ ਇਹ ਗੱਲ ਸਾਰੀ ਸੰਗਤ ਜਾਣਦੀ ਸੀ ਕਿ ਸੰਤ ਮਹਾਰਾਜ 9 ਮਾਘ 2021 ਜਨਵਰੀ ਨੂੰ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੀ ਰਾਤ ਆਉਣਗੇ। ਇਸ ਦੀਵਾਨ ਦੀ ਤਾਂ ਹਾਜ਼ਰੀ ਉਹ ਅਤੀ ਬੀਮਾਰੀ ਸਮੇਂ ਵੀ ਕਦੇ ਨਹੀਂ ਸਨ ਭੁਲੇ, ਫਿਰ ਵਲੈਤ ਤੋਂ ਵਾਪਸੀ ਕੋਈ ਅਸਚਰਜ ਵਾਲੀ ਗੱਲ ਨਹੀਂ ਸੀ। ਆਪ ਜੀ ਦੇ ਨਾਲ ਜਥੇਦਾਰ ਮਹਿੰਦਰ ਸਿੰਘ ਜੀ, ਨਿਜੀ ਸੇਵਕ ਨਰਿੰਦਰ ਸਿੰਘ, ਭਾਈ ਕਰਮ ਸਿੰਘ, ਭਾਈ ਅਮਰੀਕ ਸਿੰਘ ਕੀਰਤਨੀਏ, ਭਾਈ ਭੂਪਿੰਦਰ ਸਿੰਘ, ਭਾਈ ਨਿਰੰਜਨ ਸਿੰਘ ਲਾਊਡ ਸਪੀਕਰ ਵਾਲਾ, ਭਾਈ ਕੁਲਦੀਪ ਸਿੰਘ ਢੋਲਕੀਏ ਨੰ: 2, ਭਾਈ ਸ਼ੇਰ ਸਿੰਘ ਜੀ ਸੰਤ ਜੀ ਮਹਾਰਾਜ ਦਾ ਲਾਂਗਰੀ ਵਿਸ਼ੇਸ਼ ਸਾਥੀ ਸਨ।

ਇਕ ਰਾਤ ਦਬਲਾਨ ਰਹਿ ਕੇ ਅਗਲੇ ਦਿਨ ਦਿੱਲੀ ਕੋਕਾ ਕੋਲਾ ਵਾਲਿਆਂ ਦੀ ਕੋਠੀ ਨਿਵਾਸ ਰਖ ਕੇ ਫਿਰ 23 ਤਾਰੀਖ ਨੂੰ ਹਵਾਈ ਜਹਾਜ਼ ਰਾਹੀਂ ਉਡਾਨ ਭਰੀ। ਜਹਾਜ਼ ਰਸਤੇ ਵਿਚ ਕਈ ਜਗ੍ਹਾਂ ਉਤਰ ਕੇ ਆਖਰ ਭਾਰਤੀ ਵਕਤ ਅਨੁਸਾਰ ਦਿਨ ਦੇ ਤਿੰਨ ਤੇ ਇੰਗਲੈਂਡ ਦੀਆਂ ਘੜੀਆਂ ਅਨੁਸਾਰ ਗਿਆਰ੍ਹਾਂ ਵਜੇ ਦਿਨੇ ਇੰਗਲੈਂਡ ਦੀ ਰਾਜਧਾਨੀ ਜਾ ਉਤਰੇ।

ਇਸ ਸਫਰ ਦੀ ਹੋਰਨਾਂ ਤੇ ਵੀ ਪਰ ਖਾਸ ਕਰ ਸਟਾਫ ਪਰ ਅਸਰ ਪਾਉਣ ਵਾਲੀ ਗੱਲ ਇਹ ਸੀ ਕਿ ਸੰਤ ਮਹਾਰਾਜ ਜੀ ਅਤੇ ਆਪ ਜੀ ਦੇ ਕਿਸੇ ਵੀ ਸਾਥੀ ਨੇ ਰਾਹ ਦੇ ਸਫਰ ਵਿਚ ਕੋਈ ਵੀ ਚੀਜ਼ ਜੋ ਉਨ੍ਹਾਂ ਦਾ ਹੱਕ ਸੀ ਤੇ ਜਿਸ ਦੀ ਰਕਮ ਵੀ ਟਿਕਟ ਅੰਦਰ ਹੀ ਲਈ ਜਾਂਦੀ ਹੈ, ਗ੍ਰਹਿਣ ਨਹੀਂ ਕੀਤੀ ਕਿਉਂਕਿ ਆਪ ਜੀ ਨੂੰ ਵੈਸ਼ਨੂੰ ਭੋਜਨ ਦਾ ਹੀ ਨਹੀਂ ਸਗੋਂ ਇਹ ਵੀ ਖਿਆਲ ਸੀ ਕਿ ਬਹਿਰੇ ਹਰ ਸਮੇਂ ਜੂਠ ਆਦਿ ਵਰਤਦੇ ਹਨ। ਇਸ ਲਈ ਉਨ੍ਹਾਂ ਦੀ ਸਾਫ ਕੀਤੀ ਹੋਈ ਵਸਤੂ ਸਾਫ ਤੇ ਪਵਿਤਰ ਨਹੀਂ ਕਹੀ ਜਾ ਸਕਦੀ। ਫਿਰ ਵੀ ਜਦੋਂ ਜਹਾਜ਼ ਪਹਿਲੇ ਬੈਰੂਤ ਠਹਿਰਿਆ ਤਦ ਸਾਰੇ ਹੀ ਯਾਤਰੀ ਬਾਹਰ ਖਾਣ ਪੀਣ ਨੂੰ ਨਿਕਲੇ ਪਰ ਸੰਤ ਜੀ ਮਹਾਰਾਜ ਤੇ ਉਨ੍ਹਾਂ ਦੀ ਸੰਗਤ ਡਟੇ ਰਹੇ। ਸੋ ਅਮਲੇ ਨੂੰ ਚਿੰਤਾ ਹੋਈ ਕਿ ਕੋਈ ਹੋਰ ਸ਼ਿਕਾਇਤ ਨਾ ਹੋਵੇ। ਪਰ ਸੰਤ ਜੀ ਮਹਾਰਾਜ ਨੇ ਦਸਿਆ ਕਿ ਸਾਨੂੰ ਤੁਹਾਡੀ ਕਿਸੇ ਵੀ ਵਸਤੂ ਨਾਲੋਂ ਆਪਣੇ ਜੀਵਨ ਲਈ ਅਹਾਰ ਦਾ ਅਧਿਕ ਫਿਕਰ ਹੈ। ਸੰਤ ਮਹਾਰਾਜ ਦਾ ਸੇਵਕ ਖਾਸ ਕੋਕਾ ਕੋਲਾ ਤੇ ਦੁੱਧ ਦੋ ਬੋਤਲਾਂ ਲੈ ਗਿਆ ਸੀ ਜੋ ਕਿ ਇਕ ਜਗ੍ਹਾ ਵਰਤ ਲਿਆ। ਬਾਕੀ ਸੇਵਕ ਵੀ ਆਪਣੀ ਵਰਤੋਂ ਲਈ ਥਰਮੋਸ ਬੋਤਲਾਂ ਲੈ ਗਏ ਸਨ। ਉਨ੍ਹਾਂ 'ਚੋਂ ਹੀ ਲੋੜ ਪੂਰੀ ਕਰਦੇ ਰਹੇ ਪਰ ਜਹਾਜ਼ ਵਾਲਿਆਂ ਤੋਂ ਕੋਈ ਚੀਜ਼ ਲੈ ਕੇ ਨਹੀਂ ਖਾਧੀ। ਸ਼ਾਇਦ ਜਹਾਜ਼ ਵਾਲਿਆਂ ਦੇ ਅਚੰਭੇ ਤੇ ਹੈਰਾਨੀ ਦੀ ਇਸ ਤੋਂ ਵਧ ਹੋਰ ਗੱਲ ਨਹੀਂ ਕਿ ਉਨ੍ਹਾਂ ਦੀ ਕੋਈ ਚੀਜ਼ ਵੀ ਗ੍ਰਹਿਣ ਨਾ ਕੀਤੀ ਗਈ ਹੋਵੇ, ਫਿਰ ਉਨ੍ਹਾਂ ਵਿਰੁਧ ਗਿਲਾ ਸ਼ਿਕਵਾ ਵੀ ਕੋਈ ਨਾ ਹੋਵੇ।

ਹਵਾਈ ਅੱਡੇ ਪਰ ਸਵਾਗਤ ਕਰਨ ਲਈ ਸੰਤ ਸੇਵਾ ਸਿੰਘ ਜੀ ਜੋ ਅਨੰਦਪੁਰ ਦੀ ਸੇਵਾ ਕਰਵਾਂਦੇ ਸਨ, ਗਿਆਨੀ ਕੁਲਦੀਪ ਸਿੰਘ ਜੀ, ਰਾਗੀ ਬਚਿਤਰ ਸਿੰਘ ਜੀ ਤੇ ਗੁਰਦਵਾਰਾ ਕਮੇਟੀ ਸਾਊਥਹਾਲ ਦੇ ਕਈ ਮੁਖੀ ਸੇਵਕ ਵੀ ਪੁਜੇ ਹੋਏ ਸਨ। ਇਨ੍ਹਾਂ ਸੰਤ ਜੀ ਮਹਾਰਾਜ ਦਾ ਦਿਲੋਂ ਨਿਘਾ ਸਵਾਗਤ ਕੀਤਾ ਤੇ ਸਿਹਰਿਆਂ ਨਾਲ ਆਪ ਜੀ ਨੂੰ ਲੱਦ ਦਿਤਾ ਸੀ। ਇੰਗਲੈਂਡ



Sri Satguru Jagjit Singh Ji eLibrary NamdhariElibrary@gmail.com

ਦੇ ਕਸਟਮ ਵਾਲੇ ਸਾਡੇ ਨਾਲੋਂ ਵਖਰੀ ਹੀ ਕਿਸਮ ਦੇ ਹਨ ਉਨ੍ਹਾਂ ਨੂੰ ਕਮੇਟੀ ਪ੍ਰਬੰਧਕਾਂ ਨੇ ਦਸ ਦਿਤਾ ਕਿ ਤੁਹਾਡੇ ਲਾਟ ਪਾਦਰੀ ਦੇ ਰੁਤਬੇ ਤੋਂ ਵੀ ਵਡੇਰੀ ਹਸਤੀ ਪੁਜ ਰਹੀ ਹੈ। ਸੋ ਉਨ੍ਹਾਂ ਸੰਤ ਮਹਾਰਾਜ ਪਰ ਕੋਈ ਬਹੁਤੀ ਕਾਰਵਾਈ ਨਾ ਕੀਤੀ, ਸਾਮਾਨ ਬਾਹਰ ਭੇਜ ਦਿਤਾ ਸੀ। ਸੰਤ ਮਹਾਰਾਜ ਚਰਨਜੀਤ ਸਿੰਘ ਸਮੇਤ ਮਰਸਡੀਜ਼ ਵਿਚ ਚਲੇ। ਬਾਕੀ ਸੰਗਤ ਦੇ ਸਰੀਰਾਂ ਲਈ ਹੋਰ ਅਨੇਕਾਂ ਗੱਡੀਆਂ ਸਨ। ਤਕਰੀਬਨ ਦਿਨ ਦੇ ਬਾਰਾਂ ਵਜੇ ਜਦੋਂ ਸਾਡੇ ਦੇਸ਼ ਅੰਦਰ ਚਾਰ ਵਜੇ ਹੋਣਗੇ, ਸਾਊਥਹਾਲ ਗੁਰਦਵਾਰੇ ਪੁਜ ਗਏ। ਪ੍ਰਸ਼ਾਦ ਸਰਦਾਰ ਮੋਹਣ ਸਿੰਘ ਆਹਲੂਵਾਲੀਆ ਦੀ ਕੋਠੀ ਛਕਿਆ। ਰਿਹਾਇਸ਼ ਦਾ ਪ੍ਰਬੰਧ 46 ਐਥੀਨੀਅਮ ਰੋਡ ਫਿਨਲੇ ਨਾਰਥ 20 ਵਿਚ ਸੀ, ਸੋ ਸੰਤ ਮਹਾਰਾਜ ਉਸ ਸਥਾਨ ਤੇ ਪੁਜ ਗਏ। ਇਹ ਸ. ਤਾਰਾ ਸਿੰਘ ਅਫਰੀਕਾ ਤੋਂ ਆਏ ਹੋਏ ਸਜਣ ਦਾ ਗ੍ਰਹਿ ਸੀ, ਜੋ ਪਿਛੋਂ ਗੋਬਿੰਦਗੜ੍ਹ ਦਾ ਸੀ। ਸੰਤ ਮਹਾਰਾਜ ਇਥੇ ਕਈ ਦਿਨ ਠਹਿਰੇ ਸਨ ਪਰ ਨਾ ਹੀ ਘਰ ਦੇ ਮਾਲਕ ਨੇ ਸੰਤ ਮਹਾਰਾਜ ਦੀ ਨੇੜਤਾ ਪ੍ਰਾਪਤ ਕੀਤੀ, ਨਾ ਹੀ ਕੋਈ ਧਾਰਮਕ ਗੁਣ ਹਾਸਲ ਕਰਨ ਦਾ ਯਤਨ ਕੀਤਾ।

## ਦੀਵਾਨ ਆਰੰਭ

ਜਿਸ ਦਿਨ ਪੁਜੇ, ਅਗਲੇ ਹੀ ਦਿਨ ਤੋਂ ਦੀਵਾਨ ਆਰੰਭ ਹੋ ਗਏ। ਪਤਾ ਨਹੀਂ ਘਰੋਂ ਦੂਰ ਹੋਣ ਦਾ ਜਾਂ ਫਿਰ ਕੁਦਰਤੀ ਹੀ ਸਿਖ ਬੱਚੀਆਂ ਨੂੰ ਧਰਮ ਨਾਲ ਅਧਿਕ ਹੀ ਲਗਾਉ ਹੈ। ਸ੍ਰੀ ਸੰਤ ਜੀ ਮਹਾਰਾਜ ਦੇ ਦੀਵਾਨ ਅੰਦਰ ਪਹਿਲੇ ਦਿਨ ਸਿਖ ਬੀਬੀਆਂ ਦੀ ਗਿਣਤੀ ਕਾਫੀ ਸੀ। ਸ੍ਰੀ ਸੰਤ ਜੀ ਮਹਾਰਾਜ ਨੇ ਵੀ ਇਸਤਰੀ ਜਾਤੀ ਬਾਰੇ ਹੀ ਦਸਿਆ ਸੀ। ਗੁਰੂ ਨਾਨਕ ਮਹਾਰਾਜ ਨੇ ਇਸਤ੍ਰੀ ਜਾਤੀ ਨੂੰ ਜੋ ਦਰਜਾ ਦਿਤਾ, ਉਸ ਸਮੇਂ ਤਕ ਸਮਾਜ ਦੇ ਕਿਸੇ ਵੀ ਅੰਗ ਅੰਦਰ ਉਸ ਨੂੰ ਪ੍ਰਾਪਤ ਨਹੀਂ ਸੀ। ਦੁਨੀਆਂ ਦੇ ਧਾਰਮਕ ਨੇਤਾਵਾਂ ਨੇ ਕਦੇ ਵੀ ਔਰਤ ਨੂੰ ਮਰਦ ਦੇ ਬਰਾਬਰ ਦਰਜਾ ਨਹੀਂ ਦਿਤਾ। ਹਿੰਦੂ ਮਤ ਅਨੁਸਾਰ ਔਰਤ ਮਨੁਖ ਦਾ ਭਰਮ ਹੈ, ਮਾਇਆ ਹੈ ਤੇ ਭੁਲੇਖੇ ਪਾ ਕੇ ਮਨੁਖ ਨੂੰ ਅਸਲੀਅਤ ਨੂੰ ਜਾਨਣੋਂ ਰੋਕਦੀ ਹੈ। ਉਹ ਕਦੇ ਵੀ ਵਿਦਿਆ, ਧਰਮ ਤੇ ਆਤਮ ਗਿਆਨ ਦੀ ਹੱਕਦਾਰ ਨਹੀਂ ਹੋ ਸਕਦੀ।

ਇਸਲਾਮ ਨੇ ਔਰਤ ਨੂੰ ਜਮਾਤ ਅੰਦਰ ਖਲੋ ਕੇ ਸਾਂਝੀ ਸਫ਼ ਅੰਦਰ ਨਮਾਜ਼ ਪੜ੍ਹਨ ਦਾ ਵੀ ਹੱਕ ਨਹੀਂ ਦਿਤਾ। ਫਿਰ ਗਵਾਹੀ ਅੰਦਰ ਵੀ ਔਰਤ ਨੂੰ ਮਨੁਖ ਦੇ ਅਧੀਨ ਹੀ ਮੰਨਿਆ ਹੈ। ਨਾਲ ਹੀ ਕਿਤਾਬੀ ਧਰਮਾਂ ਦਾ ਇਹ ਕਹਿਣਾ ਹੈ ਕਿ ਔਰਤ ਨੇ ਮਨੁਖ ਦੀ ਬਾਵਾ ਆਦਮ ਨੂੰ ਵਰਗਲਾਨ ਲਈ ਅਨਾਜ ਖਾਣ ਲਈ ਕਿਹਾ ਤੇ ਉਹ ਬਹਿਸ਼ਤ ਤੋਂ ਥੱਲੇ ਧਕ ਦਿਤਾ ਸੀ। ਇਸ ਤਰ੍ਹਾਂ ਔਰਤ ਕਮੀਆਂ, ਗਲਤੀਆਂ ਤੇ ਐਬਾਂ ਦਾ ਕਾਰਣ ਹੀ ਬਣ ਗਈ। ਈਸਾਈ ਮਤ ਨੇ ਔਰਤ ਨੂੰ ਕੁਝ ਜਗ੍ਹਾ ਦਿਤੀ ਹੈ ਪਰ ਉਹ ਵੀ ਉਸ ਨੂੰ ਕੋਈ ਵੱਡਾ ਰੁਤਬਾ ਨਹੀਂ ਦੇ ਸਕਿਆ। ਪਰ ਗੁਰੂ ਨਾਨਕ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਦੀ ਸਭ ਤੋਂ ਪਹਿਲੀ ਸੇਵਕ ਸਿਖ ਹੀ ਬੇਬੇ ਨਾਨਕੀ ਸੀ ਜੋ ਉਨ੍ਹਾਂ ਦੀ ਵੱਡੀ ਭੈਣ ਵੀ ਸੀ। ਪਰ ਗੁਰੂ ਪ੍ਰਮੇਸ਼ਰ ਦਾ ਰੂਪ ਜਾਣ ਕੇ ਉਸ ਨੇ ਗੁਰੂ ਨਾਨਕ ਨੂੰ ਮੰਨਿਆ ਹੈ।

ਗੁਰੂ ਨਾਨਕ ਦੇ ਮਤ ਅਨੁਸਾਰ ਮਨੁਖ ਗੱਡੀ ਦੇ ਦੋ ਪਹੀਏ ਇਕ ਮਰਦ ਤੇ ਦੂਸਰਾ ਇਸਤਰੀ ਹੈ। ਦੋਹਾਂ ਬਗੈਰ ਮਨੁਖ ਦੀ ਉਪਜ ਉਨਤੀ ਤੇ ਉਪਾਸ਼ਨਾ ਹੀ ਸੰਭਵ ਨਹੀਂ ਹੈ। ਫਿਰ ਜੇਕਰ ਜਨਨੀ ਹੀ ਬੁਰੀ ਹੈ ਫਿਰ ਉਸ ਤੋਂ ਪੈਦਾ ਹੋਈ ਵਸਤੂ ਚੰਗੀ ਕਿਵੇਂ ਹੋ ਸਕਦੀ ਹੈ? ਕੌੜੀ ਵੇਲ ਨੂੰ ਮਿਠੇ ਫਲ – ਇਹ ਕਿਵੇਂ ਹੋ ਸਕਦਾ ਹੈ? ਸੋ ਸਿਖੀ ਨੂੰ ਮਾਣ ਹੈ ਕਿ ਅੰਮ੍ਰਿਤ ਪਾਨ ਕਰਨ ਵੇਲੇ ਦੋਵੇਂ ਜੀਉ ਹੀ ਇਕੋ ਸਫ਼ ਅੰਦਰ ਇਕੋ ਹੀ ਮੰਤਰ ਦੇ ਹੱਕਦਾਰ ਤੇ ਇਕੋ ਹੀ ਰਹਿਤ ਰਖਣ ਦੇ ਅਧਿਕਾਰੀ ਹਨ।

## ਚੁੰਬਕ ਅਸਰ ਮਹਾਤਮਾ

ਅਫਰੀਕਾ ਤੋਂ ਆਏ ਪਰਿਵਾਰਾਂ ਤੇ ਸੰਤ ਸੇਵਕਾਂ 'ਚੋਂ ਸ. ਈਸ਼ਰ ਸਿੰਘ ਜੀ ਕਲਸੀ ਖਾਸ ਪ੍ਰੇਮੀਆਂ ਵਿਚੋਂ ਸਨ। ਅਸਾਂ ਪਹਿਲਾਂ ਦਸਿਆ ਸੀ ਕਿ ਸੰਤ ਜੀ ਮਹਾਰਾਜ ਦੇ ਪੁਜਣ ਸਮੇਂ ਸਾਊਥਹਾਲ ਸਿੰਘ ਸਭਾ ਦੇ ਪ੍ਰਬੰਧਾਂ ਤੇ ਪ੍ਰਚਾਰ ਦਾ ਮਾਹੌਲ ਕੱਟੜ ਕਿਸਮ ਦੇ ਲੋਕਾਂ ਦਾ ਸੀ। ਸ. ਈਸ਼ਰ ਸਿੰਘ ਜੀ ਰੋਜ਼ਾਨਾ ਹੀ ਸਤਿਸੰਗ ਕਰਦੇ ਤੇ ਲਗਦੀ ਵਾਹੇ ਕੁਰਸੀ ਪਰ ਵੀ ਹਾਜ਼ਰੀ ਭਰਦੇ ਸਨ। ਇਨ੍ਹਾਂ ਦਾ ਇਕ ਨਜ਼ਦੀਕੀ ਮਿਤਰ ਸੀ, ਉਹ ਅਧਘਰੜ ਨਾਸਤਕ ਸਿਖ ਸੀ। ਉਹ ਰੋਜ਼ ਕਹਿੰਦਾ ਸੀ, ਕੀ ਖਟਿਆ ਤੂੰ?

ਸ. ਈਸ਼ਰ ਸਿੰਘ ਕਹਿੰਦੇ ਸਨ, ਤੂੰ ਜਿਸ ਦੁਕਾਨ ਤੇ ਜਾਂਦਾ ਹੀ ਨਹੀਂ, ਉਸ ਦੇ ਸੌਦੇ ਬਾਰੇ ਕੀ ਦਸ ਸਕਦਾ ਹੈਂ? ਇਕ ਵਾਰੀ ਇਹ ਮੰਨ ਗਿਆ ਕਿ ਚਲਦਾ ਹਾਂ ਪਰ ਮੈਂ ਚਰਨਾਂ ਪਰ ਸੀਸ ਨਹੀਂ ਝੁਕਾਉਣਾ। ਸੋ ਇਹ ਕੇਵਲ ਨਾਲ ਹੀ ਚਲਣ ਲਈ ਪੁਜ ਗਿਆ ਸੀ।

ਸੰਤ ਜੀ ਮਹਾਰਾਜ ਕੁਰਸੀ ਪਰ ਬੈਠ ਕੇ ਬਚਨ ਬਿਲਾਸ ਕਰ ਰਹੇ ਸਨ। ਇਹ ਪੁੱਜਾ, ਤੇ ਚਰਨਾਂ ਤੇ ਸਿਰ ਧਰ ਕੇ ਉਠੇ ਹੀ ਨਾ। ਸੰਤ ਮਹਾਰਾਜ ਨੇ ਥਾਪੜਾ ਦੇ ਕੇ ਉਠਾਇਆ। ਇਸ ਨੂੰ ਉਠਨ ਦੀ ਚਾਹ ਨਹੀਂ ਸੀ ਰਹੀ। ਦੀਵਾਨ ਸਮੇਂ ਤਾਂ ਐਸੀ ਝਰਨਾਹਟ ਤੇ ਸਮਾਧੀ ਲਗੀ ਕਿ ਦੇਸ਼ ਕਾਲ ਦੀ ਸੁਧ ਹੀ ਭੁਲ ਗਿਆ। ਜਦ ਪੁਛਿਆ ਤਦ ਇਸ ਨੂੰ ਉਸ ਸਮੇਂ ਦੀ ਸੁਧ ਨਹੀਂ ਸੀ ਕਿ ਕੀ ਹੋਇਆ ਪਰ ਇਹ ਗਿਲਾ ਜ਼ਰੂਰ ਸੀ ਕਿ ਤੁਸੀਂ ਇਹੀ ਗੱਲ ਪਹਿਲਾਂ ਕਿਉਂ ਨਾ ਦਸੀ। ਜੋ ਸਮਾਂ ਖਾਲੀ ਗਿਆ ਉਸ ਲਈ ਉਹ ਝੂਰਦਾ ਹੀ ਰਹਿੰਦਾ ਸੀ। ਇਹ ਤੇਰ੍ਹਾਂ ਦਿਨ ਦੇ ਦੀਵਾਨਾਂ ਪਿਛੋਂ ਜਦੋਂ ਆਖਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ ਤਦ 87 ਹੋਰ ਪ੍ਰਾਣੀ ਸਨ। ਇਹ ਪਹਿਲਾਂ ਸਫ ਅੰਦਰ ਅੰਮ੍ਰਿਤ ਅਭਿਲਾਸ਼ੀ ਸੀ। ਇਸ ਤੋਂ ਬਿਨਾਂ ਹੋਰ ਕਈ ਤਾਜ਼ੇ ਹੀ ਕੇਸ ਧਾਰਨ ਕਰਕੇ ਗੁਰੂ ਦੀ ਸ਼ਰਨੀ ਪੁਜੇ ਸਨ। ਪਿਛੋਂ ਬਾਰਨਿੰਗ ਈਸਟ ਲੰਦਨ 17 ਦਿਨ ਦੀਵਾਨ ਹੋਏ ਹਾਜ਼ਰੀ ਪਹਿਲਾਂ ਤੋਂ ਵਧਣੀ ਅਰੰਭ ਹੋਈ ਸੀ।

ਇਸ ਪਿਛੋਂ ਪੰਜ ਦਿਨ ਦੀਵਾਨ ਹਿਚਨ ਟਾਊਨ ਕੀਤੇ। ਰਿਹਾਇਸ਼ ਰਾਏਪੁਰ ਦੇ ਪਰਮ ਸੇਵਕ ਸਰਦਾਰ ਕਰਨੈਲ ਸਿੰਘ ਗਰੇਵਾਲ ਦੇ ਸਪੁਤਰ ਸ. ਜਗਦੇਵ ਸਿੰਘ ਤੇ ਪਰਮਜੀਤ ਸਿੰਘ



Sri Satguru Jagjit Singh Ji eLibrary NamdhariElibrary@gmail.com

ਜੀ ਦੇ ਗ੍ਰਿਹਿ ਵਿਖੇ ਰਖੀ ਸੀ। ਇਸ ਜਗ੍ਹਾ ਵੀ ਆਖਰੀ ਦੀਵਾਨ ਸਮੇਂ ਅੰਮ੍ਰਿਤ ਪ੍ਰਚਾਰ ਹੋਇਆ। 25 ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਗੰਢ ਪਾਈ। ਦੋ ਦਿਨ ਦੀਵਾਨ ਬੈਡਫੋਰਡ ਹਾਲ ਵਿਖੇ ਕੀਤੇ ਸਨ। ਇਸ ਜਗ੍ਹਾਂ ਲੋਕਾਂ ਅੰਦਰ ਸ਼ਬਦ ਸੁਰਤ ਦੀਆਂ ਗੱਲਾਂ ਦਾ ਬਹੁਤ ਪ੍ਰਭਾਵ ਦਸਦੇ ਹਨ। ਜਦੋਂ ਸੰਤ ਮਹਾਰਾਜ ਨੇ ਦਸਿਆ ਕਿ ਸਾਡਾ ਮਾਰਗ ਭਗਤੀ ਸਹਿਜ ਤੇ ਸ਼ਬਦ ਸੁਰਤ ਦਾ ਮਾਰਗ ਹੈ। ਇਸ ਮਤ ਨੂੰ ਦੁਨੀਆਂ ਅੰਦਰ ਸਭ ਤੋਂ ਪਹਿਲਾਂ ਗੁਰੂ ਨਾਨਕ ਮਹਾਰਾਜ ਨੇ ਹੀ ਪਸਾਰਿਆ ਤੇ ਇਸ ਦੀ ਮਹਿਮਾਂ ਦੀ ਕੀਰਤੀ ਚੌਹੀਂ ਪਾਸੀਂ ਫੈਲਾਈ ਸੀ। ਜੋ ਲੋਕ ਇਸ ਨੂੰ ਆਪਣਾ ਮਾਰਗ ਦਸਦੇ ਹਨ ਉਹ ਗੁਰਮਤਿ ਤੋਂ ਅਣਜਾਣ ਹਨ।

**ਬਰਮਿੰਘਮ**

ਵਲੈਤ ਦੀਆਂ ਦੋ ਮਸ਼ਹੂਰ ਥਾਵਾਂ ਹਨ - ਇਕ ਬਰਮਿੰਘਮ ਤੇ ਦੂਸਰੀ ਬਕਿੰਘਮ। ਇਕ ਉਸ ਦੀ ਨਬਜ਼ ਹੈ ਤੇ ਦੂਸਰੀ ਦਿਮਾਗ। ਸਤ੍ਹਾ ਜੋ ਰਾਜ ਦਰਬਾਰ ਨੂੰ ਚਲਾਂਦੀ ਹੈ ਉਹ ਬਕਿੰਘਮ ਅੰਦਰ ਬੈਠ ਕੇ ਕਾਨੂੰਨ ਘੜਦੀ ਹੈ ਜੋ ਕਿ ਕਿਸੇ ਸਮੇਂ ਸੰਸਾਰ ਅੰਦਰ ਰਾਜ ਵੀ ਕਰਦੀ ਸੀ ਪਰ ਹੁਣ ਸੁਕੜ ਕੇ ਆਪਣੇ ਹੀ ਘਰ ਅੰਦਰ ਰਾਜ ਦੀ ਮਾਲਕ ਰਹਿ ਗਈ ਹੈ। ਬਰਮਿੰਘਮ ਤੇ ਬਕਿੰਘਮ ਦੀ ਹਸਤੀ ਤੇ ਸ਼ਕਤੀ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਅੰਗ੍ਰੇਜ਼ ਨੂੰ ਦੇਸ਼ ਚੋਂ ਗਿਆਂ 33 ਸਾਲ ਹੋ ਚੁਕੇ ਹਨ। ਪਰ ਅਜ ਵੀ ਰੇਲ ਦੇ ਖੰਭੇ ਗੱਡੀਆਂ ਪੁਰਾਣੀਆਂ ਲੀਹਾਂ ਤੇ ਫੇਰ ਲੋਹੇ ਦਾ ਛੋਟਾ ਮੋਟਾ ਪੁਰਾਣਾ ਸਮਾਨ ਵੀ ਤੁਹਾਨੂੰ ਬਰਮਿੰਘਮ ਤੋਂ ਬਣੇ ਹੋਣ ਦੀ ਗਵਾਹੀ ਦੇਂਦਾ ਹੈ। ਭਾਵੇ ਬਾਹਰੋਂ ਆਇਆ ਸਾਮਾਨ ਹੁਣ ਕਾਫੀ ਹਦ ਤਕ ਵਧ ਗਿਆ ਹੈ, ਜਾਪਾਨੀ ਕਾਰਾਂ ਹੁਣ ਸਸਤੀਆਂ ਮਿਲਣ ਕਰਕੇ ਅਧਿਕ ਵਿਕਦੀਆਂ ਹਨ ਪਰ ਬਰਮਿੰਘਮ ਦੀ ਮੋਹਰ ਛਾਪ ਅੰਦਰ ਕੋਈ ਅੰਤਰ ਨਹੀਂ ਪਿਆ। ਲਿਖਾਰੀ ਦੇ ਪੁਰਾਣੇ ਸਰਦਾਰ ਦਲੀਪ ਸਿੰਘ ਮਾਠਾ ਜਿਨ੍ਹਾਂ ਅਤੀ ਛੋਟੀ ਉਮਰ ਸਮੇਂ ਮੈਨੂੰ ਰਾੜੇ ਢਕੀ ਜਾਣ ਲਈ ਕਿਹਾ ਸੀ, ਵੀ ਬਰਮਿੰਘਮ ਹੀ ਰਹਿੰਦੇ ਹਨ। ਇਨ੍ਹਾਂ ਦੀ ਪ੍ਰੇਰਨਾ ਦੇ ਸਦਕੇ ਹੀ ਦੀਵਾਨ ਸਜੇ। ਸੰਤ ਜੀ ਮਹਾਰਾਜ ਦੀ ਰਿਹਾਇਸ਼ ਸਰਦਾਰ ਸੁਦਾਗਰ ਸਿੰਘ ਜੀ ਦੀ ਕੋਠੀ ਸੀ ਜੋ ਇਸ ਜਗ੍ਹਾ ਤੋਂ 16 ਮੀਲ ਸੀ। ਦੀਵਾਨਾਂ ਦੀ ਸਮਾਪਤੀ ਪਰ 56 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਕੇ ਜਹਾਜ਼ ਚੜ੍ਹੇ ਸਨ। ਇਸ ਨਗਰ ਅੰਦਰ ਬਰਾਦਰੀਵਾਦ ਕਾਫੀ ਸੀ। ਰਾਮਗੜ੍ਹੀਏ, ਰਵਦਾਸੀਏ, ਟਾਂਕਛਤਰੀ ਤੇ ਫਿਰ ਪਰਜਾਪਤ ਸਾਰਿਆਂ ਨੇ ਹੀ ਵਖਰੇ ਤੇ ਬਰਾਦਰੀ ਦੇ ਆਧਾਰ ਪਰ ਗੁਰੂ ਸਥਾਨ ਵੀ ਬਣਾ ਰਖੇ ਸਨ। ਮਜ਼ੇ ਦੀ ਗੱਲ ਹੈ ਇਨ੍ਹਾਂ ਨੇ ਰਾਗੀ ਤੇ ਗ੍ਰੰਥੀ ਵੀ ਆਪਣੀ ਬਿਰਾਦਰੀ ਦੇ ਰਖੇ ਸਨ। ਪਰ ਸੰਤ ਜੀ ਮਹਾਰਾਜ ਨੇ ਕਿਹਾ ਮੇਰੀ ਬਰਾਦਰੀ ਤੇ ਜਾਤ ਕੇਵਲ ਸਿਖੀ ਹੈ। ਸੋ ਸਮੁਚੇ ਸਰਬ ਸਾਂਝੀ ਜਗ੍ਹਾ ਦੀਵਾਨ ਕੀਤੇ ਸਨ। ਪਰ ਆਖਰੀ ਦਿਨ ਅੰਮ੍ਰਿਤ ਪ੍ਰਚਾਰ ਲਈ ਸਿਖ ਟੈਂਪਲ ਨੂੰ ਚੁਣਿਆ ਤੇ ਸੰਤ ਮਹਾਰਾਜ ਵੀ ਪੁਜੇ ਸਨ।

**'ਚਲਦਾ'**

L L L L L L L

## ਜ਼ਰੂਰੀ ਬੇਨਤੀਆਂ

1. **ਆਪ ਜੀ ਨੂੰ ਇਸ ਗੱਲ ਦਾ ਪਤਾ ਲਗ ਹੀ ਗਿਆ ਹੋਵੇਗਾ ਕਿ ਇਸ ਸਾਲ ਅਕਤੂਬਰ 1999 ਨੂੰ ਰਤਵਾੜਾ ਸਾਹਿਬ ਵਿਖੇ ਹੋਣ ਵਾਲਾ ਸਾਲਾਨਾ ਗੁਰਮਤਿ ਸਮਾਗਮ ਨਹੀਂ ਹੋ ਰਿਹਾ। ਬਹੁਤ ਸਾਰੇ ਪ੍ਰੇਮੀ, ਸਮਾਗਮ ਸਮੇਂ ਆ ਕੇ ਆਪਣੇ ਚੰਦੇ, ਰੀਨਿਊਲ ਅਤੇ ਨਵੀਂ ਮੈਂਬਰਸ਼ਿਪ ਜਮ੍ਹਾਂ ਕਰਵਾਉਂਦੇ ਸੀ ਪਰ ਹੁਣ ਚੂੰਕਿ ਸਮਾਗਮ ਨਹੀਂ ਹੋ ਰਿਹਾ, ਇਸ ਲਈ ਬੇਨਤੀ ਹੈ ਕਿ ਆਪ ਜੀ ਆਪਣੇ ਚੰਦੇ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।**
2. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
3. ਰਿਨੂਅਲ ਦਾ ਚੰਦਾ ਭੇਜਣ ਸਮੇਂ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ।
4. Out station (ਬਾਹਰਲੇ ਸ਼ਹਿਰਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ ਚੈਕ ਕੈਸ਼ ਕਰਨ ਦਾ ਖਰਚਾ ਪਾ ਕੇ ਕੁਲ 220/- ਰੁਪਏ ਦਾ ਚੈਕ ਭੇਜਿਆ ਜਾਵੇ।
5. ਮਨੀਆਰਡਰ ਉਪਰ ਆਪਣਾ ਪਤਾ ਅਤੇ 'ਆਤਮ ਮਾਰਗ' ਦਾ ਪੂਰਾ ਪਤਾ ਮੋਟੇ ਅੱਖਰਾਂ ਵਿਚ ਸਪਸ਼ਟ ਕਰਕੇ ਲਿਖੋ - 'ਆਤਮ ਮਾਰਗ' ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਕੋਠੀ ਨੰਬਰ 781, ਫੇਜ਼ 3ਬੀ1, ਮੋਹਾਲੀ, ਐਸ.ਏ.ਐਸ ਨਗਰ, 160055
6. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ। ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
7. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
8. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦ੍ਰ ਤੇ ਵਾਪਿਸ ਕਰ ਦਿਤੇ ਜਾਣ।

**For more information**

**please visit us on internet at :-**

**http://www.atammarg.org**

**&**

**http://www.atammarg.com**



Sri Satguru Jagjit Singh Ji eLibrary NamdhariElibrary@gmail.com

# ਕਿਵ ਸਚਿਆਰਾ ਹੋਈਐ ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 18)*

ਦਸਮੇਸ਼ ਪਿਤਾ ਜੀ ਗੋਪਾਲ ਮੋਚਨ ਤੀਰਥ ਤੇ ਗਏ। ਉਥੇ ਸਿਧਾਂ ਨੂੰ ਵੀ ਪਤਾ ਲੱਗਿਆ ਕਿ ਗੁਰੂ ਨਾਨਕ ਮਹਾਰਾਜ ਜੀ ਨੇ ਦਸਵੇਂ ਜਾਮੇ ਵਿਚ ਪ੍ਰਵੇਸ਼ ਕਰ ਲਿਆ ਹੈ। ਉਹ ਇਸ ਤੀਰਥ ਤੇ ਆਏ ਹੋਏ ਹਨ। ਉਹ ਇਹ ਜਾਨਣਾ ਚਾਹੁੰਦੇ ਸੀ ਕਿ ਇਨ੍ਹਾਂ ਵਿਚ ਵੀ ਸ਼ਕਤੀ ਹੈ ਜਾਂ ਨਹੀਂ। ਗੁਰੂ ਨਾਨਕ ਨੂੰ ਤਾਂ ਉਹ ਜਾਣਦੇ ਹੀ ਸਨ। ਹੁਣ ਵੀ ਉਹ ਦੇਖਣਾ ਚਾਹੁੰਦੇ ਸਨ। ਉਨ੍ਹਾਂ ਦਾ ਜੋ ਮੁਖੀ ਸੀ ਉਸ ਦਾ ਨਾਮ ਚੰਦਨ ਸਿੱਧ ਸੀ। ਲੰਗਰ ਵਿਚ ਆ ਕੇ 50 ਸਾਥੀਆਂ ਨਾਲ ਬੈਠ ਗਿਆ। ਵੱਡੀਆਂ-ਵੱਡੀਆਂ ਦੇਹਾਂ ਕਰ ਲਈਆਂ। ਲਾਂਗਰੀ ਸਿੰਘ ਦਾਲਾ ਪ੍ਰਸ਼ਾਦਾ ਦੀਆਂ ਅਵਾਜ਼ਾਂ ਦਿੰਦੇ ਪ੍ਰਸ਼ਾਦੇ ਵਰਤਾਈ ਗਏ। ਦਾਲਾਂ ਦੇ ਕੜਾਹੇ ਖਾਲੀ ਹੋਣੇ ਸ਼ੁਰੂ ਹੋ ਗਏ। ਉਸ ਵੇਲੇ ਲਾਂਗਰੀ ਸਿੰਘ ਨੇ ਗੁਰੂ ਦਸ਼ਮੇਸ਼ ਪਿਤਾ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ! ਚੰਦਨ ਸਿੱਧ ਲੰਗਰ ਵਿਚ ਤੋਟ ਪਾਉਣੀ ਚਾਹੁੰਦਾ ਹੈ ਉਸ ਵੇਲੇ ਆਪ ਨੇ ਭਾਈ ਦਇਆ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਪ੍ਰਸ਼ਾਦੇ ਛਕਾਓ। ਭਾਈ ਦਇਆ ਸਿੰਘ ਜੀ ਨੇ ਅਰਦਾਸ ਕੀਤੀ -

***ਤਿਚਰੁ ਮੂਲਿ ਨ ਥੁੜੀਦੋ***
***ਜਿਚਰੁ ਆਪਿ ਕ੍ਰਿਪਾਲੁ॥***
***ਸਬਦੁ ਅਖੁਟੁ ਬਾਬਾ ਨਾਨਕਾ***
***ਖਾਹਿ ਖਰਚਿ ਧਨੁ ਮਾਲੁ॥***
***ਪੰਨਾ - 1426***

ਜਦੋਂ ਆਪ ਨੇ ਪ੍ਰਸ਼ਾਦਿਆਂ ਵਾਲਾ ਟੋਕਰਾ ਲੈ ਕੇ ਇਕ-ਇਕ ਪ੍ਰਸ਼ਾਦਾ, ਵਾਹਿਗੁਰੂ ਪ੍ਰਸ਼ਾਦਾ-ਵਾਹਿਗੁਰੂ ਪ੍ਰਸ਼ਾਦਾ ਕਹਿ ਕੇ ਸਭ ਦੀ ਥਾਲੀ ਵਿਚ ਰੱਖ ਦਿਤਾ ਅਤੇ ਨਾਲ ਹੀ ਦਾਲ ਦੀ ਇਕ-ਇਕ ਕੜਛੀ ਭੀ ਵਾਹਿਗੁਰੂ ਦਾਲਾ ਕਹਿ ਕੇ ਪਾ ਦਿਤੀ। ਫੇਰ ਕੀ ਸੀ ਉਹ ਸਾਰੇ ਸਿੱਧ ਹਾਰ ਗਏ, ਥੱਕ ਗਏ ਪਰ ਉਹ ਇਕ-ਇਕ ਪ੍ਰਸ਼ਾਦਾ ਹੀ ਮੁਕਣ ਵਿਚ ਨਾ ਆਇਆ। ਉਸ ਵੇਲੇ ਉਨ੍ਹਾਂ ਦੇ ਮੁਖੀ ਚੰਦਨ ਨੇ ਸਮਝਿਆ ਕਿ ਗੁਰੂ ਮਹਾਰਾਜ ਆਪ ਲੰਗਰ ਵਿਚ ਆਏ ਹੋਏ ਹਨ। ਉਨ੍ਹਾਂ ਨੇ ਜਾ ਕੇ ਭਾਈ ਦਇਆ ਸਿੰਘ ਜੀ ਨਾਲ ਬਚਨ ਬਿਲਾਸ ਕੀਤੇ ਤਾਂ ਉਨ੍ਹਾਂ ਤੋਂ ਪਤਾ ਲੱਗਿਆ। ਜਦੋਂ ਭਾਈ ਦਇਆ ਸਿੰਘ ਜੀ ਨੇ ਕਿਹਾ ਕਿ ਮੈਂ ਤਾਂ ਗੁਰੂ ਮਹਾਰਾਜ ਜੀ ਦਾ ਸਿੱਖ ਹਾਂ। ਉਸ ਵੇਲੇ ਉਸ ਨੇ ਸ਼ਰਧਾ ਸਹਿਤ ਆ ਕੇ ਗੁਰੂ ਮਹਾਰਾਜ ਜੀ ਅੱਗੇ ਨਮਸ਼ਕਾਰ ਕੀਤੀ ਕਿ ਪਾਤਸ਼ਾਹ! ਤੁਸੀਂ ਧੰਨ ਹੋ। ਅਸੀਂ ਸਦਾ ਹੀ ਭੁਲਾਂ ਕਰਦੇ ਆਏ ਹਾਂ। ਪਹਿਲਾਂ ਗੁਰੂ ਨਾਨਕ ਪਾਤਸ਼ਾਹ ਨਾਲ ਵੀ ਰਿੱਧੀਆਂ ਸਿਧੀਆਂ ਦਾ ਮੁਕਾਬਲਾ ਕਰਦੇ ਰਹੇ, ਅੱਜ ਸਾਡੇ ਮਨ ਵਿਚ ਆਇਆ ਕਿ ਗੁਰੂ ਨਾਨਕ ਗੱਦੀ ਦੀ ਪਰਖ ਕਰੀਏ ਪਰ ਆਪ ਤਾਂ ਅਗਾਧ ਬੋਧ ਹੋ। ਆਪ ਦੇ ਗੁਰਸਿੱਖਾਂ ਦੀ ਸ਼ਕਤੀ ਸਾਮ੍ਹਣੇ ਹੀ ਸਾਡੀ ਕੋਈ ਪੇਸ਼ ਨਹੀਂ ਜਾਂਦੀ।

ਇਨ੍ਹਾਂ ਸਾਰੀਆਂ ਸ਼ਕਤੀਆਂ ਵਾਸਤੇ ਕੋਈ ਵੀ ਗੁਰਸਿੱਖ ਚਿਲੇ ਨਹੀਂ ਸੀ ਕਟਿਆ ਕਰਦਾ, ਨਾ ਹੀ ਕੋਈ ਤੰਤਰ, ਮੰਤਰ ਰਾਹੀਂ ਕੁਝ ਕਰਿਆ ਕਰਦਾ ਸੀ। ਸਗੋਂ ਇਨ੍ਹਾਂ ਵਲ ਪਿੱਠ ਕਰਕੇ ਰਖਦੇ ਸਨ। ਕੁਦਰਤੀ ਹੀ ਨਾਮ ਦੇ ਜਾਪ ਕਰਕੇ ਇਹ ਸ਼ਕਤੀਆਂ ਪਿਛੇ ਲਗ ਤੁਰਦੀਆਂ ਸਨ।

ਇਨ੍ਹਾਂ ਤੋਂ ਇਲਾਵਾ ਗੁਰੂ ਮਹਾਰਾਜ ਜੀ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਹਠ ਯੋਗ ਬਹੁਤ ਪ੍ਰਚਲਤ ਸੀ ਜੋ ਗੋਰਖਨਾਥ ਅਤੇ ਉਸ ਦੇ ਪੰਥ ਦੇ ਸਿੱਧ, ਕਰਿਆ ਕਰਦੇ ਸਨ, ਉਸ ਦੇ ਬਾਰੇ ਵੀ ਦਸਣਾ ਕੋਈ ਕੁਥਾਂ ਨਹੀਂ ਹੋਵੇਗਾ, ਉਨ੍ਹਾਂ ਦੀ ਕ੍ਰਿਆ ਬਹੁਤ ਸਖਤ ਹੋਇਆ ਕਰਦੀ ਸੀ ਜੋ ਸਾਧਾਰਨ ਗ੍ਰਿਹਸਤੀ ਲਈ ਪੂਰਨ ਰੂਪ ਵਿਚ ਅਸੰਭਵ ਸੀ।

ਗੁਰੂ ਨਾਨਕ ਪਾਤਸ਼ਾਹ ਦਾ ਜਦੋਂ ਸੰਸਾਰ ਵਿਚ ਪ੍ਰਕਾਸ਼ ਹੋਇਆ ਉਸ ਵੇਲੇ ਸੂਫੀ ਪੀਰ ਅਤੇ ਗੋਰਖਨਾਥ ਨੂੰ ਮੰਨਣ ਵਾਲੇ ਸਿੱਧ ਆਪਣੇ ਮਤਾਂ ਦਾ ਪ੍ਰਚਾਰ ਭਾਰਤ ਵਿਚ ਕਰ ਰਹੇ ਸਨ। ਪਹਿਲਾਂ ਉਹ ਸਖਤ ਤਪ ਕਰਿਆ ਕਰਦੇ ਸਨ ਜਿਵੇਂ ਕਿ ਬਾਬਾ ਫਰੀਦ ਜੀ ਨੇ 24 ਸਾਲ ਬਹੁਤ ਸਖਤ ਤਪ ਕੀਤਾ, ਸਰੀਰ ਸੁੱਕ ਗਿਆ, ਪੁਠੇ ਲਟਕਦੇ ਰਹੇ, ਇਥੋਂ ਤਕ ਕਿ ਬਾਬਾ ਫਰੀਦ ਨੂੰ ਕਾਂ ਮੁਰਦਾ ਸਮਝ ਕੇ ਠੂੰਗਾਂ ਮਾਰ ਕੇ ਮਾਸ ਕਟਦੇ ਸਨ। ਫੇਰ ਜਦੋਂ ਉਨ੍ਹਾਂ ਨੂੰ ਸੋਝੀ ਪਈ ਤਾਂ ਮੁਰਸ਼ਦ-ਏ-ਕਾਮਲ ਬੁਖਤਿਆਰ ਕਾਕੀ ਹਜ਼ਰਤ ਜੀ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਤੋਂ ਉਪਦੇਸ਼ ਲਿਆ ਅਤੇ 14 ਸਾਲ ਮਹਾਨ ਸੇਵਾ ਕਰਕੇ ਪਰਮ ਪਦ ਦੀ ਪ੍ਰਾਪਤੀ ਕੀਤੀ। ਉਸ ਦੇ ਵਿਪਰੀਤ ਗੋਰਖਨਾਥ ਦੇ ਅਨੁਆਈ ਜਿਨ੍ਹਾਂ ਨੂੰ ਲੋਕ ਆਮ ਤੌਰ



Sri Satguru Jagjit Singh Ji eLibrary NamdhariElibrary@gmail.com

ਉਪਰ ਸਿੱਧ ਆਖਿਆ ਕਰਦੇ ਸੀ, ਬੁੱਧ ਧਰਮ ਦੀ ਮਹਾਂਯਾਂਨ ਸ਼ਾਖਾ ਵਿਚੋਂ ਸਨ। ਇਹ ਨਾਥ ਸੰਪਰਦਾ ਭਾਰਤ ਵਰਸ਼ ਦੇ ਪੂਰਬੀ ਭਾਗਾਂ ਵਿਚ ਬਹੁਤ ਦੇਰ ਤੋਂ ਚਲੀ ਆ ਰਹੀ ਸੀ ਜਿਨ੍ਹਾਂ ਵਿਚ ਬਹੁਤ ਹੀ ਮਿਲਾਵਟਾਂ ਆ ਗਈਆਂ। ਮਹਾਤਮਾ ਬੁੱਧ ਦੇ ਉਚੇ ਅਸੂਲਾਂ ਨੂੰ ਛੱਡ ਕੇ ਇਹ ਤਾਂਤਰਿਕ ਬਣ ਗਏ ਅਤੇ ਇਥੋਂ ਤਕ ਇਨ੍ਹਾਂ ਦੀ ਇਕ ਸੰਪਰਦਾ ਬਹੁਤ ਹੀ ਨਖਿੱਧ ਅਵਸਥਾ ਵਿਚ ਆ ਗਈ ਜਿਸਨੂੰ ਵਾਮਚਾਰੀ, ਜਾਂ ਵਾਮ ਮਾਰਗੀ, ਅਘੋਰ ਪੰਥੀ, ਚੋਲੀ ਪੰਥੀ ਆਦਿ ਆਖਦੇ ਹਨ। ਇਹ ਲੋਕ ਬਿਹਾਰ ਤੋਂ ਲੈ ਕੇ ਆਸਾਮ ਤਕ ਫੈਲੇ ਹੋਏ ਸਨ ਅਤੇ ਆਮ ਲੋਕ ਇਨ੍ਹਾਂ ਨੂੰ ਸਿੱਧ ਆਖਿਆ ਕਰਦੇ ਸਨ। ਇਨ੍ਹਾਂ ਵਿਚੋਂ ਹੀ ਗੋਰਖਨਾਥ ਨੂੰ ਮੰਨਣ ਵਾਲੇ 84 ਸਿੱਧ ਹੋਏ, ਇਹ ਤਾਂਤਰਿਕ ਯੋਗੀ ਅਲੌਕਿਕ ਸ਼ਕਤੀਆਂ ਸੰਪੰਨ ਸਨ, ਇਹ ਆਪਣੀਆਂ ਰਿਧੀਆਂ ਸਿੱਧੀਆਂ ਲਈ ਪ੍ਰਸਿੱਧ ਸਨ ਅਤੇ ਆਮ ਜਨਤਾ ਨੂੰ ਸਿਧੀਆਂ ਵਿਖਾ ਕੇ ਆਪਣੇ ਵਸ ਵਿਚ ਕਰ ਲੈਂਦੇ ਸਨ। ਆਪਣੇ ਵੱਡੇ ਬਜ਼ੁਰਗਾਂ ਤੋਂ ਇਕ ਗੱਲ ਸੁਣਦੇ ਆ ਰਹੇ ਹਾਂ ਕਿ ਜਦੋਂ ਇਨ੍ਹਾਂ ਸਿਧਾਂ ਦੀਆਂ ਜਮਾਤਾਂ ਪਿੰਡਾਂ ਵਿਚ ਜਾਂਦੀਆਂ ਤਾਂ ਉਸ ਵੇਲੇ ਇਹ ਘਰਾਂ ਵਿਚ ਆ ਕੇ ਕਾੜ੍ਹਨੀਆਂ ਵਿਚ ਕੜ੍ਹਨ ਲਈ ਜੋ ਦੁਧ ਹਾਰਿਆਂ ਵਿਚ ਰਖੇ ਹੁੰਦੇ ਸਨ ਉਹ ਸਾਰੇ ਦੇ ਸਾਰੇ ਆਪਣੇ ਬਰਤਨਾਂ ਵਿਚ ਪਾ ਕੇ ਲੈ ਜਾਂਦੇ ਸਨ, ਘਰ ਦੇ ਮਾਲਕ ਦੇਖਦੇ ਹੀ ਰਹਿ ਜਾਂਦੇ ਸਨ। ਇਨ੍ਹਾਂ ਨੂੰ ਜੇ ਕਿਸੇ ਕਪੜੇ ਦੀ ਲੋੜ ਹੁੰਦੀ, ਉਹ ਵੀ ਆਪ ਹੀ ਚੁੱਕ ਲਿਆ ਕਰਦੇ ਸਨ। 84 ਸਿਧਾਂ ਦੇ ਨਾਮ ਵਖਰੇ-ਵਖਰੇ ਹਨ, ਕਈ ਲਿਖਾਰੀਆਂ ਦਾ ਉਨ੍ਹਾਂ ਦੇ ਨਾਮਾਂ ਤੇ ਮਤਭੇਦ ਭੀ ਹੈ ਪਰ ਪ੍ਰਚਲਤ ਨਾਮ ਜੋ ਮਿਲਦੇ ਹਨ ਉਨ੍ਹਾਂ ਦਾ ਵੇਰਵਾ ਦਿਤਾ ਹੋਇਆ ਮਿਲਦਾ ਹੈ ਜੋ ਨਿਮਨ ਅਨੁਸਾਰ ਹੈ -

1. ਊਰਮਿ 2. ਅਸੁਨਾਥ 3. ਅਸੁਰਵਿਨਾਸੀ 4. ਅਨਹਦ ਸ਼ਬਦੀ 5. ਅਬਿਨਾਸੀ 6. ਅਮਰਨਿਧਿ 7. ਅਮ੍ਰਿਤ ਭੋਗੀ 8. ਆਨੰਦਰੂਪੀ 9. ਆਪਸ੍ਵਰੂਪੀ 10. ਔਘੜ 11. ਈਸ਼੍ਵਰ 12. ਏਕਰੰਗੀ 13. ਏਕਾਂਗੀ 14. ਏਕਾਂਤਵਾਸੀ 15. ਸਮਾਰਤ 16. ਸਰਸ੍ਵਤੀ 17. ਸਾਗਰ 18. ਸਿਧਸੈਨ 19. ਸੀਤਲ 20. ਸੁਰਤਿ ਸਿਧ 21. ਸ਼ੰਕਰ 22. ਸੰਭਾਲਕਾ 23. ਸ਼ੰਭੂ 24. ਸੂਰਸਿਧ 25. ਹਨੀਫਾ 26. ਹਰਸਨਿਧ 27. ਕਨਕ 28. ਕਨੀਫਾ 29. ਕਮਲਸੈਨ 30. ਕਰਮਨਾਸੀ 31. ਕਲਾ ਵਿਲਾਸੀ 32. ਕਲੇਸ਼ਨਾਸੀ 33. ਕਾਲੇਂਦ੍ 34. ਕੇਲਿਕਰਨ 35. ਕੇਵਲਕਰਮੀ 36. ਕ੍ਰਿਸ਼ਨ ਕੁਮਾਰ 37. ਖਲਕਨਿਧਿ 38. ਖਿੰਬੁੜ 39. ਗਗਨਵਾਸੀ 40. ਗਿਰਿਬੋਧ 41. ਗੁਫਾਬਾਸੀ 42. ਗੋਪਾਲ 43. ਗੋਵਰਧਨ 44. ਘਨਾਨੰਦੀ 45. ਚਤੁਰਬੈਨ 46. ਚਲਨਿਧਿ, 47. ਜਾਲਕ 48. ਗਿਰਧਰ, 49. ਜੋਗ ਅਨੂਪੀ 50. ਜੋਤਿਮਗਨ 51. ਜੋਤਿਲਗਨ 52. ਝੰਗਰ 53. ਤਪਨ 54. ਤਰੰਗੀ 55. ਦਰਸ਼ਨ ਜੋਤਿ 56 ਦੁਖਨਾਸੀ 57. ਧੂਰਮ 58. ਨਿਤਯਸਿਧ 59. ਨਿਰਤ 60. ਪਰਵਤ 61. ਪਲਕਨਿਧਿ 62 ਪਲਾਸਭੋਗੀ 63. ਪੂਰਨ 64. ਪ੍ਰਾਣਨਾਥ 65. ਬਿਹੰਗਮਜੋਗੀ 66. ਬਿੰਬਸਾਰ 67. ਬਿਮਲਜੋਤਿ 68. ਬ੍ਰਹਮ 69. ਬ੍ਰਹਮਭੋਗੀ 70. ਬ੍ਰਹਮਯੋਗੀ 71. ਭਰਥਰਿ 72. ਭੂਤ ਨਾਥ 73. ਭੰਗਰ 74. ਮਹਾ ਯੋਗੀ 75. ਮਗਨਧਾਰ 76. ਮੁਕਤੇਸ਼੍ਵਰ 77. ਮੂਲਮੰਤਰੀ 78. ਯੋਗਨਿਧਿ 79. ਰਾਮਸਿਧ 80. ਰੰਗਨਾਥ, 81. ਲੋਹਾਰੀਪਾ 82. ਲੰਗਰ 83. ਵਿਸ਼ਨਪਤਿ 84. ਵਚਿਤਰਕਰਮੀ।

'ਗੁਰੂ ਨਾਨਕ ਸ਼ਬਦ ਰਤਨਾਕਰ' ਵਿਚ ਲਿਖੇ ਨਾਵਾਂ ਦਾ ਵੇਰਵਾ ਹੋਰ ਤਰ੍ਹਾਂ ਹੈ ਜੋ ਇਥੇ ਲਿਖਣਾ ਜ਼ਰੂਰੀ ਨਹੀਂ ਹੈ। ਇਨ੍ਹਾਂ ਸਿੱਧਾਂ ਵਿਚ ਨੌਂ ਨਾਥਾਂ ਨੂੰ ਵੱਡਾ ਗਿਣਿਆ ਜਾਂਦਾ ਸੀ - 1. ਪ੍ਰਾਨ ਨਾਥ, 2. ਗੋਪੀ ਨਾਥ, 3. ਸੂਰਤ ਨਾਥ, 4. ਗੋਰਖ ਨਾਥ, 5. ਮਛੰਦਰ ਨਾਥ, 6. ਮੰਗਲ ਨਾਥ, 7. ਚਰਪਟ ਨਾਥ, 8. ਚੰਬਾ ਨਾਥ, 9. ਘੁਘੂ ਨਾਥ। ਇਨ੍ਹਾਂ ਤੋਂ ਇਲਾਵਾ ਹੋਰ ਨੌਂ ਨਾਥ ਵੀ ਮੰਨੇ ਜਾਂਦੇ ਹਨ - 1. ਆਦਿ ਨਾਥ, ਸ਼ਿਵ ਜੀ ਦਾ ਅਵਤਾਰ; 2. ਮਛੰਦਰ ਨਾਥ, ਮੱਛੀ ਦੇ ਪੇਟੋਂ ਮਾਇਆ ਦਾ ਅਵਤਾਰ। 3. ਉਦੇ ਨਾਥ, ਪਾਰਬਤੀ ਦਾ ਅਵਤਾਰ, ਆਈ ਪੰਥ ਇਸ ਦੇ ਨਾਮ ਤੇ ਤੁਰਿਆ ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

***ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥***
***ਆਦੇਸੁ ਤਿਸੈ ਆਦੇਸੁ॥***
***ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥***
***ਪੰਨਾ - 6***

4. ਸੰਤੋਖ ਨਾਥ, ਵਿਸ਼ਨੂੰ ਦਾ ਅਵਤਾਰ 5. ਕੰਥੜ ਨਾਥ, ਗਣੇਸ਼ ਦਾ ਅਵਤਾਰ; 6. ਸਤਿ ਨਾਥ, ਬ੍ਰਹਮਾ ਦਾ ਅਵਤਾਰ; 7. ਅਚੰਭ ਨਾਥ, ਚੰਬੇ ਦਾ ਰਾਜਾ ਤੇ ਪਰਬਤ ਦਾ ਅਵਤਾਰ 8. ਚੌਰੰਜੀ ਨਾਥ, ਪੂਰਨ ਭਗਤ ਮਹਾਰਾਜਾ ਸਾਲਬਾਹਨ ਦਾ ਪੁਤਰ 9. ਗੋਰਖ ਨਾਥ ਮਹਾਂਦੇਵ ਦਾ ਅਵਤਾਰ ਕਿਹਾ ਜਾਂਦਾ ਸੀ। ਹੋਰ ਵੇਰਵੇ ਨਾਲ ਪੜ੍ਹਨ ਲਈ ਸ੍ਰੀ ਜਪੁਜੀ ਸਾਹਿਬ ਦੀ ਅੱਠਵੀਂ ਪਉੜੀ ਦਾ ਟੀਕਾ ਜੋ ਸਚਖੰਡ ਨਿਵਾਸੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਤੋਂ ਵਰੋਸਾਏ ਹੋਏ ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਪ੍ਰਕਾਸ਼ ਕਰਾਇਆ ਹੈ, ਪੜ੍ਹਿਆ ਜਾ ਸਕਦਾ ਹੈ।

ਇਹ ਸਾਰੇ ਸਿੱਧ ਅਤੇ ਨਾਥ ਰਾਜ ਯੋਗ ਦੀ ਸਾਧਨਾ ਕਰਦੇ ਹੋਏ ਹੱਠ ਯੋਗ ਦੀ ਸਾਧਨਾ ਜ਼ਿਆਦਾ ਕਰਦੇ ਸਨ, ਇਹ ਪ੍ਰਾਣਾਯਾਮ ਕਰਿਆ ਕਰਦੇ ਸਨ। ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਸੁਮੇਰ ਪ੍ਰਬਤ ਤੇ ਜਾ ਕੇ ਇਨ੍ਹਾਂ ਨੂੰ ਮਿਲੇ ਉਸ ਵੇਲੇ ਇਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਪ੍ਰਾਣਾਯਾਮ ਤੋਂ ਪ੍ਰਾਪਤ ਹੋਈਆਂ ਸਿੱਧੀਆਂ ਦਾ ਬਲ ਵਿਖਾਉਣ ਲਈ ਪਹਾੜੀ ਦੀ ਜੜ੍ਹ ਵਿਚ ਝੀਲ ਵਿਚੋਂ ਪਾਣੀ ਲਿਆਉਣ ਲਈ ਖੱਪਰ ਦਿਤਾ। ਗੁਰੂ ਮਹਾਰਾਜ ਜੀ ਨੂੰ ਕਿਹਾ ਕਿ ਹੇਠਾਂ ਜਾ ਕੇ ਪਾਣੀ ਦਾ ਖਪਰ ਭਰ ਲਿਆਵੋ। ਗੁਰੂ ਨਾਨਕ ਪਾਤਸ਼ਾਹ ਜਦੋਂ ਉਥੇਂ ਪਹੁੰਚਦੇ ਹਨ ਤਾਂ ਦੇਖਿਆ ਕਿ ਤਾਲ ਵਿਚ ਪਾਣੀ ਤਾਂ ਹੈ ਨਹੀਂ, ਉਸ ਦੀ ਥਾਂ ਹੀਰੇ ਮੋਤੀ ਜਵਾਹਰਾਤ ਭਰੇ ਪਏ ਹਨ। ਉਸ ਵੇਲੇ ਆਪ ਵਾਪਸ ਆ ਗਏ ਅਤੇ ਆ ਕੇ ਗੋਰਖਨਾਥ ਨੂੰ ਖੱਪਰ ਮੋੜ ਦਿਤਾ ਅਤੇ ਕਿਹਾ ਕਿ ਨਾਥ ਜੀ! ਉਥੇ ਪਾਣੀ ਦੀ ਥਾਂ ਤੁਹਾਡੀ ਮਾਇਆ ਵਰਤ ਰਹੀ ਹੈ, ਇਹ ਮਾਇਆ ਮੋਹ ਹੈ, ਰਿਧੀਆਂ ਸਿਧੀਆਂ ਦਾ ਪ੍ਰਗਟਾਵਾ ਹੈ, ਇਨ੍ਹਾਂ ਸ਼ਕਤੀਆਂ ਦੀ ਪਰਮੇਸ਼ਰ ਦੇ ਨਾਮ ਤਕ ਪਹੁੰਚ ਨਹੀਂ ਹੋ ਸਕਦੀ ਅਤੇ ਤੱਤ ਗਿਆਨ ਦੇ ਰਸਤੇ ਵਿਚ ਬੜੀ ਭਾਰੀ ਰੁਕਾਵਟ ਬਣ ਜਾਂਦੀਆਂ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਘਟਨਾ ਬਾਰੇ ਇਸ ਤਰ੍ਹਾਂ ਲਿਖਿਆ ਹੈ -

***ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।***



Sri Satguru Jagjit Singh Ji eLibrary NamdhariElibrary@gmail.com

*ਐਸਾ ਜੋਗੀ ਕਲੀ ਮਹਿ ਹਮਰੈ ਪੰਥ ਕਰੇ ਉਜਿਆਲਾ।*
*ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।*
*ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।*
*ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ॥*
*ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।*
*ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਨਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ।*

***ਭਾਈ ਗੁਰਦਾਸ ਜੀ, ਵਾਰ 1/31***

ਗੁਰੂ ਨਾਨਕ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਦਸਿਆ ਕਿ ਨਾਥ ਜੀ! ਅਸਲ ਚੀਜ਼ ਜੋ ਸਮਝਣ ਵਾਲੀ ਹੈ ਕਿ ਸੰਸਾਰ ਵਿਚ ਹਰ ਥਾਂ ਉਤੇ ਪ੍ਰਭੂ ਪ੍ਰਤੱਖ ਰੂਪ ਵਿਚ ਬਿਰਾਜ ਰਹੇ ਹਨ। ਇਕਨਾਂ ਨੂੰ ਪ੍ਰਕ੍ਰਿਤੀ ਦੇ ਓਹਲੇ ਨਜ਼ਰ ਆਉਂਦਾ ਹੈ, ਇਕ ਪ੍ਰਕ੍ਰਿਤੀ ਵਿਚ ਹੀ ਸਾਰੇ ਰਮਿਆ ਹੋਇਆ ਪ੍ਰਭੂ ਦੇਖਦੇ ਹਨ। ਇਸ ਦਾ ਜੋ ਜੀਵ ਭਾਵ ਹੈ ਉਹ ਕੂੜ ਹੈ। ਇਹ ਕੇਵਲ ਆਤਮਾ ਦੀ ਸੱਤਾ ਜਦੋਂ ਪ੍ਰਕ੍ਰਿਤੀ ਉਤੇ ਪੈਂਦੀ ਹੈ ਤਾਂ ਜੋ ਚੇਤਨਤਾ ਇਸ ਸਰੀਰ ਦੇ ਅੰਦਰ ਆਉਂਦੀ ਹੈ, ਉਹ ਆਪਣੇ ਆਪ ਨੂੰ ਆਤਮਾ ਤੋਂ ਵਖਰਾ ਸਮਝ ਕੇ ਵਖਰੀ ਹੋ ਜਾਂਦੀ ਹੈ ਅਤੇ ਜੀਵ ਉਪਾਧੀ ਧਾਰਨ ਕਰਕੇ ਆਪਣਾ ਪਰਪੰਚ ਰਚ ਲੈਂਦਾ ਹੈ ਅਤੇ ਇਥੋਂ ਤਕ ਗਿਰਾਵਟ ਆਉਂਦੀ ਹੈ ਕਿ ਆਪਣੇ ਆਪ ਨੂੰ ਮਹਾਂ ਦੁਰਗੰਧ ਭਰੀ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈ ਅਤੇ ਦੇਹ ਅਧਿਆਸ ਵਿਚ ਪ੍ਰਪੱਕ ਹੋ ਕੇ ਸੰਸਾਰ ਵਿਚ ਬਿਰਤੀ ਰਚ ਜਾਂਦੀ ਹੈ ਅਤੇ ਭੁੱਲ ਜਾਂਦਾ ਹੈ ਕਿ ਮੇਰਾ ਸਰੂਪ ਕੀ ਹੈ। ਪੁਸਤਕਾਂ ਪੜ੍ਹਨ ਨਾਲ, ਬਚਨ ਸੁਣਨ ਨਾਲ ਸਰੂਪ ਸਾਖਸ਼ਾਤਕਾਰ ਨਹੀਂ ਹੁੰਦਾ ਕਿਉਂਕਿ ਇਕ ਵੱਡੀ ਦੀਵਾਰ ਜਿਸ ਨੂੰ ਹਉਮੈ ਆਖਦੇ ਹਨ ਉਹ ਜੀਵ ਅਤੇ ਪ੍ਰਭੂ ਵਿਚ ਖੜ੍ਹੀ ਹੋ ਗਈ ਹੈ ਉਹ ਪ੍ਰਭੂ ਦੇ ਦਰਸ਼ਨ ਨਹੀਂ ਹੋਣ ਦਿੰਦੀ ਅਤੇ ਇਹ ਜੀਵ ਵਖਰਾ ਹੋ ਜਾਂਦਾ ਹੈ ਅਤੇ ਘਟ-ਘਟ ਵਿਚ ਰਮੇ ਹੋਏ ਪ੍ਰਭੂ ਨੂੰ ਸੰਸਾਰ ਮੰਨਣਾ ਸ਼ੁਰੂ ਕਰ ਦਿੰਦਾ ਹੈ। ਆਪਣੇ ਆਪ ਨੂੰ ਜੀਵ ਆਤਮਾ ਵੀ ਨਹੀਂ ਮੰਨਦਾ, ਆਤਮ ਸਰੂਪ ਤਾਂ ਇਸ ਨੇ ਕਿਵੇਂ ਮੰਨਣਾ ਸੀ। ਹਉਮੈ ਦੀ ਦੀਵਾਰ ਕਿਸੇ ਤਰ੍ਹਾਂ ਵੀ ਨਹੀਂ ਟੁਟਦੀ। ਇਹ ਜੀਵ ਤੰਤਰ, ਮੰਤਰ ਦੇ ਸਾਧਨ ਨਾਲ, ਰਿਧੀਆਂ ਸਿੱਧੀਆਂ ਦਾ ਮਾਰਗ ਅਪਨਾਉਂਦਾ ਹੋਇਆ ਕਿਸੇ ਤਰ੍ਹਾਂ ਵੀ ਪਰਮਪਦ ਦੀ ਨਿਰਵਾਨ ਅਵਸਥਾ ਤਕ ਨਹੀਂ ਪਹੁੰਚ ਸਕਦਾ ਅਤੇ ਇਸ ਨੂੰ ਬਾਰ-ਬਾਰ ਜੰਮਣਾ ਮਰਨਾ ਪੈਂਦਾ ਹੈ। ਇਹ ਰਿਧੀਆਂ ਸਿਧੀਆਂ, ਮਹਾਂ ਮੋਹ ਹੋਣ ਕਰਕੇ ਆਪਣੇ ਪਰਿਵਾਰ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਆਸਾ, ਅੰਦੇਸਾ, ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਦੀਆਂ ਆਕਰਸ਼ਕ ਖਿਚਾਂ ਭਰੇ ਭਾਵਾਂ ਵਿਚੋਂ ਨਹੀਂ ਨਿਕਲਣ ਦਿੰਦੀਆਂ ਅਤੇ ਇਸ ਤਰ੍ਹਾਂ ਇਹ ਆਤਮ ਤੱਤ, ਜੀਵ ਦੀ ਉਪਾਧੀ ਧਾਰਨ ਕਰਕੇ ਅਨੰਤ ਸਮੇਂ ਤੋਂ ਜੰਮਣ ਮਰਨ ਦੇ ਚੱਕਰ ਵਿਚ ਪਿਆ ਹੈ, ਦੁਖੀ ਹੋ ਰਿਹਾ ਹੈ।

ਨਾਥ ਜੀ! ਤੁਹਾਡੀਆਂ ਰਿਧੀਆਂ ਸਿਧੀਆਂ, ਇਹ ਮਾਇਆ ਆਪਣਾ ਵਿਕਰਾਲ ਸਰੂਪ ਛੁਪਾ ਕੇ ਮੋਹਣਾ ਰੂਪ ਵਿਖਾ ਕੇ ਸੰਸਾਰ ਨੂੰ ਮੂਰਛਤ ਕਰ ਰਹੀ ਹੈ। ਐਸੇ ਭਿਆਨਕ ਛੁਪੇ ਹੋਏ ਰੂਪ ਦੀ ਖਿੱਚ ਵਿਚ ਭੁੱਲ ਗਏ ਹੋ ਅਤੇ ਇਸ ਵਿਚ ਤੁਸੀਂ ਪਰਚੇ ਹੋਏ ਹੋ। ਇਹ ਨਾ ਤੁਹਾਡੀ ਕਲਿਆਣ ਕਰ ਸਕਦੀ ਹੈ, ਨਾ ਹੀ ਜਿਨ੍ਹਾਂ ਨੂੰ ਤੁਸੀਂ ਦਿਖਾਉਂਦੇ ਹੋ ਉਨ੍ਹਾਂ ਦੀ ਕਲਿਆਣ ਕਰ ਸਕਦੀਆਂ ਹਨ। ਕਲਿਆਣ ਕਰਨ ਦੀ ਸਮਰਥਾ ਕੇਵਲ ਪ੍ਰਭੂ ਨਾਮ ਵਿਚ ਹੈ ਜੋ ਬਹੁਤ ਹੀ ਸੁਖਾਲਾ ਸਾਧਨ ਹੈ। ਤੁਹਾਡੇ ਜੋ ਸਾਧਨ ਹਨ ਉਹ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ। ਉਹ ਜੀਵਨ ਦਾ ਬਹੁਤ ਕੀਮਤੀ ਹਿੱਸਾ ਖਰਚ ਕਰਾ ਦਿੰਦੇ ਹਨ। ਇਕ-ਇਕ ਸਿੱਧੀ ਪ੍ਰਾਪਤ ਕਰਨ ਲਈ ਕਿੰਨੇ-ਕਿੰਨੇ ਸਾਲ ਲਗਦੇ ਹਨ ਪਰ ਨਾਮ ਅਜਿਹੀ ਸ਼ਕਤੀ ਹੈ ਜਿਸਦੇ ਪਿਛੇ ਸੰਸਾਰ ਦੀਆਂ ਸਾਰੀਆਂ ਰਿਧੀਆਂ ਸਿਧੀਆਂ ਲਗੀਆਂ ਫਿਰਦੀਆਂ ਹਨ ਪਰ ਨਾਮੀ ਪੁਰਸ਼ ਇਨ੍ਹਾਂ ਵਲ ਅੱਖ ਭਰ ਕੇ ਵੀ ਨਹੀਂ ਦੇਖਦਾ, ਇਹ ਉਸ ਦੀ ਆਪਣੇ ਆਪ ਸੇਵਾ ਕਰਦੀਆਂ ਹਨ। ਤੁਹਾਡੀਆਂ ਪ੍ਰਾਪਤ ਕਰਨ ਵਾਲੀਆਂ ਸਿੱਧੀਆਂ ਤਾਂ ਬਹੁਤ ਥੋੜ੍ਹੀਆਂ ਹਨ ਪਰ ਨਾਮ ਨਾਲ ਜੋ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਦੀ ਕੋਈ ਗਿਣਤੀ ਨਹੀਂ। ਸਾਧਸੰਗਤ ਜੀ! ਇਤਿਹਾਸ ਵਿਚ ਆਉਂਦਾ ਹੈ ਗੁਰੂ ਹਰਿਰਾਇ ਸਾਹਿਬ ਜੀ ਨੇ ਔਰੰਗਜ਼ੇਬ ਪਾਸ ਆਪਣੀ ਥਾਂ ਆਪਣੇ ਪੁਤਰ ਰਾਮਰਾਇ ਜੀ ਨੂੰ ਉਸ ਦੇ ਬੁਲਾਏ ਜਾਣ ਤੇ ਭੇਜ ਦਿਤਾ ਜਿਸ ਨੇ ਉਥੇ ਬਹੁਤ ਸਿਧੀਆਂ ਦਿਖਾਈਆਂ। ਇਤਿਹਾਸਕਾਰਾਂ ਨੇ 72 ਸਿਧੀਆਂ ਦਾ ਜ਼ਿਕਰ ਕੀਤਾ ਹੈ ਜੋ ਇਸ ਪ੍ਰਕਾਰ ਹਨ –

1. ਪਹਿਲੇ ਦਿਨ ਆਪਣੇ ਮੁਰਸ਼ਦ ਪੀਰ ਮੁਅੱਜ਼ ਅਲਫ ਸਾਨੀ ਤੇ ਸ਼ਾਹੀ ਕਾਜ਼ੀ ਨੂੰ ਔਰੰਗੇ ਨੇ ਰਾਮਰਾਇ ਜੀ ਦੇ ਪਰਖਣ ਵਾਸਤੇ ਭੇਜਿਆ, ਰਾਮਰਾਇ ਜੀ ਨੇ ਰਸਦ ਵਿਚੋਂ ਸਭ ਚੀਜ਼ ਉਨ੍ਹਾਂ ਨੂੰ ਦੇ ਕੇ ਜਿਹੜਾ ਬੱਕਰਾ ਰਸਦ ਨਾਲ ਔਰੰਗੇ ਨੇ ਭੇਜਿਆ ਸੀ ਉਸ ਵਿਚੋਂ ਭੀ ਚੌਥਾ ਹਿੱਸਾ ਪੀਰ ਤੇ ਕਾਜ਼ੀ ਨੂੰ ਦਿਤਾ। ਅਗਲੇ ਦਿਨ ਸਵੇਰੇ ਹੀ ਔਰੰਗੇ ਨੇ ਇਕ ਹੋਰ ਬੱਕਰਾ ਚੋਬਦਾਰ ਦੇ ਹੱਥ ਭੇਜ ਕੇ ਆਖਿਆ ਉਹ ਬਕਰਾ ਰਾਤੀਂ ਭੁੱਲ ਕੇ ਸ਼ਹਿਜ਼ਾਦੇ ਦਾ ਆਪ ਨੂੰ ਦਿਤਾ ਗਿਆ ਹੈ, ਹੁਣ ਸ਼ਹਿਜ਼ਾਦਾ ਓਹੀ ਮੰਗਦਾ ਹੈ, ਹੋਰ ਲੈਂਦਾ ਨਹੀਂ, ਤੁਸੀਂ ਇਹ ਰੱਖ ਲਵੋ ਉਹ ਦੇ ਦਿਓ। ਰਾਮਰਾਇ ਜੀ ਨੇ ਬਾਦਸ਼ਾਹ ਦਾ ਕਪਟ ਪਛਾਣ ਕੇ ਉਸ ਬਕਰੇ ਨੂੰ ਤਿੰਨ ਹਿੱਸੇ ਸੁਰਜੀਤ ਕਰਕੇ ਭਾਈ ਤਾਰੇ ਨੂੰ ਚੋਬਦਾਰ ਦੇ ਨਾਲ ਦੇ ਕੇ ਔਰੰਗੇ ਪਾਸ ਕਚਹਿਰੀ ਵਿਚ ਭੇਜ ਦਿਤਾ, ਜਿਸਨੂੰ ਦੇਖ ਕੇ ਸਭ ਲੋਕ ਹੈਰਾਨ ਹੋ ਗਏ। ਬਾਦਸ਼ਾਹ ਨੇ ਚੌਥੀ ਲੱਤ ਨਾ ਹੋਣ ਦਾ ਕਾਰਨ ਪੁਛਿਆ ਤਾਂ ਭਾਈ ਤਾਰੇ ਨੇ ਆਖਿਆ ਚੌਥਾ ਹਿੱਸਾ ਆਪ ਦੇ ਪੀਰ ਤੇ ਕਾਜ਼ੀ ਨੇ ਖਾਧਾ ਹੈ, ਉਹ ਉਨ੍ਹਾਂ ਤੋਂ ਸਾਬਤ ਕਰਾ ਲਓ। ਉਨ੍ਹਾਂ ਨੂੰ ਸੱਦਣ ਵਾਸਤੇ ਚੋਬਦਾਰ ਘੱਲਿਆ। ਪੀਰ ਇਹ ਗੱਲ ਸੁਣਦੇ ਸਾਰ ਹੀ ਸ਼ਰਮਿੰਦਾ ਹੋ ਗਿਆ। ਕਾਜ਼ੀ ਬਹੁਤ ਸ਼ਰਮਿੰਦਾ ਹੋਇਆ, ਔਰੰਗੇ ਨੇ ਠੀਕ ਗੁਰੂ ਨਾਨਕ ਦੇ ਘਰ ਨੂੰ ਭੰਨਣ ਘੜਨ ਸਮਰੱਥ ਮੰਨਿਆ।

2. ਔਰੰਗੇ ਨੇ ਮੁਲਾਕਾਤ ਕਰਨ ਸਮੇਂ ਬਾਗ ਵਿਚ ਖੂਹ ਉਤੇ ਫਰਸ਼ ਕਰਾਇਆ, ਰਾਮਰਾਇ ਉਸ ਉਤੇ ਅਡੋਲ ਬੈਠ ਰਹੇ।

3. ਕਾਜ਼ੀਆਂ ਦੇ ਕਹੇ ਜ਼ਹਿਰ ਦੀ ਪੁਸ਼ਾਕ ਪਹਿਨਾਈ, ਕੁਛ ਅਸਰ ਨਾ ਹੋਇਆ।

4. ਔਰੰਗੇ ਦੇ ਪੁਛਣੇ ਪਰ ਉਸ ਦੀ ਪਿਆਰੀ ਬੇਗਮ ਦੇ ਗੁਪਤ ਚਿੰਨ੍ਹ ਦੱਸੇ।



Sri Satguru Jagjit Singh Ji eLibrary NamdhariElibrary@gmail.com

5. ਸ਼ਾਹ ਦੀ ਇੱਛਾ ਤੇ ਪਦਮਨੀ ਵਿਖਾਈ।

6. ਔਰੰਗੇ ਨੇ ਆਖਿਆ, ਨਾਨਕ ਸ਼ਾਹ ਨੇ ਲੱਖਾਂ ਤਬਕ ਦੱਸੇ ਹਨ, ਤੁਸੀਂ ਦੋ ਚੰਦ ਹੀ ਦਿਖਾ ਦਿਓ, ਓਸੇ ਰਾਤ ਨੂੰ ਦੋ ਚੰਦ ਇਕੋ ਜਿਹੇ ਪ੍ਰਕਾਸ਼ ਦੇ ਹੋਏ ਇਕ ਪੂਰਬ ਦੂਜਾ ਪੱਛਮ ਵਲ ਦਿਖਾ ਦਿਤਾ।

7. ਬਾਦਸ਼ਾਹੀ ਕਾਜ਼ੀ ਦੇ ਪੁਛੇ ਤੋਂ ਉਸਦੇ ਘਰ ਦਿਆਂ ਦੀ ਕੁਟਲਤਾ ਦੱਸੀ।

8. ਬਾਦਸ਼ਾਹ ਨੇ ਪੁਛਿਆ, ਏਸ ਗੱਭਣ ਘੋੜੀ ਦੇ ਕੀ ਜੰਮੇਗਾ, ਇਨ੍ਹਾਂ ਕੁਮੈਤ ਬਛੇਰਾ ਦਸਿਆ, ਸੋਈ ਸੱਚ ਹੋਇਆ।

9. ਵਜ਼ੀਰ ਦੀ ਇਸਤ੍ਰੀ ਨੂੰ ਬੇਟੀਆਂ ਹੁੰਦੀਆਂ ਸਨ, ਗੁਰੂਕਿਜਾਂ ਦੇ ਬਚਨ ਨਾਲ ਪੁੱਤਰ ਹੋਣ ਲਗ ਪਏ।

10. ਇਕ ਦਿਨ ਬਾਦਸ਼ਾਹ ਨੇ ਪਾਲਕੀ ਬਿਨਾਂ ਕਹਾਰਾਂ ਦੇ ਭੇਜ ਕੇ ਆਖਿਆ। ਏਸ ਉਤੇ ਅਸਵਾਰ ਹੋ ਕੇ ਕਲ੍ਹ ਨੂੰ ਕਚਹਿਰੀ ਵਿਚ ਆ ਕੇ ਦਰਸ਼ਨ ਦੇਣਾ। ਰਾਮਰਾਇ ਉਸ ਵਿਚ ਬੈਠ ਕੇ ਪਾਲਕੀ ਚਲਾ ਲਿਆਏ, ਸ਼ਹਿਰੀ ਕਚਹਿਰੀ ਦੇ ਲੋਕ ਦੇਖ ਕੇ ਹੱਕੇ ਬੱਕੇ ਹੋ ਗਏ।

11. ਬਾਦਸ਼ਾਹ ਤੇ ਵਜ਼ੀਰ ਨੇ ਸ਼ਾਹੀ ਖਜ਼ਾਨੇ ਦਾ ਸ਼ੁਮਾਰ ਪੁਛਿਆ ਤਾਂ ਰਾਮਰਾਇ ਜੀ ਨੇ ਜਿਸ-ਜਿਸ ਸੰਨ ਦੇ ਜਿਤਨੇ-ਜਿਤਨੇ ਰੁਪਏ ਮੋਹਰਾਂ ਰਤਨ ਸਨ ਸਭ ਵੱਖਰੇ-ਵੱਖਰੇ ਕਹਿ ਸੁਣਾਏ।

12. ਸ਼ਿਕਾਰ ਜਾਣ ਲੱਗੇ ਔਰੰਗੇ ਨੇ ਪੁਛਿਆ ਕਿ ਕੀ ਸ਼ਿਕਾਰ ਲੱਭੇਗਾ? ਰਾਮਰਾਇ ਜੀ ਨੇ ਆਖਿਆ ਕਿ ਇਕ ਸ਼ੇਰ ਟੱਕਰੇਗਾ, ਦੋ ਆਦਮੀਆਂ ਨੂੰ ਮਾਰ ਕੇ ਚਲਾ ਜਾਊ, ਹੋਰ ਕੁਛ ਨਹੀਂ ਲੱਭੇਗਾ; ਓਹੋ ਹੋਈ।

13. ਔਰੰਗੇ ਨੇ ਆਪਣੇ ਬਾਜ਼ ਦਾ ਜੋ ਉਸ ਨੂੰ ਬਹੁਤ ਪਿਆਰਾ ਸੀ ਪਿਛਲਾ ਜਨਮ ਪੁਛਿਆ ਤਾਂ ਇਨ੍ਹਾਂ ਨੇ ਸ਼ਾਹਜਹਾਂ ਦਾ ਵਜ਼ੀਰ ਦਸਿਆ। ਇਕ ਦਿਨ ਓਸ ਬਾਦਸ਼ਾਹ ਵਾਸਤੇ ਬਹੁਤ ਚੰਗਾ ਮਾਸ ਰਿੱਝਾ, ਲੈ ਕੇ ਆਉਣ ਲੱਗਾ, ਤੇ ਰਾਹ ਵਿਚ ਹੀ ਵੈਰੀ ਨੇ ਕਤਲ ਕਰ ਦਿਤਾ, ਮਾਸ ਖਵਾਉਣ ਦੀ ਵਾਸ਼ਨਾ ਵਿਚੇ ਹੀ ਰਹੀ, ਏਸ ਕਰਕੇ ਇਹ ਤੁਹਾਨੂੰ ਹੁਣ ਮਾਸ ਖੁਵਾਉਂਦਾ ਹੈ। ਜਦ ਸਾਰੇ ਪਤੇ ਲਗ ਗਏ ਤਾਂ ਨਿਸ਼ਚਾ ਹੋਇਆ।

14. ਬਾਦਸ਼ਾਹ ਨੇ ਆਪਣਾ ਜਨਮ ਪੁਛਿਆ ਤਾਂ ਗੁਰੂਕਜਾਂ ਨੇ ਆਖਿਆ ਤੂੰ ਪਿਛਲੇ ਜਨਮ ਬਘਿਆੜ ਸੀ, ਹਲਕ ਗਿਆ, ਖਲਕਤ ਤੇਰੇ ਪਿਛੇ ਉਠ ਪਈ, ਕਈ ਦਿਨਾਂ ਵਿਚ ਤੈਨੂੰ ਇਕ ਸੰਤ ਦੇ ਝੂੰਭੜੇ ਪਾਸ ਘੇਰ ਕੇ ਮਾਰਿਆ, ਓਸੇ ਤਰ੍ਹਾਂ ਤੂੰ ਖਲਕਤ ਨੂੰ ਦੁਖ ਦੇ ਰਿਹਾ ਹੈਂ, ਉਸ ਸੰਤ ਦੇ ਦਰਸ਼ਨ ਅੰਤ ਸਮੇਂ ਹੋਣ ਕਰਕੇ ਬਾਦਸ਼ਾਹ ਹੋ ਗਿਆ ਹੈਂ, ਜਦੋਂ ਉਹ ਸਾਰੇ ਪਤੇ ਪੂਰੇ ਪੂਰੇ ਲਗ ਗਏ ਤਾਂ ਸੱਚ ਮੰਨਿਆ।

15. ਔਰੰਗੇ ਨੇ ਬਹਿਸ਼ਤ ਦੇ ਫਲ ਮੰਗੇ। ਰਾਮਰਾਇ ਜੀ ਨੇ ਲੰਮਾ ਹੱਥ ਕਰਕੇ ਫੜ ਕੇ ਬਾਦਸ਼ਾਹ ਨੂੰ ਦੇ ਕੇ ਆਖਿਆ ਕਿ ਤੈਨੂੰ ਬਹਿਸ਼ਤ ਦੇ ਫਲ ਖਾਣੇ ਦਾ ਹੁਕਮ ਨਹੀਂ ਜਦ ਉਹ ਖਾਣ ਲੱਗਾ ਤਾਂ ਹੱਥਾਂ ਵਿਚੋਂ ਅਲੋਪ ਹੋ ਗਏ।

16. ਬਾਦਸ਼ਾਹ ਤੇ ਕਈ ਅਮੀਰਾਂ ਦੀ ਬੇਨਤੀ ਮੰਨ ਕੇ ਰੁਮਾਲ ਆਪਣੇ ਹੱਥ ਦਾ ਦਿਤਾ, ਜਿਸ ਜਿਸ ਨੇ ਦਾੜ੍ਹੀ ਉਤੇ ਫੇਰਿਆ ਕਾਲੀ ਸ਼ਾਹ ਹੋ ਗਈ, ਉਹ ਵਸਮਾਂ ਲਾਉਣੋਂ ਛੁਟੇ, ਵਰਿਹਾਂ ਦਿਨ ਕਾਲੇ ਰੰਗ ਦੀਆਂ ਰਹੀਆਂ।

17. ਇਕ ਦਿਨ ਜਮਨਾ ਕਿਨਾਰੇ ਫਿਰਦਿਆਂ ਹੋਇਆਂ ਬਾਦਸ਼ਾਹ ਨੇ ਆਖਿਆ, ਬਿਨਾਂ ਬੇੜੀ ਪਾਰ ਕਰੋ, ਛੇਤੀ ਸ਼ਿਕਾਰ ਕਰੀਏ। ਰਾਮਰਾਏ ਜੀ ਜਲ ਵਿਚ ਜਾ ਖੜੋਤੇ, ਗਿੱਟੇ-ਗਿੱਟੇ ਪਾਣੀ ਹੋ ਗਿਆ।

18. ਇਕ ਦਿਨ ਗੜੇ ਪਏ, ਬਾਦਸ਼ਾਹ ਸ਼ਿਕਾਰ ਵਿਚ ਸੀ, ਗੁਰੂਕਜਾਂ ਅੱਗੇ ਬੇਨਤੀ ਕੀਤੀ, ਗੜੇ ਇਕ ਤਾਲ ਵਿਚ ਪਵਾ ਦਿਤੇ, ਖੇਤੀਆਂ, ਫੌਜਾਂ ਬਚ ਰਹੀਆਂ।

19. ਔਰੰਗਾ ਬੋਲਿਆ, ਹਿੰਦੂਆਂ ਦੀਆਂ ਪੁਸਤਕਾਂ ਵਿਚ ਰਾਮ ਰਾਵਣ ਤੇ ਕੌਰਵਾਂ ਪਾਂਡਵਾਂ ਦੇ ਜੰਗ ਵਿਚ ਅਸਮਾਨ ਪਰ ਚੜ੍ਹ ਕੇ ਪੱਥਰ, ਅਗਨੀ, ਜਲ ਦੀ ਵਰਖਾ ਕਰਨੀ, ਪਾਤਾਲ ਵਿਚੋਂ ਬਬਰ ਵਾਹਨ ਸ਼ੇਰ ਪਾਸੋਂ ਮਣੀ ਲੈ ਆਇਆ, ਇਹੋ ਜਿਹੀਆਂ ਗੱਲਾਂ ਝੂਠ ਬਹੁਤ ਹਨ, ਰਾਮਰਾਇ ਜੀ ਨੇ ਜਮਨਾ ਦੀ ਬਰੇਤੀ ਵਿਚ ਪੱਥਰ ਅਤੇ ਅੱਗ ਦੀ ਵਰਸ਼ਾ ਦਿਖਾਈ।

20. ਸਭ ਦੇ ਦੇਖਦਿਆਂ ਪਤਾਲ ਵਿਚ ਧੱਸ ਗਏ, ਮਣੀ ਲੈ ਆਏ, ਜਿਸ ਦਾ ਰਾਤ ਨੂੰ ਚਾਨਣਾ ਹੋ ਗਿਆ ਪਰ ਦਿੱਬ ਹੋ ਗਈ।

21. ਕਾਜ਼ੀਆਂ ਦੇ ਕਹੇ ਖੂਨੀ ਹਾਥੀ ਰਾਮਰਾਇ ਦੀ



Sri Satguru Jagjit Singh Ji eLibrary NamdhariElibrary@gmail.com

ਅਸਵਾਰੀ ਨੂੰ ਭੇਜ ਦਿਤਾ, ਉਹ ਇਨ੍ਹਾਂ ਅੱਗੇ ਬੱਕਰੀ ਵਰਗਾ ਹੋ ਤੁਰਿਆ।

22. ਕਚਹਿਰੀ ਵਿਚ ਇਕ ਦਿਨ ਇਕ ਬਾਦਸ਼ਾਹੀ ਮੌਲਵੀ ਨੇ ਗੁਰੂ ਨਾਨਕ ਜੀ ਦੀ ਕੁਛ ਨਿੰਦਿਆ ਕੀਤੀ, ਰਾਮਰਾਇ ਜੀ ਨੇ ਬਚਨ ਕੀਤਾ ਕਿ ਤੇਰੀ ਜ਼ੁਬਾਨ ਛੇਕ ਹੋ ਕੇ ਬੰਦ ਹੋ ਜਾਣ ਦੇ ਯੋਗ ਹੈ, ਓਹੋ ਹੋਇਆ, ਉਸ ਦੀ ਜੀਭ ਵਿਚ ਛੇਕ ਹੋ ਕੇ ਬੋਲਣੋਂ ਰਹਿ ਚੁਕੀ। ਉਸ ਦਿਨ ਤੋਂ ਕਦੇ ਕੋਈ ਇਨ੍ਹਾਂ ਦੇ ਸਾਮ੍ਹਣੇ ਗੁਰੂ ਜੀ ਦੀ ਬਾਬਤ ਮੰਦ ਬਚਨ ਨਾ ਬੋਲਿਆ।

23. ਇਕ ਦਿਨ ਕਤਕ ਵਿਚ ਟਿੱਡ ਆਈ, ਲੋਕ ਦਹਿਲ ਪਏ ਕਿ ਖੇਤੀਆਂ ਖਾ ਜਾਊ, ਔਰੰਗੇ ਦੇ ਕਹਿਣ ਤੇ ਰਾਮਰਾਇ ਜੀ ਨੇ ਹਿਮਾਲਿਆ ਦੇ ਪਰਬਤਾਂ ਵਲ ਤੋਰ ਛੱਡੀ।

24. ਇਕ ਵਾਰੀ ਨੁਰੰਗੇ ਦੇ ਪੁੱਤਰ ਨੂੰ ਬਹੁਤ ਤਾਪ ਚੜ੍ਹ ਪਿਆ, ਜਦ ਕਿਸੇ ਹਕੀਮ ਤੋਂ ਨਾ ਹਟਿਆ ਤਾਂ ਇਨ੍ਹਾਂ ਨੇ ਸਤਿਨਾਮ ਗਲ ਬਨ੍ਹਾ ਕੇ ਹਟਾ ਦਿਤਾ।

25. ਇਕ ਦਿਨ ਸਾਰੀ ਕਚਹਿਰੀ ਨੂੰ ਦਿਨੇ ਤਾਰੇ ਦਿਖਾਏ।

26. ਔਰੰਗੇ ਨੇ ਵੱਡੇ-ਵੱਡੇ ਚੌਪੜ ਦੇ ਖਿਲਾਰੀ ਬੁਲਾ ਕੇ ਸ਼ਰਤ ਲਾ ਕੇ ਖਿਡਾਏ, ਰਾਮਰਾਇ ਜੀ ਨੇ 12 ਬਾਜ਼ੀਆਂ ਵਿਚ 12 ਹਜ਼ਾਰ ਮੋਹਰ ਔਰੰਗੇ ਦੀ ਜਿੱਤੀ।

27. ਮੁਲਕ ਵਿਚ ਮਹਾਂਮਰੀ ਦੀ ਮਰਜ਼ ਅਜਿਹੀ ਕੜਕੀ ਕਿ ਹਜ਼ਾਰਾਂ ਲੋਕ ਰੋਜ਼ ਮਰਨ ਲੱਗੇ। ਔਰੰਗੇ ਦੇ ਬੇਨਤੀ ਕਰਨ ਤੇ ਰਾਮਰਾਇ ਜੀ 'ਸਤਿਨਾਮ' ਲਿਖ ਲਿਖ ਦੇਣ ਲੱਗੇ, ਜਿਸ ਦੇ ਗਲ ਬੰਨ੍ਹਿਆ ਗਿਆ, ਬਚ ਰਿਹਾ।

28. ਇਕ ਦਿਨ ਸ਼ਿਕਾਰ ਵਿਚ ਔਰੰਗੇ ਨੇ ਧੁੱਪ ਨਾਲ ਵਿਆਕੁਲ ਹੋ ਕੇ ਛਾਂ ਮੰਗੀ, ਇਨ੍ਹਾਂ ਨੇ ਮੇਘ ਮਾਲਾ ਫੈਲਾ ਦਿਤੀ।

29. ਬਾਦਸ਼ਾਹੀ ਬੇਗਮ ਨੂੰ ਆਉਲਾ ਪੈ ਗਿਆ। ਜਦ ਹੋਰ ਕਿਵੇਂ ਖਲਾਸੀ ਨਾ ਹੋਈ ਤਾਂ ਇਨ੍ਹਾਂ ਸਤਿਨਾਮ ਥਾਲੀ ਵਿਚ ਪਿਲਾਇਆ। ਬਹਾਦਰ ਸ਼ਾਹ ਜੰਮ ਪਿਆ, ਉਹ ਤਾਂਹੀਓ ਗੁਰੂ ਘਰ ਦਾ ਵਿਰੋਧੀ ਨਹੀਂ ਹੋਇਆ।

30. ਪਹਿਲਵਾਨ ਘੁਲੇ, ਸ਼ੇਰ ਅਫਗਾਨ ਦਾ ਬੇਟਾ ਔਜਬੇਗ ਜੋ ਰੁਸਤਮ ਦਾ ਖਤਾਬ ਲੈ ਚੁਕਾ ਸੀ, ਗੁਰੂ ਕੇ ਸੇਵਕ ਸਹਿਜੇ ਬੈਰਾੜ ਨੇ ਢਾਹ ਲਿਆ ਜੋ ਓਸ ਅੱਗੇ ਚਿੜੀ ਜਿਤਨਾ ਸੀ।

31. ਅਲਾਉਦੀਨ ਉਮਰਾ ਇਕ ਦਿਨ ਆਪਣੀ ਬਹਾਦਰੀ ਦੀ ਵਡਿਆਈ ਕਰ ਰਿਹਾ ਸੀ, ਰਾਮਰਾਇ ਜੀ ਨੇ ਇਕ ਜੱਟ ਸਿੱਖ ਨਾਲ ਲੜਾ ਦਿਤਾ, ਓਸ ਨੇ ਉਸ ਦੀ ਢਾਲ ਤਲਵਾਰ ਖੋਹ ਕੇ ਗੋਡਿਆਂ ਹੇਠ ਲੈ ਲਈ।

32. ਪੀਰ ਗੌਂਸ ਮੁਹੰਮਦ ਜੋ ਸਮਾਧੀ ਲਾ ਕੇ ਕਈ-ਕਈ ਦਿਨ ਬੈਠਾ ਰਹਿੰਦਾ ਸੀ, ਇਕ ਦਿਨ ਬਾਦਸ਼ਾਹ ਦੇ ਰੂਬਰੂ ਗਰਬ ਰਿਹਾ ਸੀ ਕਿ ਮਰਨਾ ਮੇਰੇ ਵਸ ਹੈ, ਅਜੇ 30 ਵਰ੍ਹੇ ਹੋਰ ਦੇਹ ਰਖਾਂਗਾ। ਰਾਮਰਾਇ ਜੀ ਬੋਲੇ ਤੂੰ ਪਰਸੋਂ ਨੂੰ ਮਰਨਾ ਹੈ, ਸੋਈ ਸੱਚ ਹੋਇਆ, ਤੀਜੇ ਦਿਨ ਮਰ ਗਿਆ, ਇਹ ਗੱਲ ਸਾਰੇ ਸ਼ਹਿਰ ਵਿਚ ਘੁੰਮ ਗਈ।

33. ਔਰੰਗੇ ਦੀ ਬੇਟੀ ਨੂੰ ਖੋਜਾ ਕੁਛੜ ਲੈ ਕੇ ਖਿਡਾ ਰਿਹਾ ਸੀ, ਰਾਮਰਾਇ ਜੀ ਨੇ ਦੇਖ ਕੇ ਆਖਿਆ ਕਿ ਇਹ ਲੜਕਾ ਕਿਸਦਾ ਹੈ? ਖੋਜੇ ਨੇ ਬਾਦਸ਼ਾਹ ਵਲ ਇਸ਼ਾਰਾ ਕਰਕੇ ਦੇਖਿਆ ਤਾਂ ਅੰਗ ਛੋਕਰੇ ਦੇ ਹੋ ਗਏ, ਸਭ ਦੇਖਣ ਵਾਲੇ ਹੈਰਾਨ ਰਹਿ ਗਏ।

34. ਇਕ ਦਿਨ ਬਾਦਸ਼ਾਹ ਦੇ ਪੁਛਣ ਤੇ ਜੋ ਜੋ ਕੁਛ ਉਸ ਨੇ ਰਾਤ ਨੂੰ ਜਾਗਦੇ ਹੋਏ ਕੰਮ ਕੀਤੇ ਉਹ ਭੀ ਦੱਸੇ ਅਤੇ ਸੁਫਨੇ ਵਿਚ ਮੱਛੀਆਂ ਮਾਰਦਾ ਫਿਰਦਾ ਦਸਿਆ, ਓਹ ਸਹੀ ਮੰਨ ਗਿਆ।

35. ਇਕ ਦਿਨ ਬਾਦਸ਼ਾਹ ਤੇ ਕਈ ਉਮਰਾਹ ਰਾਮਰਾਇ ਸਮੇਤ ਬੇੜੀ ਵਿਚ ਚੜ੍ਹੇ ਹੋਏ ਜਮਨਾ ਵਿਚ ਸੈਰ ਕਰ ਰਹੇ ਸਨ ਤਾਂ ਕਿਸ਼ਤੀ ਧਾਰ ਮੂੰਹੋਂ ਆ ਕੇ ਡੁੱਬਣ ਲੱਗੀ। ਰਾਮਰਾਇ ਜੀ ਨੇ ਛਟੀ ਮਾਰੀ ਬੇੜੀ ਕਿਨਾਰੇ ਜਾ ਲੱਗੀ।

36. ਇਕ ਦਿਨ ਕਚਹਿਰੀ ਵਿਚ ਬੈਠੇ-ਬੈਠੇ ਰਾਮਰਾਇ ਜੀ ਗੁਪਤ ਹੋ ਗਏ, ਉਹ ਸਭ ਨੂੰ ਦੇਖਣ ਉਨ੍ਹਾਂ ਨੂੰ ਕੋਈ ਨਾ ਦੇਖੇ।

37. ਇਕ ਦਿਨ ਔਰੰਗੇ ਨੇ ਆਖਿਆ, ਬਾਬੇ ਨਾਨਕ ਦਾ ਪਲ ਵਿਚ ਸਾਥੀਆਂ ਸਮੇਤ ਹਜ਼ਾਰਾਂ ਕੋਹਾਂ ਜਾਣਾ ਲਿਖਿਆ ਹੈ, ਅਸੀਂ ਕਿਕੂੰ ਮੰਨੀਏ? ਰਾਮਰਾਇ ਜੀ ਨੇ ਆਖਿਆ ਕਿ ਤੂੰ ਦਸ ਤੈਨੂੰ ਕਿਥੇ ਪੁਚਾਵਾਂ? ਉਹ ਬੋਲਿਆ ਮੱਕੇ। ਜਦ ਔਰੰਗੇ ਨੇ ਅੱਖਾਂ ਮੀਟ ਕੇ ਖੋਲ੍ਹੀਆਂ ਤਾਂ ਰਾਮਰਾਇ ਜੀ ਸਮੇਤ ਆਪ ਨੂੰ ਮੱਕੇ ਬੈਠਾ ਦੇਖਿਆ, ਨਮਾਜ਼ ਪੜ੍ਹੀ ਤੇ ਕਾਬੇ ਦੀ ਯਾਤਰਾ ਕੀਤੀ, ਨਿਸ਼ਾਨੀਆਂ ਲੈ ਕੇ ਅੱਖਾਂ ਮੀਟੀਆਂ ਤਾਂ ਦਿੱਲੀ ਬੈਠੇ ਦੇਖਿਆ ਓਥੋਂ ਦੇ ਪਤੇ ਹਾਜੀਆਂ ਨੂੰ ਦੱਸੇ ਦਿਖਾਏ, ਸਭ ਸਹੀ ਮੰਨ ਗਏ।

38. ਇਕ ਵਾਰੀ ਔਰੰਗੇ ਦੀ ਬੇਨਤੀ ਮੰਨ ਕੇ ਉਸ ਨੂੰ ਸਾਰੇ ਦੇਸ਼ ਦੇ ਕਿਲਿਆਂ ਵਿਚ ਫੇਰ ਲਿਆਏ। ਇਹ ਸਭੋ ਕੁਛ ਦੇਖ ਆਏ, ਕਿਲੇਦਾਰਾਂ ਨੇ ਉਨ੍ਹਾਂ ਨੂੰ ਨਾ ਦੇਖਿਆ ਔਰੰਗਜ਼ੇਬ ਨੇ ਉਨ੍ਹਾਂ ਨੂੰ ਖਤ ਲਿਖੇ ਤਾਂ ਉਹ ਹੈਰਾਨ ਰਹਿ ਗਏ।

39. ਔਰੰਗੇ ਦੀਆਂ ਅੱਖਾਂ ਵਿਚ ਲੋਕਾਂਜਨ ਪਵਾ ਦਿਤਾ, ਮਹਿਲਾਂ ਵਿਚੋਂ ਬੇਗਮਾਂ ਦੇ ਜ਼ੇਵਰ ਚੁਕ ਲਿਆਇਆ ਤੇ ਜੋ ਜੋ ਕੰਮ ਕਰਦੀਆਂ ਸਨ ਦੇਖ ਆਇਆ, ਏਸ ਨੂੰ ਕਿਸੇ ਨਾ ਦੇਖਿਆ।

40. ਇਕ ਸਮੇਂ ਰਾਮਰਾਇ ਤੇ ਬਾਦਸ਼ਾਹ ਤੁਰੇ ਜਾਂਦੇ ਸਨ, ਇਕ ਬੁੱਢੀ ਨੂੰ ਚੀਕਾਂ ਮਾਰ ਮਾਰ ਕੇ ਰੋਂਦੀ ਦੇਖ ਕੇ ਪੁਛਿਆ ਤਾਂ ਉਸ ਨੇ ਆਖਿਆ ਕਿ ਮੇਰਾ ਰੰਡੀ ਦਾ ਇਕਲੋਤਾ ਪੁੱਤਰ ਮਰ ਗਿਆ, ਦੱਬਣ ਲੈ ਗਏ ਹਨ। ਰਾਮਰਾਇ ਜੀ ਬੋਲੇ, ਫਿਕਰ ਨਾ ਕਰ, ਮਰਿਆ ਨਹੀਂ। ਓਧਰ ਜਦ ਉਸ ਨੂੰ ਕਬਰ ਵਿਚ ਪਾਉਣ ਲੱਗੇ ਤਾਂ ਅੱਖਾਂ ਖੋਲ੍ਹ ਆਇਆ, ਮੋੜ ਕੇ ਘਰ ਲੈ ਆਏ, ਰਾਜ਼ੀ ਹੋ ਗਿਆ।

41. ਇਕ ਗਊ ਮਰੀ ਪਈ ਸੀ, ਉਸ ਦਾ ਵੱਛਾ ਭੁੱਖਾ



Sri Satguru Jagjit Singh Ji eLibrary NamdhariElibrary@gmail.com

ਅਰੜਾਵੇ, ਇਨ੍ਹਾਂ ਨੂੰ ਤਰਸ ਆਇਆ ਗਊ ਜਿਵਾ ਦਿਤੀ।

42. ਕਾਜ਼ੀਆਂ ਨੇ ਕਚਹਿਰੀ ਵਿਚ ਆਖਿਆ ਨਾਨਕ ਸ਼ਾਹ ਨੇ 'ਕੇਤੇ ਇੰਦ ਚੰਦ ਸੂਰ' ਕਿਹਾ ਹੈ ਸੂਰਜ ਪ੍ਰਤੱਖ ਦਿਖਾ ਦਿਤੇ, ਜਿਨ੍ਹਾਂ ਨੂੰ ਦੇਖ ਕੇ ਸਾਰੀ ਕਚਹਿਰੀ ਹੈਰਾਨ ਹੋ ਗਈ।

43. ਔਰੰਗੇ ਦੀ ਤਸਬੀ ਵੱਡੇ-ਵੱਡੇ ਕੀਮਤੀ ਮੋਤੀਆਂ ਦੀ ਜਾਂਦੀ ਰਹੀ, ਅਨੇਕ ਲੋਕ ਫੜੇ ਗਏ, ਰਾਮਰਾਇ ਜੀ ਨੂੰ ਪੁਛਿਆ ਤਾਂ ਇਨ੍ਹਾਂ ਆਖਿਆ ਸਭ ਤੋਂ ਛੋਟੀ ਬੇਗਮ ਦੇ ਸੰਦੂਕਚੇ ਵਿਚ ਪਈ ਹੈ, ਔਰੰਗੇ ਨੇ ਜਾ ਕੱਢੀ।

44. ਇਕ ਦਿਨ ਜੋ ਕੁਛ ਔਰੰਗੇ ਨੇ ਮਹਿਲਾਂ ਵਿਚ ਖਾਧਾ ਸੀ, ਉਸ ਦੇ ਪੁਛਣੇ ਪਰ ਸਭ ਕੁਝ ਰਾਮਰਾਇ ਜੀ ਨੇ ਦਸ ਦਿਤਾ।

45. ਇਕ ਦਿਨ ਕਾਬਲ ਦੇ ਕਾਲੇ ਅੰਗੂਰ ਆਦਿਕ ਤਾਜ਼ੇ ਮੇਵੇ ਬਾਦਸ਼ਾਹ ਨੇ ਮੰਗੇ, ਆਪ ਨੇ ਬਕਸ ਵਿਚੋਂ ਕੱਢ ਕੇ ਅਨੇਕ ਅਮੀਰਾਂ ਸਮੇਤ ਬਾਦਸ਼ਾਹ ਨੂੰ ਖਵਾਏ।

46. ਇਕ ਪਿੱਪਲ ਕਿਲੇ ਦੇ ਬੂਹੇ ਅੱਗੇ ਵੱਡੇ ਵਿਸਤਾਰ ਵਾਲਾ ਸੀ, ਸੈਂਕੜੇ ਲੋਕ ਉਸ ਦੀ ਛਾਇਆ ਵਿਚ ਆਰਾਮ ਪਾਉਂਦੇ, ਉਹ ਸੁਕ ਗਿਆ ਸੀ, ਰਾਮ ਰਾਇ ਜੀ ਨੇ ਜਲ ਛਿੜਕ ਕੇ ਹਰਾ ਭਰਾ ਕਰ ਦਿਖਾਇਆ।

47. ਇਕ ਦਿਨ ਔਰੰਗੇ ਨੇ ਆਖਿਆ ਮੈਨੂੰ ਹੰਸ ਦਿਖਾਓ, ਰਾਮਰਾਇ ਜੀ ਨੇ ਜੁਮੇਂ ਮਸੀਤ ਦੇ ਵਿਚ ਤਾਲ ਕਿਨਾਰੇ ਮੋਤੀ ਖਿੰਡਵਾ ਦਿਤੇ, ਦੋ ਜੋੜੇ ਹੰਸਾਂ ਦੇ ਆਏ ਮੋਤੀ ਚੁਗ ਕੇ ਉਡ ਗਏ, ਔਰੰਗੇ ਸਮੇਤ ਸਭ ਅਮੀਰ ਖੁਸ਼ੀ ਹੋਏ।

48. ਕਿਸੇ ਅੰਗਰੇਜ਼ ਸੌਦਾਗਰ ਨੇ ਜੋੜੀ ਗਜ ਮੋਤੀਆਂ ਦੀ ਢਾਈ ਲੱਖ ਨੂੰ ਵੇਚੀ ਦੂਜੇ ਦਿਨ ਰਾਮਰਾਇ ਜੀ ਨੂੰ ਕਚਹਿਰੀ ਵਿਚ ਦਿਖਾਏ, ਇਨ੍ਹਾਂ ਨੇ ਉਹ ਬਨਾਵਟੀ ਦੱਸੇ, ਜਦ ਨਿਰਣਾ ਹੋਇਆ ਤਾਂ ਠੀਕ ਉਹ ਝੂਠੇ ਤੇ ਸੁੱਚੇ ਮੋਤੀ ਸੌਦਾਗਰ ਪਾਸੋਂ ਨਿਕਲੇ ਜੋ ਉਸਨੇ ਬਦਲਾ ਲਏ ਸਨ।

49. ਇਕ ਦਿਨ ਯੋਗ ਵਿਦਿਆ ਦਾ ਜ਼ਿਕਰ ਚਲਿਆ ਤਾਂ ਭਾਵੇਂ ਰਾਮਰਾਇ ਜੀ ਸਿੱਖੇ ਨਹੀਂ ਸਨ ਪਰ ਗਿਆਰ੍ਹਾਂ ਦਿਨ ਸਮਾਧੀ ਲਾ ਕੇ ਬੈਠੇ ਰਹੇ।

50. ਇਕ ਦਿਨ ਬਾਦਸ਼ਾਹ ਦਾ ਘੋੜਾ ਮੂੰਹ ਤਾਣਾ ਹੋ ਕੇ ਜਮਨਾ ਦੇ ਡੂੰਘੇ ਜਲ ਵਿਚ ਲੈ ਵੜਿਆ, ਡੁੱਬਣ ਲੱਗੇ ਨੇ ਪੁਕਾਰ ਕੀਤੀ, ਗੁਰੂ ਜੀ ਰੱਖ ਲਓ। ਰਾਮਰਾਇ ਜੀ ਨੇ ਚੁਟਕੀ ਮਾਰੀ, ਘੋੜਾ ਉਛਲ ਕੇ ਬਾਹਰ ਲੈ ਆਇਆ।

51. ਰਾਮਰਾਇ ਜੀ ਨੂੰ ਕਚਹਿਰੀ ਵਿਚ ਬਾਦਸ਼ਾਹ ਦੇ ਪਾਸ ਚੌਂਕੀ ਸੂਜਨੀ ਵਾਲੀ ਮਿਲਿਆ ਕਰਦੀ ਸੀ, ਇਕ ਦਿਨ ਕਾਜ਼ੀਆਂ ਨੇ ਸੂਜਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਤਰੇ ਰੱਖ ਦਿਤੇ, ਰਾਮਰਾਇ ਜੀ ਨੇ ਮੱਥਾ ਟੇਕੇ ਕੇ ਪਤਰੇ ਚੁਕ ਲਏ ਤੇ ਸੂਜਨੀ ਉਤੇ ਬੈਠ ਗਏ।

52. ਇਕ ਦਿਨ ਕਾਜੀਆਂ ਨੇ ਔਰੰਗੇ ਨੂੰ ਸਿਖਾ ਕੇ ਚੌਂਕੀ ਚੁਕਾ ਦਿਤੀ, ਖਾਲੀ ਸੂਜਨੀ ਫਰਸ ਉਤੇ ਰਹਿਣ ਦਿਤੀ ਇਹ ਗਏ ਤਾਂ ਸੂਜਨੀ ਆਪੇ ਚੌਂਕੀ ਤੋਂ ਭੀ ਉਚੀ ਹੋ ਗਈ, ਰਾਮਰਾਇ ਜੀ ਉਸ ਉਤੇ ਜਾ ਬੈਠੇ। ਲੋਕ ਦੇਖ ਕੇ ਹੱਕੇ ਬੱਕੇ ਰਹਿ ਗਏ।

53. ਇਕ ਦਿਨ ਔਰੰਗੇ ਦੇ ਬੇਨਤੀ ਕਰਨ ਤੇ ਦਰਿਆਈ ਘੋੜਾ ਮੰਗਾ ਦਿਤਾ।

54. ਬਾਦਸ਼ਾਹ ਨੇ ਸਵਾ ਲੱਖ ਨੂੰ ਮੋਤੀਆਂ ਦਾ ਕੰਠਾ ਨਾਮ ਜੜਾਉ ਖਰੀਦਿਆ, ਰਾਮਰਾਇ ਜੀ ਦੇ ਗਲ ਪਾ ਦਿਤਾ, ਇਨ੍ਹਾਂ ਨੇ ਅੱਗੇ ਇਕ ਬੇਨਵਾ ਫਕੀਰ ਦੇ ਸੁਆਲ ਕਰਨੇ ਪਰ ਉਸ ਨੂੰ ਦੇ ਦਿਤਾ। ਕਾਜ਼ੀ ਨੇ ਚੁਗਲੀ ਖਾਧੀ, ਆਪ ਦੀ ਬਖਸ਼ੀਸ਼ ਪਲੀਤ ਸਮਝ ਕੇ ਕਿਸੇ ਨੂੰ ਦੇ ਛੱਡੀ, ਕਚਹਿਰੀ ਵਿਚ ਬਾਦਸ਼ਾਹ ਨੇ ਦੇਖਣਾ ਚਾਹਿਆ ਤਾਂ ਰਾਮਰਾਇ ਜੀ ਨੇ ਆਪਣੇ ਗਲ ਵਿਚ ਦਿਖਾ ਦਿਤਾ, ਚੁਗਲ ਸ਼ਰਮਿੰਦੇ ਹੋਏ।

55. ਔਰੰਗਾ ਬੋਲਿਆ ਕ੍ਰਿਸ਼ਨ ਦਾ ਗੋਵਰਧਨ ਚੁਕਣਾ ਹਿੰਦੂਆਂ ਨੇ ਝੂਠੇ ਲਿਖ ਰੱਖਿਆ ਹੈ, ਰਾਮਰਾਇ ਜੀ ਨੇ ਸ਼ਾਹੀ ਮਸੀਤ ਜੋ ਕਿਲੇ ਵਿਚ ਹੈ। ਆਪਣੀ ਛਟੀ ਦੀ ਨੋਕ ਉਤੇ ਚੁਕ ਕੇ ਦਿਖਾ ਦਿਤੀ।

56. ਔਰੰਗੇ ਨੂੰ ਖਬਰ ਲੱਗੀ ਕਿ ਇਕ ਕੇਹਰ ਗੰਗਾ ਪਾਰ ਆਇਆ ਹੈ, ਉਸ ਦਾ ਸ਼ਿਕਾਰ ਕਰਨ ਗਏ ਤਾਂ ਰਾਮਰਾਇ ਜੀ ਅੱਗੋ ਉਸ ਉਤੇ ਅਸਵਾਰ ਹੋਏ ਆਉਂਦੇ ਦੇਖੇ ਤਾਂ ਬਾਦਸ਼ਾਹ ਉਸੇ ਥਾਉਂ ਤੋਂ ਮੁੜ ਆਇਆ।

57. ਕਾਜ਼ੀ ਆਖਣ ਲੱਗੇ ਨਾਨਕ ਸ਼ਾਹ ਦੇ ਪੈਰਾਂ ਨਾਲ ਮੱਕੇ ਦਾ ਫਿਰਣਾ ਸਿੱਖਾਂ ਨੇ ਝੂਠ ਲਿਖ ਰੱਖਿਆ ਹੈ ਅਜਿਹੀ ਪੋਥੀ ਸੜਵਾ ਦੇਣੀ ਚਾਹੀਏ, ਰਾਮਰਾਇ ਜੀ ਨੇ ਜਿਧਰ-ਜਿਧਰ ਛਟੀ ਫੇਰੀ ਮਸੀਤ ਓਧਰੇ-ਓਧਰੇ ਫਿਰਦੀ ਦਿਸੀ, ਜਿਸ ਤੋਂ ਕਾਬੇ ਦਾ ਫਿਰਨਾ ਭੀ ਉਨ੍ਹਾਂ ਨੂੰ ਮੰਨਣਾ ਪਿਆ।

58. ਇਕ ਦਿਨ ਬਾਦਸ਼ਾਹ ਨੇ ਕਾਜ਼ੀਆਂ ਦੇ ਆਖੇ ਲੱਗ ਕੇ ਰਾਮਰਾਇ ਜੀ ਨੂੰ ਕੋਠੜੀ ਵਿਚ ਕੈਦ ਕਰ ਦਿਤਾ, ਜਦੋਂ ਬਾਦਸ਼ਾਹ ਬਾਹਰ ਗਿਆ ਤਾਂ ਅੱਗੇ ਰਾਮਰਾਇ ਜੀ ਘੋੜੇ ਉਤੇ ਚੜ੍ਹੇ ਆਉਂਦੇ ਮਿਲੇ, ਮੁੜ ਕੇ ਕੋਠੜੀ ਵਿਚ ਦੇਖਿਆ ਤਾਂ ਉਥੇ ਬੈਠੇ ਸਨ, ਡੇਰੇ ਆਦਮੀ ਭੇਜੇ ਉਥੇ ਬਿਰਾਜੇ ਹੋਏ ਦੇਖ ਆਏ।

59. ਇਕ ਦਿਨ ਖਾਣਾ ਖੁਵਾਉਣ ਵਾਸਤੇ ਰਾਮਰਾਇ ਜੀ ਨੂੰ ਔਰੰਗੇ ਨੇ ਬੁਲਾਇਆ, ਰਾਮਰਾਇ ਜੀ ਦੇ ਸਾਮ੍ਹਣੇ ਜਿਤਨੇ ਖਾਣੇ ਆਏ, ਚਾਵਲ ਕੀੜੇ ਤੇ ਬੋਟੀਆਂ ਡੱਡਾਂ ਹੋ ਕੇ ਤੁਰ ਪਏ।

60. ਔਰੰਗਜ਼ੇਬ ਦੀ ਬੇਟੀ ਜੇਬੁੱਲਨਸਾਂ ਨੂੰ ਵੀਹਲ ਉਠਿਆ ਹੋਰ ਕਿਵੇਂ ਆਰਾਮ ਨਾ ਹੋਇਆ, ਰਾਮਰਾਇ ਜੀ ਦੀ ਛਟੀ ਪੇਟ ਉਤੇ ਫੇਰੀ ਤਾਂ ਸੁਖੀ ਹੋਈ।

61. ਇਕ ਦਿਨ ਸ਼ਿਕਾਰ ਗਏ, ਸ਼ੇਰ ਨਿਕਲਿਆ, ਉਸ ਨੇ ਦੌੜ ਕੇ ਆ ਕੇ ਰਾਮਰਾਇ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ, ਔਰੰਗੇ ਦੇ ਪੁਛਣ ਤੇ ਇਨ੍ਹਾਂ ਦਸਿਆ ਕਿ ਇਹ ਪਿਛਲੇ ਜਨਮ ਗੁਰੂ ਕਾ ਸਿੱਖ ਸੀ, ਮਰਨ ਲੱਗੇ ਨੂੰ ਮਾਸ ਰਿਝਦੇ ਦਾ ਮੁਸਕ ਆਇਆ, ਇਸ ਕਰਕੇ ਮਾਸ ਖਾਣ ਦੀ ਵਾਸ਼ਨਾ ਫੁਰੀ ਸ਼ੇਰ ਹੋ ਗਿਆ, ਪਰ ਗੁਰੂ ਕੀ ਬਾਣੀ ਦੇ ਪ੍ਰਤਾਪ ਤੋਂ ਗਿਆਤਾ ਬਣੀ ਰਹੀ।

62. ਔਰੰਗੇ ਦੀ ਬੇਟੀ ਰੋਸ਼ਨਆਰਾ ਦੇ ਸੰਤਾਨ ਨਹੀਂ ਸੀ



Sri Satguru Jagjit Singh Ji eLibrary NamdhariElibrary@gmail.com

ਹੁੰਦੀ, ਇਨ੍ਹਾਂ ਦੀ ਕ੍ਰਿਪਾ ਤੋਂ ਹੋਈ।

63. ਇਕ ਦਿਨ ਔਰੰਗੇ ਨੇ ਸ਼ਰਾਬ ਦੀ ਸੁਰਾਹੀ ਰਾਤ ਨੂੰ ਗੁਰੂ ਕੇ ਲੰਗਰ ਵਿਚ ਰਖਾ ਦਿਤੀ, ਸਵੇਰੇ ਹੀ ਰਾਮਰਾਇ ਜੀ ਪਾਸ ਗਿਆ, ਨਾਲ ਲੈ ਕੇ ਇਧਰ ਫਿਰ ਕੇ ਪੁਛਿਆ ਇਸ ਸੁਰਾਹੀ ਵਿਚ ਕੀ ਹੈ, ਇਨ੍ਹਾਂ ਆਖਿਆ ਦੁਧ, ਸੋ ਦੁਧ ਹੀ ਨਿਕਲਿਆ।

64. ਇਕ ਦਿਨ ਜਦ ਰਾਮਰਾਇ ਜੀ ਕਿਲੇ ਵਿਚੋਂ ਆਏ ਤਾਂ ਸ਼ਾਹੀ ਦਰਵਾਜ਼ੇ ਨੂੰ ਸਵਾ ਮਣ ਦਾ ਜੰਦਰਾ ਲਾ ਰੱਖਿਆ, ਇਨ੍ਹਾਂ ਸੋਟੀ ਲਾਈ ਤਾਂ ਜੰਦਰਾ ਲਹਿ ਕੇ ਡਿੱਗ ਪਿਆ।

65. ਇਕ ਦਿਨ ਸੈਰ ਕਰਦੇ ਹੋਏ ਮੱਘਰ ਦੇ ਮਹੀਨੇ ਬਾਗ ਵਿਚ ਗਏ ਤਾਂ ਔਰੰਗੇ ਨੇ ਅੰਬ ਮੰਗੇ, ਓਸੇ ਘੜੀ ਅੰਬ ਲੱਗੇ ਹੋਏ ਤੁੜਵਾ ਕੇ ਖਵਾਏ, ਬਾਕੀ ਬੇਗਮਾਂ ਦੇ ਮਹਿਲਾਂ ਵਿਚ ਤੇ ਅਮੀਰਾਂ ਦੇ ਘਰ ਔਰੰਗੇ ਨੇ ਭੇਜ ਦਿਤੇ।

66. ਔਰੰਗੇ ਦਾ ਖੋਜਾ ਗੰਜਾ ਸੀ, ਉਸ ਨੇ ਆ ਕੇ ਬੇਨਤੀ ਕੀਤੀ, ਰਾਮਰਾਇ ਜੀ ਨੇ ਉਸ ਦੇ ਸਿਰ ਉਤੇ ਛਟੀ ਫੇਰੀ ਕੇਸ ਉਗ ਪਏ।

67. ਇਕ ਵਾਰੀ ਵਰਖਾ ਦੀ ਭਾਰੀ ਲੋੜ ਪਈ, ਔਰੰਗੇ ਦੇ ਬੇਨਤੀ ਕਰਨ ਤੇ ਰਾਮਰਾਇ ਜੀ ਨੇ ਅੱਠ ਦਿਨ ਵਰਖਾ ਕਰਾਈ, ਫੇਰ ਉਸ ਨੇ ਪੈਰੀਂ ਪੈ ਕੇ ਹਟਵਾਈ।

68. ਔਰੰਗੇ ਨੇ ਸੱਪ ਰਗੜਾ ਕੇ ਭਾਂਡੇ ਵਿਚ ਬੰਦ ਕਰਕੇ ਰਾਮਰਾਇ ਜੀ ਪਾਸ ਭੇਜ ਦਿਤੇ। ਸ਼ਾਹੀ ਕਾਜ਼ੀ ਲੈ ਕੇ ਆਇਆ ਜਦੋਂ ਇਨ੍ਹਾਂ ਨੇ ਕਢਾਏ ਤਾਂ ਜੜਾਊ ਜ਼ੇਵਰ ਬੇਗਮਾਂ ਦੇ ਨਿਕਲੇ।

69. ਕਾਜ਼ੀ ਨੇ ਕਾਜ਼ਨ ਵਾਸਤੇ ਗਹਿਣਿਆਂ ਦਾ ਸਵਾਲ ਕੀਤਾ ਤਾਂ ਇਨ੍ਹਾਂ ਦੇ ਦਿਤੇ। ਘਰ ਜਾ ਕੇ ਕੱਢਣ ਲੱਗਾ ਤਾਂ ਸੱਪ ਨਿਕਲੇ, ਕਾਜ਼ੀ ਦੋ ਪੁਤਰਾਂ ਸਮੇਤ ਉਨ੍ਹਾਂ ਦੇ ਕੱਟਣ ਤੇ ਮਰ ਗਿਆ।

70. ਇਕ ਦਿਨ ਸ਼ਿਕਾਰ ਗਏ। ਬਾਦਸ਼ਾਹ ਚਿੜੀਆਂ ਫੜ ਕੇ ਉਨ੍ਹਾਂ ਦੀਆਂ ਹੌਲਾਂ ਭੁੰਨ ਕੇ ਖਾਣ ਲੱਗਿਆ, ਬੋਲਿਆ, ਇਨ੍ਹਾਂ ਚਿੜੀਆਂ ਨੂੰ ਭੀ ਕੋਈ ਜਿਊਂਦਿਆਂ ਕਰ ਸਕਦਾ ਹੈ? ਰਾਮਰਾਇ ਜੀ ਬੋਲੇ 'ਮਾਰੇ ਮਾਰ ਜੀਵਾਲੇ ਸੋਈ' ਗੁਰੂ ਕਾ ਬਚਨ ਹੈ, ਈਸ਼ਵਰ ਨੂੰ ਸਭੇ ਸਮਰਥਾਂ ਹਨ, ਜਦ ਉਸ ਨੇ ਹਠ ਕੀਤਾ ਤਾਂ ਆਪ ਨੇ ਸਤਿਨਾਮ ਕਹਿ ਕੇ ਜਲ ਛਿੜਕਿਆ, ਭੁਰਰੈਂ ਹੋ ਕੇ ਸਭ ਉਡ ਗਈਆਂ।

71. ਇਕ ਦਿਨ ਸ਼ਿਕਾਰ ਗਏ। ਧੁੱਪ ਲੱਗੀ ਤਾਂ ਕੈਂਦੂ ਦਰਖਤ ਦੀ ਛਾਇਆ ਵਿਚ ਜੋ ਬਹੁਤ ਗਾੜ੍ਹੀ ਹੁੰਦੀ ਹੈ ਬਾਦਸ਼ਾਹ ਉਤਰ ਬੈਠਾ, ਕੈਂਦੂ ਦੇ ਫਲ ਦੇਖ ਕੇ ਔਰੰਗੇ ਨੇ ਆਖਿਆ ਅਸੀਂ ਸੁਣਿਆ ਹੈ ਨਾਨਕ ਸ਼ਾਹ ਨੇ ਰੀਠੇ ਮਿੱਠੇ ਕਰਕੇ ਜੋਗੀਆਂ ਨੂੰ ਖਲਾਏ ਸਨ, ਤੁਸੀਂ ਕੈਂਦੂ ਦੇ ਅੰਗੂਰ ਕਰ ਦਿਓ। ਰਾਮਰਾਇ ਜੀ ਨੇ ਕੈਂਦੂ ਹਲੂਣਿਆ, ਕਾਬਲੀ ਅੰਗੂਰ ਬਦਾਨਾ ਬੇਅੰਤ ਝੜ ਪਏ, ਔਰੰਗੇ ਸਮੇਤ ਝੱਬ ਸਭ ਅਮੀਰਾਂ ਤੇ ਨਫਰਾਂ ਨੇ ਖਾਧੇ, ਟੋਕਰੀ ਭਰਾ ਕੇ ਬੇਗਮਾਂ ਵਾਸਤੇ ਭੇਜ ਦਿਤੇ।

72. ਇਕ ਦਿਨ ਕਚਹਿਰੀ ਵਿਚ ਖਾਣਿਆਂ ਦੀ ਗੱਲ ਚੱਲੀ ਤਾਂ ਵਜ਼ੀਰ ਨੇ ਆਖਿਆ ਪੇੜੇ ਮਥਰਾ ਦੇ, ਝਿੰਜੜਵੜੇ ਸਨਾਮ ਦੇ, ਰੇਉੜੀ ਰੋਹਤਕ ਦੀ, ਕਚੌੜੀ ਪਟਨੇ ਦੀ, ਕੜਾਹ ਅੰਮ੍ਰਿਤਸਰ ਦਾ, ਗਨੇਰੀ ਸਹਾਰਨਪੁਰ ਦੀ, ਅੰਬ ਮਾਲਵੇ ਦਾ, ਪਾਨ ਨਾਗਪੁਰ ਦਾ, ਇਹ ਚੰਗੇ ਹੁੰਦੇ ਹਨ। ਬਾਦਸ਼ਾਹ ਨੇ ਰਾਮਰਾਇ ਜੀ ਨੂੰ ਆਖਿਆ, ਗੁਰੂ ਜੀ! ਇਕ ਦਿਨ ਇਹ ਸਭ ਚੀਜ਼ਾਂ ਖੁਵਾ ਦਿਓ। ਆਪ ਨੇ ਚਾਦਰ ਤਣਵਾ ਕੇ ਇਹ ਸਭ ਚੀਜ਼ਾਂ ਕੱਢ ਦਿਤੀਆਂ। ਕਹਿੰਦੇ ਹਨ ਕਿ ਸ੍ਰੀ ਰਾਮਰਾਇ ਜੀ ਨੇ ਕਰਾਮਾਤਾਂ ਤਾਂ ਹੋਰ ਭੀ ਬਹੁਤ ਦਿਖਾਈਆਂ, ਪਰ ਇਹ ਬਹੱਤਰ ਬਹੁਤ ਮਸ਼ਹੂਰ ਹਨ।

ਹਠ ਯੋਗ ਵਿਚ ਸੁਖਮਨਾ ਨਾੜੀ ਰਾਹੀਂ ਪ੍ਰਾਣ ਦਸਵੇਂ ਦੁਆਰ ਵਿਚ ਲਿਜਾਂਦੇ ਹਾਂ, ਵੇਦਾਂ ਅਨੁਸਾਰ ਆਦਮੀ ਦੇ ਅੰਦਰ 72 ਕਰੋੜ, 72 ਲੱਖ, 72 ਹਜ਼ਾਰ, 210 ਨਾੜੀਆਂ ਹਨ ਜਿਨ੍ਹਾਂ ਵਿਚੋਂ 10 ਨਾੜੀਆਂ ਪ੍ਰਾਣਾਯਾਮ ਕਰਨ ਲਈ ਸਹਾਇਕ ਹਨ। ਨੱਕ ਦੇ ਖੱਬੇ ਪਾਸੇ ਇੜਾ, ਸੱਜੇ ਪਾਸੇ ਪਿੰਗਲਾ ਨਾੜੀ ਹੈ, ਦੋਨਾਂ ਦੇ ਵਿਚ ਵਾਲੀ ਨਾੜੀ ਨੂੰ ਸੁਖਮਨਾ ਨਾੜੀ ਆਖਦੇ ਹਨ। ਸੱਜੇ ਨੇਤਰ ਵਿਚ ਗੰਧਾਰੀ ਨਾੜੀ ਅਤੇ ਖੱਬੇ ਵਿਚ ਹਸਤਿ ਜਿਹਵਾ ਨਾੜੀ ਹੈ। ਸੱਜੇ ਕੰਨ ਵਿਚ ਪੂਸ਼ਾ ਨਾੜੀ ਅਤੇ ਖੱਬੇ ਵਿਚ ਪਯਸ੍ਵਿਨੀ ਨਾੜੀ ਹੈ, ਲਿੰਗ ਵਿਚ ਅਲੰਬਸਾ ਨਾੜੀ ਹੈ। ਗੁਦਾ ਵਿਚ ਲਕਵਾ ਨਾੜੀ, ਦੈ ਸੰਖਨੀ ਨਾੜੀ ਨਾਭੀ ਵਿਚ ਹੈ। ਕਈ ਤਰ੍ਹਾਂ ਦੇ ਕਠਨ ਪ੍ਰਾਣਾਯਾਮ ਹਨ ਪਰ ਅਸਲੀ ਦੋ ਹਨ ਅਰਥਾਤ ਚੰਦ੍ਰਾਂਗ ਅਤੇ ਸੂਰਯਾਂਗ ਪ੍ਰਾਣਾਯਾਮ। ਪਹਿਲਾ ਹੈ ਕਿ ਇੜਾ ਦੇ ਰਸਤੇ 16 ਵਾਰ ਓਅੰ ਦਾ ਜਾਪ ਕਰਕੇ ਹੌਲੀ-ਹੌਲੀ ਪ੍ਰਾਣਾਂ ਨੂੰ ਅੰਦਰ ਖਿਚਣਾ ਯਾਨਿ ਪੂਰਕ ਕਰਨਾ। 64 ਵਾਰੀ ਓਅੰ ਦਾ ਜਪ ਕਰਕੇ ਸ੍ਵਾਸ ਨੂੰ ਰੋਕਣਾ, ਕੁੰਭਕ ਕਰਨਾ ਅਤੇ 32 ਵਾਰ ਸ੍ਵਾਸਾਂ ਨਾਲ ਬਾਹਰ ਛੱਡਣਾ। ਦੂਸਰਾ ਸੂਰਯਾਂਗ ਪ੍ਰਾਣਾਯਾਮ ਪਿੰਗਲਾ ਦੇ ਰਸਤੇ (ਚੰਦ੍ਰਾਂਗ ਦੀ ਰੀਤੀ ਅਨੁਸਾਰ) ਪੂਰਕ ਕਰਕੇ ਕੁੰਭਕ ਪਿਛੋਂ ਇੜਾ ਦੁਆਰਾ ਛੱਡ ਦੇਣਾ।

ਮੂਲਾਧਾਰ ਤੋਂ ਲੈ ਕੇ ਬ੍ਰਹਮ ਰੰਧ੍ਰ ਤਕ ਸੂਰਜ ਪ੍ਰਭਾ ਦੇ ਸਮਾਨ ਸੁਖਮਨਾ ਨਾੜੀ ਰਹਿੰਦੀ ਹੈ। ਉਸ ਦੇ ਮੱਧ ਵਿਚ ਕ੍ਰੋੜਾਂ ਬਿਜਲੀਆਂ ਦੇ ਪ੍ਰਕਾਸ਼ ਦੇ ਸਮਾਨ ਅਤਿ ਸੂਖਸ਼ਮ ਰੂਪ ਵਿਚ ਕੁੰਡਲਿਨੀ ਨਾਮ ਇਕ ਸ਼ਕਤੀ ਹੈ। ਉਸ ਸ਼ਕਤੀ ਦੇ ਦਰਸ਼ਨ ਮਾਤਰ ਨਾਲ ਹੀ ਸਾਰੇ ਪਾਪ ਅਤੇ ਅਗਿਆਨ ਨਾਸ਼ ਹੋ ਜਾਂਦੇ ਹਨ। ਪ੍ਰਾਣਾਯਾਮ ਦੇ ਬਲ ਕਰਕੇ ਭੁਜੰਗਾ ਨਾੜੀ ਜਿਸ ਵਿਚ ਸੁਖਮਨਾ ਦਾ ਦਰਵਾਜ਼ਾ ਕਿਵਾੜ ਰੂਪ ਹੋ ਕੇ ਬੰਦ ਕੀਤਾ ਹੋਇਆ ਹੈ, ਪਰ੍ਹੇ ਹਟ ਜਾਂਦੀ ਹੈ ਅਤੇ ਸੁਖਮਨਾ ਦੁਆਰਾ ਦਸਵੇਂ ਦੁਆਰ ਵਿਚ ਪ੍ਰਾਣਾਂ ਦੀ ਗਤੀ ਹੋ ਜਾਂਦੀ ਹੈ। ਇਕ ਹੰਸ ਪ੍ਰਾਣਾਯਾਮ ਹੈ ਜਿਸਦੀ ਇਹ ਚਾਲ ਹੈ ਇਕਾਗਰ ਮਨ ਹੋ ਕੇ ਸ੍ਵਾਸ ਦੇ ਬਾਹਰ ਜਾਣ ਤੇ ਹਕਾਰ ਦਾ ਅਤੇ ਅੰਦਰ ਜਾਣ ਤੇ ਸਕਾਰ ਦਾ ਸਿਮਰਨ ਕਰਨਾ। ਇਸ ਤਰ੍ਹਾਂ 60 ਘੜੀਆਂ ਵਿਚ 21600 ਵਾਰ ਜਪ ਹੋ ਜਾਂਦਾ ਹੈ। ਇਸ ਦਾ ਨਾਮ ਅਜਪਾ ਜਾਪ ਯਾਨਿ ਅਜਪਾ ਗਾਇਤ੍ਰੀ ਹੈ। ਪ੍ਰਾਪਤੀ ਨਾਮ ਸਰਣਾਗਤੀ ਦਾ ਹੈ, ਕਰਮ ਯੋਗ ਹੈ ਯਾਨਿ ਕ੍ਰਿਆ ਯੋਗ ਹੈ।

***ਨਿਵਲੀ ਕਰਮ ਭੁਅੰਗਮ ਭਾਠੀ***
***ਰੇਚਕ ਪੂਰਕ ਕੁੰਭ ਕਰੈ॥*** ***ਪੰਨਾ – 1343***

ਕ੍ਰਿਆ ਛੇ ਪ੍ਰਕਾਰ ਦੀ ਹੁੰਦੀ ਹੈ – 1. ਧੋਤੀ, 2. ਨੇਤੀ, 3. ਬਸਤੀ, 4. ਤ੍ਰਾਟਕ, 5. ਨਿਵਲੀ, 6. ਕਪਾਲ ਭਾਤੀ।

**1. ਧੋਤੀ –** ਚਾਰ ਉਂਗਲ ਚੌੜੀ 15 ਗਿੱਠ ਲੰਬੀ ਬਰੀਕ



Sri Satguru Jagjit Singh Ji eLibrary NamdhariElibrary@gmail.com

ਕਪੜੇ ਦੀ ਪੱਟੀ ਕੋਸੇ ਪਾਣੀ ਦੇ ਵਿਚ ਭਿਓਂ ਕੇ ਇਕ-ਇਕ ਗਿੱਠ ਰੋਜ਼ ਨਿਗਲਣ ਦਾ ਅਭਿਆਸ ਕਰਨਾ ਅਤੇ 15 ਦਿਨ ਵਿਚ ਇਹ ਸਾਰਾ ਕਪੜਾ ਨਿਗਲ ਜਾਣਾ। ਪਿਛਲਾ ਕਿਨਾਰਾ ਦੰਦਾਂ ਵਿਚ ਮਜ਼ਬੂਤ ਰਖਣਾ ਅਤੇ ਪੱਟੀ ਨੂੰ ਹੌਲੀ-ਹੌਲੀ ਬਾਹਰ ਕੱਢਣਾ। ਇਸ ਤਰ੍ਹਾਂ ਕਰਨ ਨਾਲ ਅੰਤੜੀਆਂ ਦੀ ਸਫਾਈ ਹੋ ਜਾਂਦੀ ਹੈ।

**2. ਨੇਤੀ** – ਇਕ ਗਿੱਠ ਲੰਬਾ ਸੂਤ ਦਾ ਧਾਗਾ ਬਰੀਕ ਅਤੇ ਮੁਲਾਇਮ ਲੈ ਕੇ ਪੂਰਕ ਕਰਕੇ ਨੱਕ ਦੇ ਰਸਤੇ ਵਿਚ ਚੜ੍ਹਾ ਕੇ ਪ੍ਰਾਣਾਂ ਦੇ ਬਲ ਨਾਲ ਉਸ ਨੂੰ ਮੂੰਹ ਦੇ ਰਸਤੇ ਪਾ ਕੇ ਦੋਨੋਂ ਤਰਫ ਤੋਂ ਪਕੜ ਕੇ ਅੰਦਰ ਸਾਫ ਕਰਨਾ।

**3. ਬਸਤੀ** – ਨਾਭੀ ਤਕ ਪਾਣੀ ਵਿਚ ਬੈਠ ਕੇ ਛੇ ਉਂਗਲ ਲੰਮੀ ਇਕ ਉਂਗਲ ਮੋਟੀ ਬਾਂਸ ਦੀ ਨਲਕੀ ਲੈ ਕੇ ਚਾਰ ਉਂਗਲ ਗੁਦਾ ਵਿਚ ਪ੍ਰਵੇਸ਼ ਕਰਨੀ ਅਤੇ ਪ੍ਰਾਣਾਂ ਦੇ ਬਲ ਨਾਲ ਜਲ ਖਿੱਚ ਕੇ ਅੰਤੜੀਆਂ ਸਾਫ ਕਰਨੀਆਂ।

**4. ਤ੍ਰਾਟਕ** – ਨੇਤਰਾਂ ਦੀ ਟਿਕਟਿਕੀ ਕਿਸੀ ਖਾਸ ਚੀਜ਼ ਤੇ ਲਾ ਕੇ ਉਦੋਂ ਤਕ ਇਕ ਰਸ ਦੇਖਦੇ ਰਹਿਣਾ ਜਦੋਂ ਤਕ ਨੇਤਰਾਂ ਦੀ ਦ੍ਰਿਸ਼ਟੀ ਥੱਕ ਕੇ ਪਾਣੀ ਨਾ ਨਿਕਲ ਆਵੇ ਉਸ ਨੂੰ ਤ੍ਰਾਟਕ ਕਹਿੰਦੇ ਹਨ। ਇਹ ਤ੍ਰਾਟਕ ਨੇਤਰਾਂ ਦੇ ਰੋਗਾਂ ਨੂੰ ਦੂਰ ਕਰਨ ਵਾਲਾ ਹੈ ਅਤੇ ਨਿੰਦਰਾ ਅਤੇ ਆਲਸ ਆਦਿ ਤਮੋ ਗੁਣ ਦੀ ਬਿਰਤੀ ਨੂੰ ਤੋੜਨ ਵਾਲਾ ਹੈ। ਇਸ ਨੂੰ ਇਸ ਤਰ੍ਹਾਂ ਸੰਭਾਲ ਕੇ ਰੱਖੋ ਜਿਸ ਤਰ੍ਹਾਂ ਸੋਨੇ ਦੀ ਸੰਦੂਕੜੀ ਸੰਭਾਲ ਕੇ ਰੱਖੀ ਜਾਂਦੀ ਹੈ। ਇਸ ਦੇ ਅਭਿਆਸ ਦਾ ਅਸਥਾਨ ਨਾਸਕਾ ਦੇ ਵਿਚ ਵਾਲੇ ਸਥਾਨ ਭਵਾਂ ਦੇ ਮੱਧ ਭਾਗ ਵਿਚ ਕੀਤਾ ਜਾਂਦਾ ਹੈ।

**5. ਨਿਉਲੀ** – ਦੋਨੋਂ ਮੋਢੇ ਨੀਚੇ ਕਰਕੇ ਪਿੱਠ ਨੂੰ ਸਿਧਾ ਕਰਕੇ ਸਾਵਧਾਨ ਬੈਠਣਾ, ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ, ਉਪਰ ਨੀਚੇ ਇਸ ਪ੍ਰਕਾਰ ਹਿਲਾਉਣਾ ਜਿਵੇਂ ਮਟਕੀ ਵਿਚ ਦਹੀ ਰਿੜਕਣ ਸਮੇਂ ਹੁੰਦਾ ਹੈ।

**6. ਕਪਾਲ ਭਾਤੀ** – ਲੁਹਾਰ ਦੀ ਧੌਂਕਨੀ ਦੇ ਸਮਾਨ ਰੇਚਕ ਪੂਰਕ ਦੁਆਰਾ ਪ੍ਰਾਣਾਂ ਨੂੰ ਬਾਰ-ਬਾਰ ਚੜ੍ਹਾਉਣਾ ਉਤਾਰਨਾ।

ਹੱਠ ਯੋਗੀ ਦੀਆਂ ਪੰਜ ਮੁਦਰਾ ਹੋਇਆ ਕਰਦੀਆਂ ਹਨ-

**1. ਖੇਚਰੀ** – ਤਾਲੂਏ ਨਾਲ ਜ਼ੁਬਾਨ ਲਾ ਕੇ ਜੋਗ ਦਾ ਰਸ ਲੈਣ ਵਾਲੀ ਸ਼ਕਤੀ – ਫਲ – 1. ਅਕਾਸ਼ ਵਿਚ ਵਿਚਰਨ ਵਾਲਿਆਂ ਨੂੰ ਵੇਖ ਲੈਣਾ, 2. ਅਕਾਸ਼ ਵਿਚ ਵਿਚਰਨ ਦੀ ਸ਼ਕਤੀ ਹੋ ਜਾਣੀ।

**2. ਭੂਚਰੀ** – ਭਰਵੱਟਿਆਂ ਵਿਚ ਨਿਗ੍ਹਾ ਟਿਕਾ ਲੈਣੀ। ਫਲ – ਪ੍ਰਿਥਵੀ ਤੇ ਵਿਚਰਨ ਦੀ ਤਾਕਤ ਹੋ ਜਾਣੀ।

**3. ਚਰਚਰੀ** – ਤ੍ਰਿਕੁਟੀ ਵਿਚ ਸੁਰਤ ਨੂੰ ਟਿਕਾ ਲੈਣਾ। ਫਲ – ਜਲ ਵਿਚ ਵਿਚਰਨ ਦੀ ਸ਼ਕਤੀ ਹੋ ਜਾਣੀ।

**4. ਅਗੋਚਰੀ** – ਛੇ ਚੱਕਰਾਂ ਦੀ ਕੈਦ ਤੋਂ ਪਰ੍ਹੇ ਹੋਣਾ- ਦਸਵੇਂ ਦੁਆਰ ਵਿਚ ਪ੍ਰਵੇਸ਼ ਹੋਣ ਦਾ ਸਮਾਂ, ਦਸਵੇਂ ਦੁਆਰ ਦੇ ਸਹੰਸਰਾਰ ਦਲ ਕਮਲ ਨੂੰ ਵੇਖ ਲੈਣਾ।

**5. ਉਨਮਨੀ** – ਆਪਣੇ ਸਰੀਰ ਦੇ ਅੰਦਰ ਦਸਵੇਂ ਦੁਆਰ ਵਿਚ ਤਾਲੂ ਅਸਥਾਨ ਦੁਆਰਾ ਸੁਆਸਾਂ ਨੂੰ ਕੱਢ ਕੇ, ਖਿੱਚ ਕੇ ਬ੍ਰਹਮ ਲੋਕ ਦੀ ਪ੍ਰਾਪਤੀ ਕਰਨੀ – ਦਸਵੇਂ ਦੁਆਰ ਵਿਚ ਚੇਤਨ ਦੀ ਲਾਟ ਨਾਲ ਮਿਲਣਾ – ਬ੍ਰਹਮ ਰੰਧ੍ਰ ਨੂੰ ਭੰਨ ਕੇ ਬ੍ਰਹਮ ਲੋਕ ਵਿਚ ਪ੍ਰਾਪਤ ਹੋਣਾ।

ਕਲਜੁਗ ਦਾ ਸਮਾਂ ਚਲ ਰਿਹਾ ਹੈ ਜਿਸ ਵਿਚ ਪ੍ਰਕ੍ਰਿਤੀ ਨੇ ਸਾਇੰਸ ਦੇ ਅਧਾਰ ਤੇ ਅਨੇਕਾਂ ਹੀ ਰੂਪ ਧਾਰੇ ਹੋਏ ਹਨ। ਟੈਲੀਵੀਜ਼ਨਾਂ ਰਾਹੀਂ ਅਨੇਕ ਚਿਤਰ ਟੈਲੀਵੀਜ਼ਨ ਵਿਚ ਦੇਖੇ ਜਾਂਦੇ ਹਨ। ਕੰਪਿਊਟਰ ਸਾਇੰਸ ਨੇ ਹੈਰਾਨੀ-ਜਨਕ ਤਰੱਕੀ ਕਰ ਲਈ ਹੈ। ਬੰਦੇ ਦੀ ਸੁਵਿਧਾ ਵਾਸਤੇ ਬਹੁਤ ਹੀ ਸਹੂਲਤਾਂ ਪੈਦਾ ਕਰ ਦਿਤੀਆਂ ਹਨ। ਜੀਵ ਇਨ੍ਹਾਂ ਸਾਰੀਆਂ ਨੂੰ ਦੇਖ ਕੇ ਮੋਹਤ ਹੁੰਦਾ ਰਹਿੰਦਾ ਹੈ ਅਤੇ ਨਾ ਹੀ ਉਹ ਰਾਜ ਯੋਗ, ਹਠ ਯੋਗ ਕਰਨ ਦਾ ਸਾਧਨ ਕਰ ਸਕਦਾ ਹੈ ਅਤੇ ਨਾ ਹੀ ਹੋਰ ਪਿਛੇ ਲਿਖੇ ਯੋਗ ਸਾਧਨ ਸਾਧ ਸਕਦਾ ਹੈ। ਇਸ ਕੋਲ ਸਮਾਂ ਬਹੁਤ ਹੀ ਘੱਟ ਹੋ ਗਿਆ। ਇਨ੍ਹਾਂ ਸਾਰੀਆਂ ਅਵਸਥਾਵਾਂ ਨੂੰ ਅਨੁਭਵ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਨੇ ***'ਕਲਜੁਗ ਨਾਨਕ ਨਾਮ ਸੁਖਾਲਾ'*** ਦਾ ਮਾਰਗ ਸੰਸਾਰ ਨੂੰ ਦਿਤਾ। ਇਸ ਮਾਰਗ ਤੇ ਚਲਣ ਲਈ ਨਾ ਗ੍ਰਿਹਿਸਤ ਛੱਡਣ ਦੀ ਲੋੜ ਹੈ, ਨਾ ਹੀ ਆਪਣਾ ਆਰਾਮ ਤੇ ਸੁੱਖ ਛੱਡ ਕੇ ਜੰਗਲਾਂ ਵਿਚ ਜਾਣ ਦੀ ਲੋੜ ਹੈ, ਸਿਰਫ ਜੀਵਨ ਨੂੰ ਸੰਜਮ ਵਿਚ ਲਿਆ ਕੇ ਗੁਰਬਾਣੀ ਦੇ ਪ੍ਰਕਾਸ਼ ਵਿਚ ਜੀਵਨ ਬਤੀਤ ਕਰਦਿਆਂ ਪੂਰੇ ਸਤਿਗੁਰੂ ਦੀ ਜੁਗਤ ਨੂੰ ਵਰਤਦਿਆਂ ਜੀਵ ਦੀ ਕਲਿਆਨ ਹੋ ਜਾਂਦੀ ਹੈ-

***ਨਾਨਕ ਸਤਿਗੁਰਿ ਭੇਟਿਆ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***
***ਪੰਨਾ – 522***

ਸਾਡਾ ਪ੍ਰਮ ਮਨੋਰਥ ਹਉਮੈ ਰੋਗ ਨੂੰ ਕੱਟ ਕੇ ਆਪਣੇ ਆਤਮ ਸਰੂਪ ਦਾ ਸਾਖਸ਼ਾਤ ਕਰਨਾ ਹੈ, ਜਿਸ ਕਰਕੇ ਇਸ ਜੀਵ ਦੀ ਝੂਠੀ ਹੋਂਦ ਖਤਮ ਹੋਇਆ ਕਰਦੀ ਹੈ ਇਹ ਅਸਲੀ ਰੂਹ ਆਤਮਾ ਨੂੰ ਪਹਿਚਾਣ ਲੈਂਦਾ ਹੈ। ਆਤਮਾ ਪ੍ਰਮਾਤਮਾ, ਬ੍ਰਹਮ, ਸੱਚ, ਏਕੰਕਾਰ ਇਕੋ ਹੀ ਹਨ ਕੇਵਲ ਨਾਮ ਵੱਖਰੇ-ਵੱਖਰੇ ਪਏ ਹੋਏ ਹਨ। ਜਿਵੇਂ ਅਸੀਂ ਇਕੋ ਚੀਜ਼ ਨੂੰ ਤਰਬੂਜ਼ ਆਖਦੇ ਹਾਂ, ਹਿੰਦਵਾਣਾ ਆਖਦੇ ਹਾਂ, Water melon ਆਦਿ ਆਖਦੇ ਹਾਂ। ਇਸੇ ਤਰ੍ਹਾਂ ਨਾਲ ਵਾਹਿਗੁਰੂ ਅਤੇ ਆਤਮਾ ਇਕੋ ਹੀ ਹਨ, ਬ੍ਰਹਮ ਵਖਰਾ ਨਹੀਂ ਹੈ। ਗੁਰਮਤਿ ਮਾਰਗ ਤੇ ਚਲਣ ਲਈ ਅਵਗੁਣ ਤਿਆਗ ਕੇ ਗੁਣ ਧਾਰਨ ਕਰਨੇ ਪੈਂਦੇ ਹਨ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ –

***ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਪੰਨਾ – 4***

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅੰਦਰ ਇਕ ਕਰਮ ਉਹ ਆਉਂਦੇ ਹਨ ਜਿਹੜੇ ਸਾਨੂੰ ਕਰਨੇ ਬਹੁਤ ਹੀ ਜ਼ਰੂਰੀ ਹਨ ਜਿਵੇਂ ਕਿ ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਬਾਣੀ ਦਾ ਪਾਠ ਕਰਨਾ, ਸਤਿਸੰਗ ਵਿਚ ਜਾਣਾ, ਸੇਵਾ ਕਰਨਾ, ਆਪਣੀ ਕਮਾਈ ਵਿਚੋਂ ਦਸਵੰਧ ਦਾਨ ਕਰਨਾ, ਦੂਸਰਿਆਂ ਦਾ ਭਲਾ ਕਰਨਾ, ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ ਤੋਂ ਹਮੇਸ਼ਾ ਹੀ ਬਚ ਕੇ ਰਹਿਣਾ। ਇਹ ਸਾਰੇ ਯਮ ਤੇ ਨਿਯਮ ਹਨ



Sri Satguru Jagjit Singh Ji eLibrary NamdhariElibrary@gmail.com

ਜੋ ਧਾਰਨ ਕਰਨੇ ਬਹੁਤ ਜ਼ਰੂਰੀ ਹਨ। ਜਿਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ –

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥*
*ਜਤ ਕੀ ਜਟਾ ਜੋਗ ਕੋ ਮੰਜਨ ਨੇਮ ਕੇ ਨਖਨ ਬਢਾਓ।*
*ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ।*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥*
*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹਿ ਪਾਵੈ॥*

*ਰਾਮਕਲੀ ਪਾਤਸ਼ਾਹੀ ੧੦*

ਇਹ ਸਾਰੇ ਗੁਣ ਧਾਰਨ ਕਰਕੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਸੰਸਾਰੀ ਜੀਵਾਂ ਨਾਲ ਆਪਣੀ ਵਰਤਣ ਬੈਰਾਗ ਦੀ ਰਖਣੀ ਅਤੇ ਭਗਤੀ ਮਾਰਗ ਨੂੰ ਅਪਨਾਉਣਾ ਹੈ ਜਿਸ ਦੇ ਬਾਰੇ ਵੇਰਵੇ ਸਹਿਤ ਮਹਾਂਪੁਰਸ਼ਾਂ ਨੇ ਦਸਿਆ ਹੈ –

*ਸ੍ਰਵਣ, ਸਿਮਰਨ ਕੀਰਤਨ ਪਾਦਸੇਵ ਅਰਚਾਨ॥*
*ਦਾਸਾ ਸਖਪਨ ਬੰਦਨਾ ਸਰਬ ਨਿਵੇਦਨ ਜਾਨ॥*

ਮਹਾਂਪੁਰਸ਼ਾਂ ਨੇ ਭਗਤ ਅਸਟਾਂਗ ਯੋਗ ਬਾਰੇ ਫੁਰਮਾਨ ਕਰਦਿਆਂ ਦਸਿਆ ਹੈ –

**1. ਯਮ** – ਮਨ ਨੀਵਾਂ ਰਖਣਾ – ਆਪਣੇ ਗੁਣਾਂ ਤੋਂ ਸਦਾ ਨਿਰਮਾਣ ਰਹਿਣਾ।

**2. ਨੇਮ** – ਨੇਮ ਨਾਲ ਗੁਰਬਾਣੀ, ਸਤਿ ਸਾਸ਼ਤਰ ਪੜ੍ਹਨਾ ਤੇ ਸੁਣਨਾ, ਵੀਚਾਰ ਕਰਨਾ, ਜੀਵਨ ਉਸ ਮੁਤਾਬਿਕ ਗੁਜ਼ਾਰਨਾ।

**3. ਇਕਾਂਤ ਦੇਸ਼** – ਸਭ ਵਿਚ ਇਕੋ ਅਕਾਲ ਪੁਰਖ ਜਾਨਣਾ, ਮਨ ਦੀਆਂ ਵਾਸ਼ਨਾਂ ਸੂਖਮ ਕਰਨੀਆਂ ਅਤੇ ਆਤਮ ਵਿਚਾਰ ਵਿਚ ਜੁੜਨਾ।

**4. ਆਸਨ** – ਅਕਾਲ ਪੁਰਖ ਵਿਚ ਚਿਤ ਬਿਰਤੀ ਇਸਥਿਤ ਕਰਨਾ।

**5. ਪ੍ਰਾਣਾਯਾਮ – ਪੂਰਕ** – ਗੁਰੂ ਦੇ ਬਚਨ ਸੁਣ ਕੇ ਸਾਰੇ ਅੰਦਰ ਖਿਚ ਲੈਣੇ, ਧਾਰਨ ਕਰਨੇ।

**ਕੁੰਭਕ** – ਆਤਮ ਵਸਤੂ ਵਿਚ ਰਿਦਾ ਇਸਥਿਤ ਰਖਣਾ।

**ਰੇਚਕ** – ਤਿਆਗਣ ਯੋਗ ਵਸਤੂਆਂ ਦਾ ਤਿਆਗ ਕਰਨਾ– ਨਿੰਦਾ, ਕਾਮ, ਈਰਖਾ, ਚੋਰੀ, ਝੂਠ, ਆਲਸ, ਵੈਰ, ਵਿਰੋਧ, ਕਾਮੁਕ ਬਿਰਤੀ, ਲੋਭ ਆਦਿ।

**6. ਧਿਆਨ** – ਬਾਣੀ ਪੜ੍ਹਨ ਸੁਣਨ ਸਮੇਂ ਗੁਰੂ ਬਚਨਾਂ ਵਿਚ ਧਿਆਨ ਰੱਖਣਾ, ਮਨ ਦੌੜਨ ਨਾ ਦੇਣਾ।

**7. ਧਾਰਨਾ** – ਮਨ ਨੂੰ ਬਾਰ-ਬਾਰ ਰੋਕ ਕੇ ਸ਼ਬਦ ਵਿਚ ਲਾਉਣਾ ਅਤੇ ਭਾਵ ਲੀਨ ਹੋ ਕੇ ਲੀਨਤਾ ਪ੍ਰਾਪਤ ਕਰਨੀ।

**8. ਸਮਾਧ** – ਹਉਮੈ ਮੇਟ ਕੇ ਪੂਰਾ ਪ੍ਰਮੇਸ਼ਰ ਵਿਚ ਸਮਾਵੇ। ਉਸ ਨੂੰ ਹਰ ਥਾਂ ਰਮਿਆ ਅਨੁਭਵ ਕਰਦਾ ਰਹੇ।

ਸੋ ਇਸ ਤਰ੍ਹਾਂ ਦਾ ਭਗਤੀ ਦਾ ਜੀਵਨ ਜਿਉਂਦਿਆਂ ਨਿਸ਼ਚੇ ਵਿਚ ਗਿਆਨ ਰਖਣਾ ਹੈ ਕਿ ਇਸ ਸੰਸਾਰ ਵਿਚ ਵਾਹਿਗੁਰੂ ਜੀ ਆਪਣੀ ਮਹਿਮਾ ਵਿਚ ਆਪ ਸਥਿਤ ਹਨ। ਆਪ ਹੀ ਆਪਣੇ ਆਪ ਤੋਂ ਪਸਾਰਾ ਕੀਤਾ ਹੋਇਆ ਹੈ। ਆਪ ਹੀ ਬਾਹਰ ਹਨ, ਆਪ ਹੀ ਘਟ-ਘਟ ਵਿਚ ਵਿਆਪਕ ਹਨ, ਉਨ੍ਹਾਂ ਬਿਨਾਂ ਹੋਰ ਕੋਈ ਨਹੀਂ ਹੈ। ਬਾਣੀ ਵਿਚ ਫੁਰਮਾਨ ਹੈ–

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*

*ਪੰਨਾ – 275*

ਗੁਰਮਤਿ ਅਨੁਸਾਰ ਗੁਰਮੁਖ ਦੀ ਸੰਗਤ ਜਿਸ ਦੇ ਅੰਦਰੋਂ ਪੰਜਾਂ ਭਰਮਾਂ ਦਾ ਨਾਸ਼ ਹੋ ਚੁਕਿਆ ਹੋਵੇ ਅਤੇ ਜਿਸ ਦੇ ਨੇਤਰਾਂ ਨੇ ਪ੍ਰਤੱਖ ਰੂਪ ਵਿਚ ਵਾਹਿਗੁਰੂ ਦਾ ਰੂਪ ਦੇਖ ਲਿਆ ਅਤੇ ਜਿਨ੍ਹਾਂ ਉਪਰ ਕਦੇ ਵੀ ਭੁੱਲ ਕੇ ਅਗਿਆਨ ਦਾ ਪੜਦਾ ਨਾ ਪੈਂਦਾ ਹੋਵੇ ਉਸ ਦੀ ਸੰਗਤ ਲਈ ਬਾਰ-ਬਾਰ ਕਿਤੇ ਸੰਤ, ਸਾਧੂ, ਮਹਾਂਪੁਰਖ, ਗੁਰਮੁਖ ਅੱਖਰ ਆਖ ਕੇ ਪ੍ਰੇਰਨਾ ਦਿਤੀ ਗਈ ਹੈ। ਸੋ ਗੁਰੂ ਘਰ ਵਿਚ 'ਨਾਮ ਯੋਗ' ਪ੍ਰਧਾਨ ਹੈ। ਸਾਰੀ ਬਾਣੀ ਦੇ ਅੰਦਰ ਨਾਮ ਜਪਣ ਲਈ ਬਾਰ-ਬਾਰ ਤਾਕੀਦ ਕੀਤੀ ਗਈ ਹੈ। ਨਾਮ ਕਿਸ ਤਰ੍ਹਾਂ ਜਪਣਾ ਹੈ ਇਸ ਉਪਰ ਅਨੇਕ ਮਹਾਂਪੁਰਸ਼ਾਂ ਨੇ ਆਪਣੇ ਅਨੁਭਵ ਪ੍ਰਗਟ ਕਰਦਿਆਂ ਪੁਸਤਕਾਂ ਲਿਖੀਆਂ ਹਨ ਜੋ ਗੁਰਬਾਣੀ ਦੀ ਹੀ ਵਿਆਖਿਆ ਦੇ ਰੂਪ ਵਿਚ ਹਨ।

ਉਪਰ ਬਹੁਤ ਹੀ ਵਿਆਖਿਆ ਸਹਿਤ ਆਤਮ ਮਾਰਗ ਦਾ ਵਰਨਣ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਰਾਜਕੁਮਾਰੀ ਅਤੇ ਭਾਈ ਤਿਲੋਕਾ ਜੀ ਦਾ ਜ਼ਿਕਰ ਕੀਤਾ ਜਾ ਰਿਹਾ ਸੀ। ਸਹਿਜ ਸੁਭਾਅ ਇਸ ਮਾਰਗ ਨੂੰ ਸਮਝਣ ਲਈ ਉਪਰ ਬਹੁਤ ਸਾਰੀ ਵਾਧੂ ਵਿਆਖਿਆ ਕੀਤੀ ਗਈ ਹੈ।

ਭਾਈ ਤਿਲੋਕਾ ਜੀ ਸਰੀਰ ਛੱਡ ਚੁਕੇ ਹਨ। ਰਾਜਕੁਮਾਰੀ ਦੇ ਸਾਰੇ ਆਸਰੇ ਢਹਿ ਢੇਰੀ ਹੋ ਗਏ ਹਨ ਉਸ ਨੂੰ ਕੁਝ ਵੀ ਨਹੀਂ ਸੁਝਦਾ, ਉਸ ਦਾ ਖਾਣਾ ਪੀਣਾ, ਉਠਣਾ, ਸੌਣਾ, ਜਾਗਣਾ ਕਿਸੇ ਨਿਯਮ ਵਿਚ ਨਹੀਂ ਰਿਹਾ। ਉਹ ਪੂਰਨ ਰੂਪ ਵਿਚ ਉਦਾਸ ਹੈ ਅਤੇ ਇਕੋ ਖਿਆਲ ਉਸ ਦੇ ਅੰਦਰ ਕੰਮ ਕਰ ਰਿਹਾ ਹੈ ਕਿ ਹੁਣ ਮੈਂ ਕੀ ਕਰਾਂ ਕਿਉਂਕਿ ਬਿਰਹੇ ਦੀ ਚੋਟ ਸਹਿਣੀ ਸਭ ਤੋਂ ਔਖੀ ਹੈ। ਬਾਣੀ ਵਿਚ ਆਉਂਦਾ ਹੈ –

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*

*ਪੰਨਾ – 83*

ਰਾਜਕੁਮਾਰੀ ਦੇ ਬਾਰ-ਬਾਰ ਇਕ ਗੱਲ ਯਾਦ ਆ ਰਹੀ ਹੈ ਕਿ ਮੈਨੂੰ ਭਾਈ ਤਿਲੋਕਾ ਜੀ ਕਹਿੰਦੇ ਸਨ ਕਿ ਤੂੰ ਆਤਮਾ ਹੈਂ; ਜੇ ਤੂੰ ਮੈਨੂੰ ਮਿਲਣਾ ਚਾਹੁੰਦੀ ਹੈਂ ਤਾਂ ਤੂੰ ਅਖੰਡ ਰੂਪ ਵਿਚ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਹਿਣਾ ਸ਼ੁਰੂ ਕਰ ਦੇ; ਤੈਨੂੰ ਉਹ ਰਸਤਾ ਮਿਲ ਜਾਵੇਗਾ ਜਿਥੇ ਪ੍ਰਵਾਨ ਰੂਹਾਂ ਜਾ ਕੇ ਵਸਿਆ ਕਰਦੀਆਂ ਹਨ। ਇਹ ਗੱਲ ਉਸ ਨੂੰ ਢਾਰਸ ਦਿੰਦੀ ਹੈ ਕਿ ਭਾਈ ਤਿਲੋਕਾ ਜੀ ਦਾ ਬਚਨ ਕੋਈ ਵੀ ਵਿਅਰਥ ਨਹੀਂ ਹੈ। ਉਹ ਮਹਾਂਪੁਰਸ਼ ਸਨ, ਬਹੁਤ ਵੱਡੇ ਸਨ, ਜਿਨ੍ਹਾਂ ਦੀ ਮਹਿਮਾ ਬਾਰੇ ਮੈਂ ਕੁਝ ਨਹੀਂ ਜਾਣ ਸਕਦੀ। ਉਨ੍ਹਾਂ ਦੀ ਵਡੱਤਣ ਦਾ ਮੈਂ ਅੰਦਾਜ਼ਾ ਨਹੀਂ ਲਾ ਸਕਦੀ। ਅੰਦਰ ਹੀ ਅੰਦਰ ਇਰਾਦਾ



Sri Satguru Jagjit Singh Ji eLibrary NamdhariElibrary@gmail.com

ਕਰ ਲਿਆ ਕਿ ਮੈਂ ਵਾਹਿਗੁਰੂ ਵਾਹਿਗੁਰੂ ਕਹਿਣਾ ਨਹੀਂ ਛੱਡਣਾ। ਭਾਈ ਤਿਲੋਕਾ ਜੀ ਸਤਿਵਾਦੀ ਸਨ, ਮੈਂ ਜ਼ਰੂਰ ਉਥੇ ਪਹੁੰਚ ਜਾਵਾਂਗੀ ਜਿਥੇ ਉਹ ਪ੍ਰਦੇਸੀ ਵਸਿਆ ਹੈ। ਉਨ੍ਹਾਂ ਨੇ ਮੈਨੂੰ ਢਾਰਸ ਦਿਤੀ ਸੀ ਕਿ ਗੁਰੂ ਨਾਨਕ ਪਾਤਸ਼ਾਹ ਤੇਰੇ ਕੋਲ ਜ਼ਰੂਰ ਆਉਣਗੇ ਅਤੇ ਉਹ ਤੈਨੂੰ ਆਤਮ ਸਾਖਸ਼ਾਤਕਾਰ ਕਰਾ ਦੇਣਗੇ। ਫੇਰ ਤੈਨੂੰ ਪਤਾ ਲਗ ਜਾਵੇਗਾ ਕਿ ਮੈਂ ਆਤਮਾ ਹਾਂ, ਮੈਂ ਬ੍ਰਹਮ ਹਾਂ। ਸੋ ਉਸ ਨੇ ਬੋਲਣਾ-ਚਲਣਾ, ਸੈਰ ਸਪਾਟੇ ਕਰਨੇ ਸਾਰੇ ਬੰਦ ਕਰ ਦਿਤੇ। ਉਸ ਦੀਆਂ ਪੁਰਾਣੀਆਂ ਸਖੀਆਂ ਸਹੇਲੀਆਂ ਉਸ ਪਾਸ ਆਉਂਦੀਆਂ ਹਨ ਅਤੇ ਅਨੇਕ ਕਿਸਮ ਦੇ ਹਾਵ ਭਾਵ ਕਰਦੀਆਂ ਉਸ ਦੀ ਬਿਰਤੀ ਨੂੰ ਬਾਹਰ ਖਿੱਚਣ ਦਾ ਯਤਨ ਕਰਦੀਆਂ ਹਨ ਪਰ ਉਸ ਨੇ ਆਪਣੀ ਬਿਰਤੀ ਨੂੰ ਐਸਾ ਨਿਰਣੇ-ਪੂਰਵਕ ਇਸ ਖਿਆਲ ਵਿਚ ਜਮਾ ਲਿਆ ਹੈ ਜਿਸ ਉਪਰ ਕਿਸੇ ਦਾ ਕੋਈ ਅਸਰ ਨਹੀਂ ਹੁੰਦਾ। ਉਸ ਦੇ ਅੰਦਰ ਇਕੋ ਅਵਾਜ਼, ਭਾਵੇਂ ਉਹ ਬੋਲੇ ਭਾਵੇਂ ਨਾ ਬੋਲੇ, ਵਾਹਿਗੁਰੂ-ਵਾਹਿਗੁਰੂ ਦੀ ਆ ਰਹੀ ਹੈ। ਉਸ ਲੜੀ ਵਿਚ ਉਹ ਕੋਈ ਵੀ ਵਿਘਨ ਨਹੀਂ ਪੈਣ ਦੇਣਾ ਚਾਹੁੰਦੀ। ਜਦੋਂ ਤਕ ਉਹ ਜਾਗਦੀ ਹੈ ਉਹ ਇਸ ਧੁਨ ਨੂੰ ਇਕ ਰਸ ਜਾਰੀ ਰਖਦੀ ਹੈ, ਇਸ ਤਰ੍ਹਾਂ ਸਹਿਜੇ ਹੀ ਉਸ ਦੀ ਕ੍ਰਿਆ ਨਾਮ ਜਪਣ ਦੀ ਹੋ ਗਈ।

ਹੁਣ ਉਹ ਕਦੇ-ਕਦੇ ਉਸ ਜੰਗਲ ਵਿਚ ਪਹੁੰਚ ਜਾਂਦੀ ਹੈ ਜਿਥੇ ਉਸ ਨੇ ਭਾਈ ਤਿਲੋਕੇ ਨੂੰ ਚੀਤਾ ਸਮਝ ਕੇ ਤੀਰ ਮਾਰਿਆ ਸੀ। ਉਥੇ ਉਸ ਦੀ ਕੀ ਹਾਲਤ ਹੁੰਦੀ ਹੈ ਉਸ ਨੂੰ ਵਰਣਨ ਕਰਨਾ ਬਹੁਤ ਮੁਸ਼ਕਲ ਹੈ। ਉਸ ਦੇ ਸਾਮ੍ਹਣੇ ਉਹ ਦ੍ਰਿਸ਼ ਆ ਜਾਂਦਾ ਹੈ ਜਦੋਂ ਉਸ ਨੇ ਕਮਾਨ ਵਿਚੋਂ ਸ਼ੂਕਦਾ ਬਾਣ ਚੀਤੇ ਦੇ ਭੁਲੇਖੇ ਭਾਈ ਤਿਲੋਕੇ ਦੇ ਮਾਰ ਦਿਤਾ ਸੀ। ਉਹ ਦ੍ਰਿਸ਼ ਉਸ ਦੀਆਂ ਅੱਖਾਂ ਤੋਂ ਓਹਲੇ ਨਹੀਂ ਹੁੰਦਾ। ਉਸ ਦੇ ਹੰਝੂ ਆਪ ਮੁਹਾਰੇ ਵਗਦੇ ਹਨ, ਐਨਾ ਗੱਚ ਉਠਦਾ ਹੈ ਕਿ ਹਉਕੇ ਆਉਂਦੇ ਹਨ ਅਤੇ ਮੱਲੋ ਮੱਲੀ ਉਚੀ-ਉਚੀ ਰੋਣ ਲੱਗ ਜਾਂਦੀ ਹੈ। ਇਸ ਦੀ ਹਾਲਤ ਨੂੰ ਮਾਂ ਬਾਪ ਤੱਕ ਰਹੇ ਹਨ। ਬਹੁਤ ਵਾਰੀ ਉਨ੍ਹਾਂ ਨੇ ਯਤਨ ਕੀਤਾ ਕਿ ਕਿਸੇ ਤਰ੍ਹਾਂ ਭਾਈ ਤਿਲੋਕੇ ਨੂੰ ਇਹ ਭੁੱਲ ਜਾਵੇ ਪਰ ਇਹ ਸਾਰੇ ਯਤਨ ਨਿਰਮੂਲ ਹੀ ਰਹੇ। ਅਖੀਰ ਉਸ ਨੇ ਆਪਣੇ ਮਾਤਾ ਪਿਤਾ ਨੂੰ ਕਿਹਾ ਕਿ ਜੇ ਤੁਸੀਂ ਮੈਨੂੰ ਖੁਸ਼ ਦੇਖਣਾ ਚਾਹੁੰਦੇ ਹੋ ਤਾਂ ਜਿਸ ਥਾਂ ਮੈਂ ਉਸ ਪ੍ਰਦੇਸੀ ਨੂੰ ਮਾਰਿਆ ਸੀ ਉਥੇ ਛੇ ਫੁੱਟ ਮੁਰੱਬਾ ਦਾ ਮੱਠ ਬਣਾ ਦੇਵੋ ਜਿਸ ਦੇ ਅੰਦਰ ਬੈਠ ਕੇ ਮੈਂ ਵਾਹਿਗੁਰੂ ਨੂੰ ਅਵਾਜ਼ਾਂ ਮਾਰਾਂ ਅਤੇ ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜਿਨ੍ਹਾਂ ਨੂੰ ਮੈਂ ਅਜੇ ਤਕ ਨਹੀਂ ਡਿੱਠਾ ਪਰ ਜਿਸ ਗੁਰਮੁਖ ਪਿਆਰੇ ਨੇ ਅਛੋਪਲੇ ਹੀ ਮੇਰਾ ਉਨ੍ਹਾਂ ਨਾਲ ਪਿਆਰ ਪਾ ਦਿਤਾ ਹੈ, ਉਨ੍ਹਾਂ ਨੂੰ ਯਾਦ ਕਰਾਂ। ਮੈਨੂੰ ਆਸ ਹੈ ਕਿ ਉਹ ਇਕ ਦਿਨ ਜ਼ਰੂਰ ਆਉਣਗੇ। ਉਹ ਕਿਤੇ ਵੀ ਹੋਣ, ਸਭ ਦੀ ਗੱਲ ਜਾਣ ਲੈਂਦੇ ਹਨ। ਪਿਤਾ ਜੀ, ਮਾਤਾ ਜੀ! ਤੁਸੀਂ ਮੇਰੀ ਮਦਦ ਕਰੋ। ਮੈਨੂੰ ਹੋਰ ਵਹਿਣਾ ਵਿਚ ਨਾ ਪਾਓ। ਮੈਨੂੰ ਇਥੇ ਸੁਖ ਹੈ, ਤੁਹਾਨੂੰ ਇਹ ਹੰਝੂ ਦਿਸਦੇ ਹਨ, ਮੇਰੇ ਅੰਦਰ ਬੈਚੇਨੀ ਨਹੀਂ ਹੈ, ਮੈਂ ਘਬਰਾਈ ਹੋਈ ਨਹੀਂ ਹਾਂ, ਡਰੀ ਹੋਈ ਵੀ ਨਹੀਂ ਹਾਂ ਪਰ ਮੈਂ ਵਿਛੜੀ ਹੋਈ ਹਾਂ। ਤੁਸੀਂ ਦੇਖਦੇ ਹੀ ਹੋ ਜਦੋਂ ਕੂੰਜ ਡਾਰ ਨਾਲੋਂ ਵਿਛੜ ਜਾਂਦੀ ਹੈ ਕਿਸ ਤਰ੍ਹਾਂ ਕੁਰਲਾਹਟ ਪਾਉਂਦੀ ਹੈ। ਮੈਂ ਵੀ ਇਸੇ ਤਰ੍ਹਾਂ ਵਿਛੜੀ ਹੋਈ ਹਾਂ ਪਰ ਉਸ ਨੇ ਮੈਨੂੰ ਆਸਰਾ ਦਿਤਾ ਹੈ ਕਿ ਮੇਰੇ ਸਤਿਗੁਰੂ ਤੈਨੂੰ ਮਿਲਾ ਦੇਣਗੇ, ਤੂੰ ਵਾਹਿਗੁਰੂ-ਵਾਹਿਗੁਰੂ ਕਰ। ਹੁਣ ਮੈਂ ਪੂਰਨ ਇਕਾਂਤ ਵਿਚ ਇਸ ਵਾਹਿਗੁਰੂ ਨੂੰ ਆਪਣੇ ਅੰਦਰ ਵਸਾ ਲੈਣਾ ਚਾਹੁੰਦੀ ਹਾਂ।

ਮਾਂ ਬਾਪ ਮੰਨ ਗਏ ਅਤੇ ਉਨ੍ਹਾਂ ਨੇ ਉਸੇ ਜੰਗਲ ਵਿਚ ਛੇ ਫੁੱਟ ਮੁਰੱਬੇ ਦਾ ਮੱਠ ਬਣਵਾ ਦਿਤਾ ਜਿਸ ਵਿਚ ਹਵਾ ਆਉਣ ਜਾਣ ਦਾ ਪੂਰਾ ਪ੍ਰਬੰਧ ਕਰ ਦਿਤਾ। ਹੁਣ ਰਾਜਕੁਮਾਰੀ ਪਹਿਲਾਂ ਵਾਂਗੂੰ ਘੂਕ ਨੀਂਦ ਵਿਚ ਨਹੀਂ ਸੌਂਦੀ, ਪਹਿਲਾਂ ਉਸ ਨੂੰ ਪਤਾ ਹੀ ਨਹੀਂ ਸੀ ਕਿ ਰਾਤ ਕੀ ਹੁੰਦੀ ਹੈ। ਉਹ ਖੜ੍ਹੇ ਸੂਰਜ ਸੌਂ ਜਾਂਦੀ ਸੀ ਅਤੇ ਜਦੋਂ ਸੂਰਜ ਇਕ ਨੇਜਾ ਭਰ ਉਪਰ ਆ ਜਾਂਦਾ ਸੀ ਉਸ ਵੇਲੇ ਉਠਦੀ ਸੀ। ਫੇਰ ਕਿਤੇ ਜਾ ਕੇ ਇਸ਼ਨਾਨ ਕਰਨਾ, ਤਿਆਰ ਹੋਣਾ, 10-11 ਵਜ ਜਾਣੇ। ਐਨੇ ਨੂੰ ਸਹੇਲੀਆਂ ਨੇ ਆ ਜਾਣਾ, ਘੋੜੇ ਤਿਆਰ ਹੋ ਜਾਣੇ, ਕਾਠੀਆਂ ਪੈ ਜਾਣੀਆਂ, ਥੋੜ੍ਹਾ ਖਾ ਪੀ ਕੇ ਘੋੜਿਆਂ ਉਪਰ ਪਲਾਕੀਆਂ ਮਾਰਨੀਆਂ ਅਤੇ ਘੋੜਿਆਂ ਦੀਆਂ ਅਨੇਕ ਕਿਸਮ ਦੀਆਂ ਚਾਲਾਂ ਚਲਾਉਂਦੀਆਂ ਕਦੇ ਘਣੇ ਵਣਾਂ ਵਿਚ, ਕਦੇ ਰੋਹੀਆਂ ਵਿਚ ਦੌੜਦੀਆਂ, ਕਦੇ ਨਾਲ ਲਗਦੀ ਨਦੀ ਵਿਚ ਜਾ ਕੇ ਕਿਸ਼ਤੀਆਂ ਚਲਾਉਂਦੀਆਂ, ਕਦੇ ਨਦੀ ਦੇ ਨਾਲ ਲਗਦੇ ਤਲਾਅ ਵਿਚ ਤੈਰਦੀਆਂ। ਦੌੜਨਾ, ਕੁਦਣਾ, ਭੱਜਣਾ ਰੋਜ਼ ਦੀ ਕ੍ਰਿਆ ਸੀ ਪਰ ਹੁਣ ਇਕ ਦਮ ਹੀ ਸਭ ਕੁਛ ਬਦਲ ਗਿਆ, ਉਸ ਨੇ ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਸਵੱਛ ਆਸਣ ਉਪਰ ਸਿੱਧੇ ਹੋ ਕੇ ਬੈਠ ਜਾਣਾ, ਪੂਰੀ ਸਾਵਧਾਨੀ ਨਾਲ ਬੈਠਣਾ, ਰੀੜ੍ਹ ਦੀ ਹੱਡੀ 90 ਡਿਗਰੀ ਤੇ ਸਿਧੀ ਰਖਣੀ ਕਿਉਂਕਿ ਜਦੋਂ ਨਾਮ ਚਲਦਾ ਹੈ ਤਾਂ ਸਰੀਰ ਦੇ ਸਾਰੇ ਵਲ ਨਿਕਲ ਜਾਇਆ ਕਰਦੇ ਹਨ। ਉਸ ਪਿਛੋਂ ਨੇਤਰ ਬੰਦ ਕਰ ਲੈਣੇ ਅਤੇ ਵਾਹਿਗੁਰੂ ਮੰਤਰ ਦੀ ਧੁਨ, ਰਸਨਾ ਨਾਲ ਜਪਣਾ ਅਤੇ ਇਸ ਤਰ੍ਹਾਂ ਸੂਖਸ਼ਮ ਅਵਾਜ਼ ਨੂੰ ਆਪਣੇ ਕੰਨਾਂ ਰਾਹੀਂ ਸੁਣਦੇ ਜਾਣਾ। ਬਿਰਤੀ ਕਿਸੇ ਪਾਸੇ ਹਿਲਣ ਨਾ ਦੇਣੀ ਅਤੇ ਨਾ ਹੀ ਮਨ ਨੂੰ ਉਡਾਰੀ ਮਾਰਨ ਦੇਣੀ ਕਿਉਂਕਿ ਪ੍ਰਬਲ ਬੈਰਾਗ ਹੋਣ ਨਾਲ ਮਨ ਦੀਆਂ ਉਡਾਰੀਆਂ ਸੀਮਤ ਹੋ ਜਾਂਦੀਆਂ ਹਨ। ਫੇਰ ਮਾਂ ਬਾਪ ਨੂੰ ਪਿਆਰ ਕਰਨਾ, ਉਨ੍ਹਾਂ ਨੇ ਹੈਰਾਨ ਹੋ ਜਾਣਾ ਕਿ ਇਸ ਬੱਚੀ ਦੇ ਅੰਦਰ ਪਿਆਰ ਦਾ ਸੋਮਾ ਹੀ ਪੈਦਾ ਹੋ ਗਿਆ ਹੈ। ਇਸ ਦੇ ਨੇਤਰਾਂ ਵਿਚ ਕਿੰਨੀ ਖਿੱਚ ਹੈ, ਬੋਲ ਵਿਚ ਕਿੰਨੀ ਮਿਠਾਸ ਹੈ। ਉਨ੍ਹਾਂ ਨੇ ਪ੍ਰਸੰਨ ਹੋ ਜਾਣਾ। ਉਨ੍ਹਾਂ ਤੋਂ ਆਗਿਆ ਲੈ ਕੇ ਇਸ ਨੇ ਜੰਗਲ ਵਿਚ ਚਲੇ ਜਾਣਾ ਅਤੇ ਮੱਠ ਵਿਚ ਬੈਠ ਜਾਣਾ। ਇਕ ਨਿਗ੍ਹਾ ਭਰ ਕੇ ਜੰਗਲ ਦੇ ਸਾਰੇ ਵਾਤਾਵਰਣ ਨੂੰ ਦੇਖਣਾ ਅਤੇ ਫੇਰ ਭਾਈ ਤਿਲੋਕਾ ਜੀ ਦਾ ਵਜੂਦ ਸਾਮ੍ਹਣੇ ਆ ਜਾਣਾ ਅਤੇ ਉਸ ਨੂੰ ਨੇਤਰਾਂ ਵਿਚ ਵਸਾ ਕੇ ਅੱਖਾਂ ਬੰਦ ਕਰ ਲੈਣੀਆਂ ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ, ਜਿਸ ਨੂੰ ਆਗਿਆ ਚੱਕਰ ਆਖਿਆ ਜਾਂਦਾ ਹੈ, ਉਥੇ ਉਸ ਨੂੰ ਸ਼ਰਧਾਪੂਰਵਕ ਬਿਰਾਜਮਾਨ ਜਾਣ ਕੇ ਹਾਜ਼ਰ ਨਾਜ਼ਰ ਜਾਣਨਾ, ਵਾਹਿਗੁਰੂ ਮੰਤਰ ਦਾ ਜਾਪ ਕਰਨਾ। ਸੁਰਤ ਅੰਦਰ ਜੁੜ ਜਾਣੀ, ਫੁਰਨੇ ਖਤਮ ਹੋ ਜਾਣੇ, ਸਮਾਂ ਭੁੱਲ ਜਾਣਾ, ਦੇਸ਼, ਕਾਲ, ਵਸਤੂ ਦਾ ਪਤਾ ਨਾ ਰਹਿਣਾ। ਜੇ ਪਤਾ ਸੀ ਤਾਂ ਇਕੋ ਸੀ ਕਿ ਅੰਦਰ ਧੁਨ ਚਲ ਰਹੀ ਹੈ। ਵਾਹਿਗੁਰੂ-ਵਾਹਿਗੁਰੂ ਦੀ ਉਸ ਧੁਨ ਨੂੰ ਲਗਾਤਾਰ



Sri Satguru Jagjit Singh Ji eLibrary NamdhariElibrary@gmail.com

ਬਿਨਾਂ ਜੀਭ ਹਿਲਾਇਆਂ ਸੁਣਦੇ ਰਹਿਣਾ।

ਨਾਮ ਸਿਮਰਨ ਲਈ ਮਹਾਂਪੁਰਸ਼ ਬਹੁਤ ਹੀ ਸੌਖੇ ਤਰੀਕੇ ਨਾਲ ਅਨੇਕਾਂ ਜੁਗਤੀਆਂ ਦਾ ਪ੍ਰਯੋਗ ਕਰਨਾ ਦਸ ਦਿੰਦੇ ਹਨ। ਜਿਹੋ ਜਿਹੀ ਜਗਿਆਸੂ ਦੀ ਬੁੱਧੀ ਹੁੰਦੀ ਹੈ, ਜਿਹੋ ਜਿਹੀ ਉਸ ਦੇ ਅੰਦਰ ਵਾਹਿਗੁਰੂ ਦੇ ਮਿਲਾਪ ਦੇ ਪਿਆਰ ਦੀ ਤੜਪ ਹੁੰਦੀ ਹੈ ਉਸ ਤਰ੍ਹਾਂ ਦੇ ਨਾਲ ਹੀ ਉਹ ਸੁਖੈਨ ਜੁਗਤੀ ਦਸ ਦਿਆ ਕਰਦੇ ਹਨ। ਪਹਿਲਾਂ ਪਹਿਲਾਂ ਆਦਮੀ ਦਾ ਮਨ ਮਲੀਨ ਹੁੰਦਾ ਹੈ, ਉਸ ਵਿਚ ਅਨੇਕਾਂ ਸੰਸਕਾਰਾਂ ਦੀ ਮੈਲ ਭਰੀ ਹੋਣ ਕਰਕੇ ਉਸ ਦਾ ਅੰਤਸ਼ਕਰਣ ਅਤਿ ਮੈਲਾ ਹੋ ਜਾਂਦਾ ਹੈ, ਇਹ ਮੈਲ ਕੱਟਣ ਲਈ ਬਹੁਤ ਸਾਰੇ ਸਾਧਨ ਕਰਨੇ ਪੈਂਦੇ ਹਨ ਜਿਨ੍ਹਾਂ ਨੂੰ ਕਰਮ ਆਖਿਆ ਜਾਂਦਾ ਹੈ। ਕਰਮ ਕਈ ਕਿਸਮ ਦੇ ਹਨ – ਇਕ ਉਹ ਕਰਮ ਹਨ ਜਿਹੜੇ ਕਰਮ ਕਰਕੇ ਅਸੀਂ ਕਿਸੇ ਫਲ ਦੀ ਇਛਿਆ ਰਖਦੇ ਹਾਂ ਜਿਵੇਂ ਇੱਛਾ ਸਹਿਤ ਹਰ ਰੋਜ਼ ਆਪਣੇ ਇਸ਼ਟ ਦੇ ਦਰਸ਼ਨ ਕਰਨ ਜਾਣਾ। ਕਿਸੇ ਮੰਤਰ, ਬਾਣੀ ਆਦਿ ਦੇ ਗਿਣਵੇਂ ਪਾਠ ਖਾਸ ਢੰਗ ਵਰਤ ਕੇ ਕਰਨੇ, ਇੱਛਾ ਸਹਿਤ ਦਾਨ ਦੇਣਾ, ਕਾਮਨਾ-ਵਸ ਸੇਵਾ ਕਰਨੀ, ਤੀਰਥ ਯਾਤਰਾਵਾਂ ਕਰਨੀਆਂ, ਜਗਰਾਤੇ ਕਟਣੇ, ਘਰ ਵਿਚ ਕੀਰਤਨ, ਪਾਠ ਕਰਾਉਣੇ, ਹੋਰ ਇੱਛਿਆ ਪੂਰਤੀ ਲਈ ਕਰਮ ਕਰਨੇ, ਇਹ ਸਾਰੇ ਫਲ ਪ੍ਰਦਾਤਾ ਹੁੰਦੇ ਹਨ। ਇਹ ਕਰਮ ਅਸਾਡੇ ਹਿਰਦੇ ਦੀ ਮੈਲ ਨੂੰ ਦੂਰ ਨਹੀਂ ਕਰਦੇ, ਪਰ ਚੰਗਾ ਮੰਦਾ ਫਲ ਦਿੰਦੇ ਹਨ। ਫਲ ਦੀ ਪ੍ਰਾਪਤੀ ਸਰੀਰ ਦੇ ਹੁੰਦਿਆਂ ਹੋਇਆਂ ਵੀ ਪ੍ਰਾਪਤ ਹੋ ਜਾਂਦੀ ਹੈ ਅਤੇ ਸਰੀਰ ਛੱਡਣ ਉਪਰੰਤ ਅਵਿਅਕਤ ਲੋਕਾਂ ਵਿਚ ਸੂਖਸ਼ਮ ਦੇਹ ਨੂੰ ਵੀ ਪ੍ਰਾਪਤ ਹੋ ਜਾਇਆ ਕਰਦੀ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ॥***

***ਪੰਨਾ – 1414***

ਕਿਉਂਕਿ ਸਕਾਮ ਕਰਮ ਅਵੱਸ਼ ਹੀ ਫਲ ਦਿੰਦੇ ਹਨ ਇਸ ਜੀਵ ਨੂੰ ਭੋਗਣੇ ਹੀ ਪੈਂਦੇ ਹਨ। ਇਹ ਹਰ ਰੋਜ਼ ਕਰਨ ਵਾਲੇ ਕਰਮ 'ਕ੍ਰਿਆਮਾਨ ਕਰਮ' ਕਹਾਉਂਦੇ ਹਨ। ਇਨ੍ਹਾਂ ਵਿਚ ਆਪਣੀ ਮਾਇਆ ਵਿਚੋਂ ਸੁਵਿਧਾ ਸਹਿਤ ਕੁਝ ਮਾਇਆ ਕੱਢ ਕੇ ਨੇਕ ਕੰਮਾਂ ਵਿਚ ਵਰਤਣੀ, ਕੋਈ ਧਰਮ ਅਸਥਾਨ, ਪੂਜਾ ਅਸਥਾਨ, ਹਸਪਤਾਲ, ਸਕੂਲ, ਸੜਕ ਆਦਿ ਬਣਵਾਉਣੇ। ਭੁੱਖਿਆਂ ਨੂੰ ਪ੍ਰਸ਼ਾਦਾ ਛਕਾਉਣਾ, ਨੰਗਿਆਂ ਨੂੰ ਵਸਤਰ ਦੇਣੇ, ਲੋੜਵੰਦ ਬਿਮਾਰਾਂ ਨੂੰ ਦਵਾਈ ਦੇ ਕੇ ਉਨ੍ਹਾਂ ਦੀ ਸਹਾਇਤਾ ਕਰਨੀ, ਕਿਸੇ ਦੇ ਕਾਰਜ ਨੂੰ ਸਫਲ ਕਰਨ ਲਈ ਆਪਣੀ ਬੁੱਧੀ ਦਾ ਤਾਣ ਲਾਉਣਾ ਜਾਂ ਸਰੀਰਕ ਤੌਰ ਤੇ ਬਿਮਾਰ ਦੀ ਮਦਦ ਕਰਨਾ ਆਦਿ ਅਨੇਕਾਂ ਕਰਮ ਹਨ। ਇਨ੍ਹਾਂ ਤੋਂ ਇਲਾਵਾ ਅਧਿਆਤਮਕ ਕਰਮ ਹੋਇਆ ਕਰਦੇ ਹਨ ਜਿਹੜੇ ਕਰਨ ਉਪਰੰਤ ਅਸੀਂ ਉਨ੍ਹਾਂ ਦਾ ਫਲ ਚਾਹੁੰਦੇ ਹਾਂ, ਅਸੀਂ ਚਾਹੁੰਦੇ ਹਾਂ ਕਿ ਦਰਗਾਹ ਵਿਚ ਮੈਨੂੰ ਜਮਾਂ ਦਾ ਡਰ ਨਾ ਰਹੇ ਅਤੇ ਮੈਂ ਨਰਕ ਵਿਚ ਨਾ ਜਾਵਾਂ, ਇਸ ਸੰਸਾਰ ਵਿਚ ਕਰਮ ਕਰਕੇ ਮੇਰਾ ਜਸ ਹੋਵੇ ਅਤੇ ਮੈਨੂੰ ਇਸ ਦਾ ਫਲ ਮਿਲੇ, ਕੋਈ ਮੈਨੂੰ ਦੁਖ ਨਾ ਹੋਵੇ, ਮੈਂ ਸੁਖੀ ਰਹਾਂ, ਸੰਸਾਰ ਵਿਚ ਮੇਰਾ ਮਾਣ ਹੋਵੇ, ਇਨ੍ਹਾਂ ਸਾਰੇ ਕਰਮਾਂ ਨੂੰ ਸਕਾਮ ਕਰਮ ਕਿਹਾ ਜਾਂਦਾ ਹੈ। ਇਨ੍ਹਾਂ ਕਰਮਾਂ ਵਿਚ ਜੋ ਕਰਮ ਕਰੀਦੇ ਹਨ ਉਹ ਵੇਖਣ ਨੂੰ ਸ਼ੁਭ ਹਨ, ਬਹੁਤ ਅੱਛੇ ਹਨ ਜਿਵੇਂ ਕਿਸੇ ਤੀਰਥ ਤੇ ਜਾ ਕੇ ਚਿਲੇ ਕਟਣੇ, ਮੰਤਰ ਸਹਿਤ ਇਸ਼ਨਾਨ ਕਰਨੇ, ਗਿਣਵੇਂ ਰੂਪ ਵਿਚ ਵਿਧੀ ਪੂਰਵਕ ਪਾਠ ਦਾਨ ਕਰਨੇ, ਇੱਛਾ ਸਹਿਤ ਸੇਵਾ ਕਰਨੀ, ਇਹ ਦਰਗਾਹ ਵਿਚ ਪਹੁੰਚਾਉਣ ਦੀ ਸਮਰਥਾ ਰਖਦੇ ਹਨ ਪਰ ਕਾਮਨਾ ਸਹਿਤ ਹੋਣ ਕਰਕੇ ਗਿਆਨ ਨਹੀਂ ਦੇ ਸਕਦੇ। ਇਨ੍ਹਾਂ ਦਾ ਅੰਤਸ਼ਕਰਣ ਦੀ ਮੈਲ ਦੂਰ ਕਰਨ ਨਾਲ ਕੋਈ ਸਬੰਧ ਨਹੀਂ ਹੁੰਦਾ। ਇਹ ਤਾਂ ਇਕ ਤਰ੍ਹਾਂ ਦੀ ਖੇਤੀ ਹੁੰਦੀ ਹੈ। ਅਸੀਂ ਬੀਜ ਪਾਉਂਦੇ ਹਾਂ, ਫਲ ਪ੍ਰਾਪਤ ਕਰ ਲੈਂਦੇ ਹਾਂ। ਇਸ ਤਰ੍ਹਾਂ ਸਕਾਮ ਕਰਮ ਸਮੇਂ ਅਨੁਸਾਰ ਫਲ ਦਿੰਦੇ ਹਨ ਭਾਵੇਂ ਉਦੋਂ ਹੀ ਭੋਗ ਲਈਏ ਜਾਂ ਸਰੀਰ ਛੱਡਣ ਉਪਰੰਤ ਸਵਰਗ ਵਿਚ ਜਾਂ ਅਗਲੇ ਜਨਮ ਵਿਚ ਚੰਗੇ ਘਰਾਂ ਵਿਚ ਜਨਮ ਲੈ ਕੇ ਭੋਗ ਲਈਏ। ਅਗਲਾ ਜਨਮ ਸੁਖ ਪੂਰਵਕ ਹੋਇਆ ਕਰਦਾ ਹੈ। ਸਾਡੇ ਵਿਸ਼ਵਾਸ਼ ਇਸ ਤਰ੍ਹਾਂ ਦੇ ਹੀ ਬਣੇ ਹੋਏ ਹਨ। ਇਕ ਉਦਾਹਰਣ ਨਾਲ ਗੱਲ ਸਮਝ ਆ ਜਾਵੇਗੀ।

ਭਾਰਤ ਵਰਸ਼ ਵਿਚ ਇਕ ਬਹੁਤ ਬੁੱਧੀਵਾਨ ਬਾਦਸ਼ਾਹ ਹੋਇਆ ਹੈ ਜਿਸ ਦਾ ਨਾਮ ਅਕਬਰ ਸੀ। ਉਸ ਨੇ ਆਪਣੇ ਰਾਜ ਵਿਚ ਜਨਤਾ ਨੂੰ ਬਹੁਤ ਹੀ ਸੁਖ ਦੇਣ ਵਾਲੀਆਂ ਗੱਲਾਂ ਕੀਤੀਆਂ। ਉਸ ਦਾ ਮਹਾਂਪੁਰਸ਼ਾਂ ਅਤੇ ਸਤਿ ਸਾਸ਼ਤਰਾਂ ਉਤੇ ਵਿਸ਼ਵਾਸ਼ ਸੀ। ਉਸ ਦੇ ਅੰਦਰ ਦ੍ਵੈਤ ਦੀ ਹੋਂਦ ਬਹੁਤ ਹੀ ਘੱਟ ਸੀ। ਉਹ ਆਪਣੇ ਜੀਵਨ ਵਿਚ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਗੋਇੰਦਵਾਲ ਸਾਹਿਬ ਆ ਕੇ ਮਿਲਿਆ। ਉਸ ਦੇ ਬਾਰੇ ਬਹੁਤ ਸਾਰੀਆਂ ਕਥਾਵਾਂ ਸਿਖਿਆ ਦੇਣ ਵਾਲੀਆਂ ਹਨ ਜਿਨ੍ਹਾਂ ਵਿਚੋਂ ਇਕ ਦਾ ਵਰਨਣ ਇਥੇ ਕੀਤਾ ਜਾਂਦਾ ਹੈ। ਉਸ ਦੇ ਪਾਸ ਨੌਂ ਰਤਨ ਸਨ ਜੋ ਆਪਣੀ ਵਿਦਵਤਾ ਵਿਚ ਨਿਪੁੰਨ ਸਨ। ਉਨ੍ਹਾਂ ਵਿਚੋਂ ਇਕ ਦਾ ਨਾਮ ਬੀਰਬਲ ਸੀ। ਉਸ ਨੂੰ ਹਾਜ਼ਰ ਜਵਾਬ ਕਿਹਾ ਜਾਂਦਾ ਹੈ, ਉਸ ਦੇ ਲਤੀਫੇ ਆਮ ਪ੍ਰਚਲਤ ਹਨ। ਇਕ ਵਾਰੀ ਅਕਬਰ ਨੇ ਬੀਰਬਲ ਨੂੰ ਕਿਹਾ ਕਿ ਮੈਂ ਚਾਰ ਕਿਸਮ ਦੇ ਬੰਦੇ ਦੇਖਣਾ ਚਾਹੁੰਦਾ ਹਾਂ, ਉਹ ਹਨ-

1. ਤਿੰਨ ਜਨਮ ਦਾ ਧਨੀ ਹੋਵੇ।
2. ਜੋ ਹੁਣ ਸੁਖੀ ਹੋਵੇ ਤੇ ਅੱਗੇ ਜਾ ਕੇ ਦੁਖੀ ਹੋਵੇ
3. ਜੋ ਹੁਣ ਦੁਖੀ ਹੈ ਅਤੇ ਅੱਗੇ ਜਾ ਕੇ ਸੁਖੀ ਹੋਵੇ
4. ਜੋ ਤਿੰਨ ਜਨਮਾਂ ਦਾ ਕੰਗਾਲ ਹੋਵੇ।

ਇਹ ਬੰਦੇ ਮੈਨੂੰ ਇਕ ਹਫਤੇ ਦੇ ਅੰਦਰ-ਅੰਦਰ ਲਿਆ ਕੇ ਦਿਖਾ। ਬੀਰਬਲ ਕਾਫੀ ਸਿਆਣਾ ਸੀ ਉਸ ਨੇ ਚਾਰ ਬੰਦੇ ਨਿਯਤ ਸਮੇਂ ਵਿਚ ਬਾਦਸ਼ਾਹ ਦੇ ਸਾਮ੍ਹਣੇ ਪੇਸ਼ ਕਰ ਦਿਤੇ। ਪਹਿਲਾਂ ਇਕ ਸ਼ਾਹੂਕਾਰ ਨੂੰ ਪੇਸ਼ ਕੀਤਾ। ਉਸ ਨੇ ਕਿਹਾ ਕਿ ਮਹਾਰਾਜ! ਇਹ ਤਿੰਨ ਜਨਮ ਦਾ ਅਮੀਰ ਪੁਰਸ਼ ਹੈ। ਕਿਉਂ ਹੈ? ਕਿਉਂਕਿ ਇਸ ਨੇ ਪਿਛਲੇ ਜਨਮ ਵਿਚ ਐਨਾ ਪੁੰਨ ਦਾਨ ਕੀਤਾ ਕਿ ਹੁਣ ਉਸ ਪੁੰਨ ਦੇ ਬਦਲੇ ਇਸ ਨੂੰ ਸੁੰਦਰ ਸਰੀਰ ਮਿਲਿਆ ਹੋਇਆ ਹੈ, ਬੇਅੰਤ ਜਾਇਦਾਦ ਹੈ, ਲੋਕਾਂ ਵਿਚ ਸੇਠ ਕਹਾਉਂਦਾ ਹੈ, ਹੁਣ ਇਸ ਨੇ ਆਪਣੇ ਕਮਾਏ ਧਨ ਵਿਚੋਂ ਤੀਰਥ ਸਥਾਨਾਂ ਤੇ ਛੇਤਰ (ਲੰਗਰ) ਲਵਾਏ ਹੋਏ ਹਨ। ਬਿਮਾਰਾਂ ਦੀ ਮਦਦ ਲਈ ਆਪਣੇ ਖਰਚੇ ਉਪਰ ਹਸਪਤਾਲ ਖੋਲ੍ਹੇ ਹੋਏ ਹਨ, ਯਾਤਰੂਆਂ ਦੇ ਰਹਿਣ ਲਈ ਧਰਮਸ਼ਾਲਾ ਬਣਵਾਈਆਂ



Sri Satguru Jagjit Singh Ji eLibrary NamdhariElibrary@gmail.com

ਹੋਈਆਂ ਹਨ। ਨੰਗਿਆਂ ਨੂੰ ਇਹ ਵਸਤਰ ਦਿੰਦਾ ਹੈ, ਲੋੜਵੰਦਾਂ ਦੀ ਲੋੜ ਮਹਿਸੂਸ ਕਰਕੇ ਉਨ੍ਹਾਂ ਨੂੰ ਕਈ ਵਾਰੀ ਮਾਇਆ ਵੀ ਦੇ ਦਿੰਦਾ ਹੈ। ਟੁੱਟੇ-ਫੁੱਟੇ ਰਸਤਿਆਂ ਨੂੰ ਇਹ ਆਪਣੀ ਮਾਇਆ ਲਾ ਕੇ ਠੀਕ ਕਰਾਉਂਦਾ ਹੈ, ਇਸ ਦਾ ਇਨ੍ਹਾਂ ਕਰਮਾਂ ਕਰਕੇ ਜਸ ਹੋ ਰਿਹਾ ਹੈ। ਇਹ ਪਹਿਲੇ ਜਨਮ ਦਾ ਧਨੀ ਸੀ ਇਸ ਕਰਕੇ ਇਸ ਨੂੰ ਇਸ ਜਨਮ ਵਿਚ ਕੀਤੇ ਹੋਏ ਦਾਨ ਦੀ ਮਾਇਆ ਵਧ ਕੇ ਪ੍ਰਾਪਤ ਹੋ ਰਹੀ ਹੈ। ਹੁਣ ਇਹ ਦਾਨ ਕਰਦਾ ਹੈ ਅਤੇ ਇਸਦਾ ਫਲ ਇਸ ਨੂੰ ਅਗਲੇ ਜਨਮ ਵਿਚ ਵੀ ਮਿਲਣਾ ਹੈ। ਇਹ ਅਗਲੇ ਜਨਮ ਵਿਚ ਵੀ ਧਨੀ ਪੁਰਸ਼ ਹੋਵੇਗਾ ਕਿਉਂਕਿ ਬੀਜਿਆ ਹੋਇਆ ਦਾਨ ਸਾਧਾਰਣ ਅਵਸਥਾ ਵਿਚ ਆਪਣਾ ਫਲ ਨਸ਼ਟ ਨਹੀਂ ਕਰਦਾ। ਦਾਨ ਤਾਂ ਹੀ ਨਸ਼ਟ ਹੁੰਦਾ ਹੈ ਜਦੋਂ ਆਪਣੇ ਕੀਤੇ ਦਾਨ ਦਾ ਦਾਨੀ ਪੁਰਸ਼ ਵਿਖਾਵਾ ਕਰਦਾ ਹੈ, ਜਸ ਦੀ ਇਛਿਆ ਰਖਦਾ ਹੈ ਜਾਂ ਦਾਨ ਦੇਣ ਪਿਛੋਂ ਅਭਿਮਾਨ ਕਰਦਾ ਹੈ ਅਜਿਹੀ ਹਾਲਤ ਵਿਚ ਦਾਨ ਦਾ ਫਲ ਨਸ਼ਟ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਪੰਨਾ - 1428***

ਅਕਬਰ ਬਾਦਸ਼ਾਹ ਦੇ ਸਾਮ੍ਹਣੇ ਉਸ ਨੇ ਦੂਸਰਾ ਪੁਰਸ਼ ਕੰਗਾਲ ਪੇਸ਼ ਕੀਤਾ ਅਤੇ ਕਿਹਾ ਕਿ ਮਹਾਰਾਜ! ਇਹ ਕੰਗਾਲ ਪੁਰਸ਼ ਹੈ। ਇਸ ਕੋਲ ਇਕ ਡੰਗ ਦੀ ਰੋਟੀ ਖਾਣ ਦਾ ਵੀ ਸਾਧਨ ਨਹੀਂ ਹੈ, ਨਾ ਹੀ ਮੌਸਮ ਦੇ ਹਿਸਾਬ ਨਾਲ ਇਸ ਕੋਲ ਪਹਿਨਣ ਲਈ ਕਪੜੇ ਹਨ, ਨਾ ਹੀ ਇਸ ਕੋਲ ਕੋਈ ਘਰ ਹੈ, ਜਿਥੇ ਦੇਖਦਾ ਹੈ ਰੈਣ ਬਸੇਰਾ ਕਰ ਲੈਂਦਾ ਹੈ। ਆਪਣੀ ਭੁੱਖ ਦੀ ਨਵਿਰਤੀ ਲਈ ਦਰ ਦਰ ਮੰਗਦਾ ਫਿਰਦਾ ਹੈ, ਠੋਕਰਾਂ ਖਾਂਦਾ ਹੈ। ਹੁਣ ਇਸ ਕੋਲ ਧਨ ਨਹੀਂ ਹੈ ਅਤੇ ਇਸ ਵਿਚ ਅੱਗੇ ਦਾਨ ਬੀਜਣ ਦੀ ਕੋਈ ਸਮਰਥਾ ਨਹੀਂ ਹੈ। ਮਾਇਆ ਨਾ ਹੋਣ ਕਰਕੇ ਨਾ ਕਿਸੇ ਅਤਿਥੀ ਦੀ ਸੇਵਾ ਕਰ ਸਕਦਾ ਹੈ, ਨਾ ਲੰਗਰਾਂ ਵਿਚ ਦਾਨ ਦੇ ਸਕਦਾ ਹੈ, ਵਸਤਰ ਨਾ ਹੋਣ ਕਰਕੇ ਕੋਈ ਵਸਤਰ ਨਹੀਂ ਦਾਨ ਕਰ ਸਕਦਾ, ਇਸ ਕਰਕੇ ਇਹ ਸਕਾਮ ਕਰਮਾਂ ਤੋਂ ਖਾਲੀ ਹੈ ਅੱਗੇ ਲਈ ਬੀਜ ਸਕਣ ਦੀ ਇਸ ਪਾਸ ਸਮਰਥਾ ਨਹੀਂ ਹੈ। ਇਸ ਨੂੰ ਅੱਗੇ ਵੀ ਕੋਈ ਫਲ ਨਹੀਂ ਮਿਲਣਾ। ਇਸ ਦਾ ਖੇਤ ਰੂਪੀ ਤਨ, ਦਾਨ ਬੀਜਣ ਤੋਂ ਅਸਮਰਥ ਹੈ। ਇਸ ਕਰਕੇ ਇਹ ਤਿੰਨ ਜਨਮਾਂ ਦਾ ਕੰਗਾਲ ਹੈ।

ਬੀਰਬਲ ਨੇ ਤੀਜੇ ਨੰਬਰ ਉਪਰ ਇਕ ਵੇਸਵਾ ਦਿਖਾਈ ਅਤੇ ਨਾਲ ਹੀ ਕਿਹਾ ਕਿ ਮਹਾਰਾਜ! ਇਹ ਇਕ ਵੇਸਵਾ ਹੈ ਇਹ ਬਹੁਤ ਸੁੰਦਰ ਗਾਉਂਦੀ ਹੈ, ਅਵਾਜ਼ ਇਸਦੀ ਲੋਕਾਂ ਨੂੰ ਮੋਹਦੀ ਹੈ, ਸੁੰਦਰ ਹੋਣ ਕਰਕੇ ਇਹ ਵਿਭਚਾਰਾਂ ਵਿਚ ਪਈ ਹੋਈ ਹੈ। ਵੱਡੇ-ਵੱਡੇ ਧਨੀ ਪੁਰਸ਼ ਇਸ ਕੋਲ ਜਾਂਦੇ ਹਨ ਜਿਸ ਕਰਕੇ ਇਸ ਨੇ ਆਪਣੀ ਰਿਹਾਇਸ਼ ਲਈ ਬਹੁਤ ਸੋਹਣੀਆਂ ਕੋਠੀਆਂ ਬਣਾਈਆਂ ਹੋਈਆਂ ਹਨ, ਉਨ੍ਹਾਂ ਨੂੰ ਸੁੰਦਰ ਬਣਾਉਣ ਵਾਸਤੇ ਸਜਾਵਟ ਦੀਆਂ ਅਨੇਕਾਂ ਚੀਜ਼ਾਂ ਲਾਈਆਂ ਹੋਈਆਂ ਹਨ। ਮਹਾਰਾਜ! ਹੁਣ ਮਾਇਆ ਦੇ ਬਲ ਕਰਕੇ ਇਹ ਸਰੀਰਕ ਸੁਖਾਂ ਵਿਚ ਪ੍ਰਵਿਰਤ ਹੈ ਪਰ ਜਦੋਂ ਇਸ ਨੇ ਸਰੀਰ ਛੱਡ ਦੇਣਾ ਹੈ ਉਸ ਵੇਲੇ ਇਸ ਨੂੰ ਆਪਣੇ ਕੀਤੇ ਹੋਏ ਪਾਪਾਂ ਦੀ ਸਜ਼ਾ ਨਰਕ ਪ੍ਰਾਪਤ ਹੋਣ ਨਾਲ ਮਿਲੇਗੀ ਜਿਥੇ ਇਹ ਅਤਿ ਦੁਖੀ ਹੋਵੇਗੀ ਅਤੇ ਜਦੋਂ ਇਸ ਨੂੰ ਮਾਨਸ ਜਨਮ ਦੁਬਾਰਾ ਮਿਲਿਆ ਉਸ ਵੇਲੇ ਪਾਪਾਂ ਦੇ ਬਲ ਕਰਕੇ ਰੋਗਾਂ ਵਾਲਾ ਸਰੀਰ ਪ੍ਰਾਪਤ ਹੋਵੇਗਾ। ਸੁੰਦਰਤਾ ਦੀ ਇਸ ਨੇ ਗਲਤ ਵਰਤੋਂ ਕੀਤੀ ਹੈ, ਇਸ ਕਰਕੇ ਇਹ ਕਰੂਪ ਹੋਵੇਗੀ। ਕੋਈ ਇਸ ਦੇ ਨੇੜੇ ਨਹੀਂ ਲੱਗੇਗਾ, ਦੁਖੀ ਹੋਵੇਗੀ। ਇਹ ਹੁਣ ਸੁਖੀ ਹੈ, ਅਗਲੇ ਜਨਮ ਵਿਚ ਦੁਖੀ ਹੋਵੇਗੀ।

ਚੌਥੇ ਨੰਬਰ ਤੇ ਉਸ ਨੇ ਤਪ ਕਰਦੇ ਤਪੱਸਵੀ ਨੂੰ ਪੇਸ਼ ਕਰਦਿਆਂ ਕਿਹਾ ਕਿ ਇਹ ਤਪੱਸਵੀ ਮਨ ਵਿਚ ਇਛਿਆ ਰੱਖ ਕੇ ਤਪ ਕਰ ਰਿਹਾ ਹੈ। ਤਪ ਦਾ ਫਲ ਰਾਜ ਹੋਇਆ ਕਰਦਾ ਹੈ ਇਹ ਹੁਣ ਆਪਣੇ ਸਰੀਰ ਨੂੰ ਦੁਖ ਦੇ ਰਿਹਾ ਹੈ, ਪਾਣੀ ਵਿਚ ਖੜ੍ਹਦਾ ਹੈ, ਧੂਣੀਆਂ ਤਾਪਦਾ ਹੈ, ਕੰਡਿਆਂ ਉਪਰ ਸੌਂਦਾ ਹੈ, ਗਰਮੀ ਸਰਦੀ ਦੇ ਦੁਖ ਸਹਿੰਦਾ ਹੈ, ਭੁਖਾ ਰਹਿੰਦਾ ਹੈ; ਹੁਣ ਇਹ ਦੁਖੀ ਹੈ ਪਰ ਅਗਲੇ ਜਨਮ ਵਿਚ ਇਹ ਰਾਜ ਭੋਗੇਗਾ ਇਸ ਕਰਕੇ ਇਹ ਸੁਖੀ ਹੋਵੇਗਾ।

ਸੋ ਇਸ ਤਰ੍ਹਾਂ ਦੇ ਨਾਲ ਜੋ ਵੀ ਕਰਮ ਕਾਮਨਾ ਰੱਖ ਕੇ ਕੀਤੇ ਜਾਂਦੇ ਹਨ ਉਹ ਆਦਮੀ ਦੇ ਅੰਤਸ਼ਕਰਣ ਵਿਚੋਂ ਮੈਲ ਦੂਰ ਕਰਨ ਲਈ ਸਮਰਥ ਨਹੀਂ ਹੋਇਆ ਕਰਦੇ, ਉਹ ਕੇਵਲ ਇਛਿਆ ਮੁਤਾਬਿਕ ਫਲ ਦਿਆ ਕਰਦੇ ਹਨ। ਕੁਝ ਕਰਮਾਂ ਦੇ ਫਲ ਤਾਂ ਉਹ ਇਥੇ ਸਰੀਰ ਦੇ ਹੁੰਦਿਆਂ ਇਸ ਸੰਸਾਰ ਵਿਚ ਹੀ ਭੋਗ ਲੈਂਦੇ ਹਨ, ਕੁਝ ਸ਼ੁਭ ਕਰਮਾਂ ਦਾ ਫਲ ਇਸ ਨੂੰ ਸਵਰਗ ਲੋਕਾਂ ਵਿਚ ਭੋਗਣਾ ਪੈਂਦਾ ਹੈ। ਸੋ ਇਸ ਕਰਕੇ ਇਹ **ਸਕਾਮ ਕਰਮ** ਇਕ ਤਰ੍ਹਾਂ ਨਾਲ ਉਸ ਕਿਸਾਨ ਵਰਗੇ ਹਨ ਜਿਹੜਾ ਆਪਣੀ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਸੰਵਾਰ ਕੇ, ਪੱਧਰ ਕਰਕੇ ਪਾਣੀ ਦੇ ਕੇ ਫਸਲ ਬੀਜਦਾ ਹੈ, ਉਸ ਵਿਚੋਂ ਨਦੀਣ ਕੱਢ ਕੇ ਫਸਲ ਨੂੰ ਵਧਾਉਂਦਾ ਹੈ ਅਤੇ ਸਮਾਂ ਆਉਣ ਤੇ ਫਸਲ ਵੱਢ ਕੇ ਉਸ ਦਾ ਸੁਖ ਪਾਉਂਦਾ ਹੈ। ਇਸੇ ਤਰ੍ਹਾਂ ਸਕਾਮੀ ਪੁਰਸ਼ ਕਰਮਾਂ ਦਾ ਫਲ ਭੋਗਣ ਲਈ ਜੰਮਦਾ ਤੇ ਮਰਦਾ ਰਹਿੰਦਾ ਹੈ।

ਦੂਸਰੇ ਕਰਮ ਉਹ ਹੋਇਆ ਕਰਦੇ ਹਨ ਜਿਨ੍ਹਾਂ ਨੂੰ **ਨਿਸ਼ਕਾਮ ਕਰਮ** ਕਿਹਾ ਜਾਂਦਾ ਹੈ। ਇਹ ਕਰਮ ਕਰਨ ਵਾਲਾ ਪੁਰਸ਼ ਆਪਣੇ ਕੀਤੇ ਹੋਏ ਕਰਮਾਂ ਦਾ ਕਰਤਾ ਬਿਲਕੁਲ ਹੀ ਨਹੀਂ ਬਣਦਾ। ਉਨ੍ਹਾਂ ਦੇ ਮਨ ਵਿਚ ਭਾਵਨਾ ਹੁੰਦੀ ਹੈ ਕਿ ਮੇਰਾ ਸਰੀਰ ਕਿਸੇ ਚੰਗੇ ਲੇਖੇ ਵਿਚ ਲਗ ਜਾਵੇ, ਉਹ ਆਪਣੇ ਕਰਮ ਕਰਨ ਉਪਰੰਤ ਆਪਣੇ ਆਪ ਨੂੰ ਕਰਤਾ ਨਹੀਂ ਮੰਨਦਾ, ਕਰਤਾ ਭਾਵ ਗਵਾ ਕੇ ਕੀਤੇ ਹੋਏ ਕਰਮਾਂ ਨੂੰ ਗੁਰੂ ਦੇ ਸਮਰਪਣ ਕਰ ਦਿੰਦਾ ਹੈ ਅਤੇ ਕੋਈ ਵੀ ਵਾਸ਼ਨਾ ਮਨ ਵਿਚ ਨਹੀਂ ਰਖਦਾ, ਕਿਸੇ ਫਲ ਦੀ ਇਛਿਆ ਉਸ ਦੇ ਮਨ ਵਿਚ ਨਹੀਂ ਹੁੰਦੀ। ਇਨ੍ਹਾਂ ਨੂੰ ਨਿਸ਼ਕਾਮ ਕਰਮ ਕਿਹਾ ਜਾਂਦਾ ਹੈ। ਉਹ ਸਹਿਜ ਸੁਭਾਅ ਹੀ ਆਪਣੇ ਧਰਮ ਅਨੁਸਾਰ ਨਿਤਨੇਮ ਕਰਦਾ ਹੈ, ਸੇਵਾ ਕਰਦਾ ਹੈ, ਦਾਨ ਦਿੰਦਾ ਹੈ, ਲੋੜਵੰਦਾਂ ਦੀ ਸਹਾਇਤਾ ਕਰਦਾ ਹੈ ਪਰ ਬਦਲੇ ਵਿਚ ਕੁਝ ਨਹੀਂ ਮੰਗਦਾ। ਉਸ ਦੀ ਬਿਰਤੀ 'ਨੇਕੀ ਕਰ ਦਰਿਆ ਮੇਂ ਡਾਲ' ਵਾਲੀ ਹੁੰਦੀ ਹੈ। ਉਹ ਇਹੀ ਕਹਿੰਦਾ ਹੈ ਕਿ ਕਰਮ ਸੁਭਾਅ ਮੁਤਾਬਿਕ ਹੋ ਰਹੇ ਹਨ। ਰਜੋ ਗੁਣ, ਤਮੋ ਗੁਣ, ਸਤੋ ਗੁਣ ਦਾ ਪ੍ਰਭਾਵ



Sri Satguru Jagjit Singh Ji eLibrary NamdhariElibrary@gmail.com

ਆਦਮੀ ਨੂੰ ਕਰਮਾਂ ਵਿਚ ਪ੍ਰਵਿਰਤ ਕਰਦਾ ਹੈ। ਸੋ ਮੈਂ ਤਾਂ ਕੁਝ ਵੀ ਨਹੀਂ ਕਰ ਰਿਹਾ। ਸੋ ਇਸ ਤਰ੍ਹਾਂ ਦੇ ਕੀਤੇ ਹੋਏ ਕਰਮ ਫਲੀਭੂਤ ਹੋਇਆ ਕਰਦੇ ਹਨ। ਇਨ੍ਹਾਂ ਦਾ ਫਲ ਇਹ ਹੁੰਦਾ ਹੈ ਕਿ ਜਨਮਾਂ ਜਨਮਾਂਤਰਾਂ ਦੀ ਪਈ ਹੋਈ ਮੈਲ ਦੂਰ ਹੋ ਜਾਂਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***
***ਪੰਨਾ – 651***

ਨਿਸ਼ਕਾਮ ਰਹਿ ਕੇ ਬਾਣੀ ਪੜ੍ਹਨ ਨਾਲ, ਸੇਵਾ ਕਰਨ ਨਾਲ, ਆਪਣੇ ਇਸ਼ਟ ਦੇਵ ਦੇ ਨੇਮ-ਬਧ ਦਰਸ਼ਨ ਕਰਨ ਨਾਲ, ਕੀਰਤਨ ਕਥਾ ਵਾਰਤਾ ਸੁਣਨ ਨਾਲ, ਗੁਰ ਧਾਮਾਂ ਦੀਆਂ ਯਾਤਰਾਵਾਂ ਕਰਨ ਨਾਲ, ਇਸ ਜੀਵ ਦੇ ਅੰਤਰਸ਼ਕਰਣ ਵਿਚੋਂ ਮੈਲ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਉਂ-ਜਿਉਂ ਬਾਣੀ ਪੜ੍ਹਦਾ ਹੈ, ਤਿਉਂ-ਤਿਉਂ ਅੰਤਸ਼ਕਰਣ ਵਿਚ ਨਿਰਮਲਤਾ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਦੇ ਗਿਆਨ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਵਾਸ਼ਨਾਵਾਂ ਕਾਬੂ ਵਿਚ ਰਹਿੰਦੀਆਂ ਹਨ, ਅਤੇ ਅੰਦਰ ਕੁਝ ਸੁਖ ਮਹਿਸੂਸ ਕਰਦਾ ਹੈ, ਕੁਝ ਜੀਵਨ ਦਾ ਰਸ ਆਉਂਦਾ ਹੈ ਅਤੇ ਇਹ ਕਰਮ ਆਪਣਾ ਫਲ ਦੇ ਕੇ ਇਸ ਨੂੰ ਪ੍ਰਭੂ ਪਿਆਰ ਵਿਚ ਪ੍ਰਵਿਰਤ ਕਰਦੇ ਹਨ। ਇਹ ਸਭ ਤੋਂ ਸ੍ਰੇਸ਼ਟ ਕਰਮ ਹੋਇਆ ਕਰਦੇ ਹਨ ਕਿਉਂਕਿ ਕਰਮਾਂ ਦਾ ਫਲ ਜੀਵ ਨੂੰ ਅਵੱਸ਼ ਭੋਗਣਾ ਪੈਂਦਾ ਹੈ। ਜੇ ਉਹ ਕਰਮ ਨਿਸ਼ਕਾਮ ਭਾਵਨਾ ਨਾਲ ਕਰੇ, ਆਪਣਾ ਫਰਜ਼ ਸਮਝ ਕੇ ਕਰੇ ਅਤੇ ਕਰਮਾਂ ਦਾ ਕਰਤਾਪੁਣਾ ਮਨ ਵਿਚ ਆਉਣ ਨਾ ਦੇਵੇ ਤਾਂ ਉਸ ਦਾ ਅੰਤਸ਼ਕਰਣ ਨਿਰਮਲ ਹੋ ਕੇ ਪ੍ਰਭੂ ਮਿਲਾਪ ਲਈ ਬਹੁਤ ਹੀ ਸਹਾਇਤਾ ਕਰਦਾ ਹੈ। ਇਹ ਕਰਮ ਕੋਈ ਫਲ ਨਹੀਂ ਦਿੰਦੇ, ਇਹ ਕੇਵਲ ਅੰਤਸ਼ਕਰਣ ਸ਼ੁਧ ਕਰਕੇ ਪ੍ਰਭੂ ਰਸਤੇ ਵਿਚ ਲਾਉਂਦੇ ਹਨ।

ਤੀਸਰੇ **ਸੰਚਿਤ ਕਰਮ** ਹੁੰਦੇ ਹਨ ਇਹ ਕਰਮ ਪਹਿਲਾਂ ਕ੍ਰਿਆਮਾਨ ਕਰਮ ਕਹਾਉਂਦੇ ਹਨ। ਉਨ੍ਹਾਂ ਕ੍ਰਿਆਮਾਨ ਕਰਮਾਂ ਦਾ ਫਲ ਕੁਝ ਜਿਉਂਦੇ-ਜਿਉਂਦੇ ਭੋਗ ਲਈਦਾ ਹੈ, ਜੋ ਬਾਕੀ ਹੈ ਉਸ ਜੀਵ ਦੇ ਕਰਮਾਂ ਦੇ ਖਾਤੇ ਵਿਚ ਜਮ੍ਹਾਂ ਹੋ ਜਾਂਦਾ ਹੈ ਉਨ੍ਹਾਂ ਕਰਮਾਂ ਨੂੰ ਭੋਗਣ ਲਈ ਉਸ ਨੂੰ ਬਾਰ-ਬਾਰ ਜਨਮ ਲੈਣਾ ਪੈਂਦਾ ਹੈ। ਇਹ ਸੰਚਿਤ ਕਰਮ ਬੈਂਕ ਬੈਲੈਂਸ ਵਾਂਗੂੰ ਸੁਰਖਸ਼ਿਤ ਪਏ ਰਹਿੰਦੇ ਹਨ। ਦੇਸ਼, ਕਾਲ, ਵਸਤੂ ਦੇ ਅਨੁਕੂਲ ਇਨ੍ਹਾਂ ਕਰਮਾਂ ਦਾ ਫਲ ਜੀਵ ਪ੍ਰਾਲਬਧ ਕਰਮਾਂ ਦੇ ਰੂਪ ਵਿਚ ਭੋਗਦਾ ਹੈ।

ਚੌਥਾ **ਪਰਾਲਬਧ ਕਰਮ** ਹੋਇਆ ਕਰਦੇ ਹਨ ਇਸ ਵਰਗ ਵਿਚ ਜੋ ਕਰਮ ਆਉਂਦੇ ਹਨ ਇਨ੍ਹਾਂ ਦਾ ਬੀਜ ਤਾਂ ਪਹਿਲਿਆਂ ਜਨਮਾਂ ਵਿਚ ਸੁਕਾਮ ਕਰਮਾਂ ਦੇ ਰੂਪ ਵਿਚ ਬੀਜਿਆ ਜਾ ਕੇ, ਪਹਿਲਿਆਂ ਜਨਮਾਂ ਵਿਚ ਭੋਗਿਆ ਜਾਣ ਕਰਕੇ ਸੰਚਤ ਕਰਮ ਬਣ ਗਏ। ਸੰਚਤ ਕਰਮਾਂ ਦੇ ਰੂਪ ਵਿਚ ਅਣਭੋਗਿਆਂ ਕਰਮਾਂ ਨਾਲ ਹੀ ਕਰਮਾਂ ਦੇ ਸਟੋਰ ਵਿਚ ਜਮ੍ਹਾਂ ਹੋ ਗਏ। ਜਦੋਂ ਜੀਵ ਨੇ ਮਰਨ ਪਿਛੋਂ ਨਵਾਂ ਜਨਮ ਧਾਰਿਆ ਉਸ ਸਮੇਂ ਉਸ ਜੀਵ ਦੇ ਜੀਵਨ ਕਾਲ ਵਿਚ ਭੋਗਣ ਲਈ ਜੀਵ ਦੇ ਨਾਲ ਹੀ ਕਰਮ ਆ ਜਾਂਦੇ ਹਨ ਇਨ੍ਹਾਂ ਨੂੰ ਪ੍ਰਾਲਬਧ ਕਰਮ ਕਿਹਾ ਜਾਂਦਾ ਹੈ। ਇਹ ਪ੍ਰਾਲਬਧ ਕਰਮ ਸੁੱਖ ਵੀ ਦਿੰਦੇ ਹਨ, ਦੁਖ ਵੀ ਦਿੰਦੇ ਹਨ, ਮੇਲ ਵੀ ਕਰਾਉਂਦੇ ਹਨ, ਵਿਛੋੜੇ ਵੀ ਕਰਾ ਦਿੰਦੇ ਹਨ; ਸੁਖ ਦੁਖ ਇਨ੍ਹਾਂ ਕਰਮਾਂ ਅਨੁਸਾਰ ਹੀ ਆਉਂਦੇ ਹਨ। ਸੰਜੋਗ ਵਿਜੋਗ ਇਨ੍ਹਾਂ ਕਰਮਾਂ ਦੇ ਫਲ ਕਰਕੇ ਹੋਂਦ ਵਿਚ ਆਉਂਦਾ ਹੈ। ਇਹ ਅਵੱਸ਼ ਹੀ ਭੋਗਣੇ ਪੈਂਦੇ ਹਨ। ਈਸ਼ਵਰ ਕੋਟੀ ਦੀ ਅਵਸਥਾ ਮਾਣਦੇ ਹੋਏ, ਈਸ਼ਵਰ ਕੋਟੀ ਵਿਚ ਹੁੰਦਿਆਂ ਹੋਇਆਂ ਭੀ ਭੋਗਣੇ ਪੈਂਦੇ ਹਨ। ਇਨ੍ਹਾਂ ਨੂੰ ਗੁਰੂ ਮਹਾਰਾਜ ਨੇ ਕਿਰਤ ਕਰਮ ਕਿਹਾ ਹੈ ਅਤੇ ਕਿਹਾ ਹੈ ਕਿ ਕਿਰਤ ਕਰਮ ਮਿਟਾਏ ਨਹੀਂ ਜਾ ਸਕਦੇ ਜਿਵੇਂ ਕਿ ਫੁਰਮਾਨ ਹੈ –

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥***
***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਪੰਨਾ – 1344***

ਪ੍ਰਾਲਬਧ ਕਰਮਾਂ ਦੇ ਅਨੁਸਾਰ ਆਦਮੀ ਦੁਖੀ ਸੁਖੀ ਹੁੰਦਾ ਹੈ। ਸੋ ਕੁਝ ਕਰਮ ਅਜਿਹੇ ਕੀਤੇ ਜਾਂਦੇ ਹਨ ਜੋ ਸਾਸ਼ਤ੍ਰ ਵਿਰੁੱਧ ਹੁੰਦੇ ਹਨ, ਉਨ੍ਹਾਂ ਨੂੰ ਨਖਿੱਧ ਕਰਮ ਆਖਿਆ ਜਾਂਦਾ ਹੈ। ਇਹ ਉਹ ਕਰਮ ਹੋਇਆ ਕਰਦੇ ਹਨ ਜਿਨ੍ਹਾਂ ਦੇ ਬਾਰੇ ਅਧਿਆਤਮਵਾਦ ਦੀਆਂ ਪੁਸਤਕਾਂ, ਮਹਾਂਪੁਰਸ਼ ਨਾ ਕਰਨ ਨੂੰ ਕਹਿੰਦੇ ਹਨ, ਇਹ ਨਖਿੱਧ ਕਰਮ ਦੁਖ ਦਾ ਕਾਰਨ ਹੋਇਆ ਕਰਦੇ ਹਨ ਅਤੇ ਆਦਮੀ ਪ੍ਰਮੇਸ਼ਰ ਦੀ ਭਗਤੀ ਵਲ ਕਿਸੇ ਤਰ੍ਹਾਂ ਵੀ ਨਹੀਂ ਲਗ ਸਕਿਆ ਕਰਦਾ। ਕਿਸੇ ਪੂਰਨ ਮਹਾਂਪੁਰਸ਼ ਦੇ ਹਿਰਦੇ ਵਿਚ ਦਇਆ ਉਤਪੰਨ ਹੋ ਜਾਵੇ ਤਾਂ ਹੋ ਸਕਦਾ ਹੈ ਕਿ ਇਨ੍ਹਾਂ ਨਖਿੱਧ ਕਰਮਾਂ ਨੂੰ ਨਸ਼ਟ ਕਰਨ ਵਾਸਤੇ ਉਸ ਤੋਂ ਨਾਮ ਜਪਾ ਲਵੇ, ਸੇਵਾ ਕਰਾ ਲਵੇ ਅਤੇ ਉਸਦੀਆਂ ਵਾਸ਼ਨਾਵਾਂ ਕਾਬੂ ਕਰਾ ਕੇ ਪ੍ਰਭੂ ਸਿਮਰਨ ਦਾ ਫਲ ਦੇ ਕੇ ਨਖਿੱਧ ਕਰਮਾਂ ਵਿਚੋਂ ਕੱਢ ਲਵੇ ਜਿਵੇਂ ਮਹਾਂਪੁਰਸ਼ਾਂ ਨੇ ਗਨਕਾ ਨੂੰ ਇਕ ਤੋਤਾ ਦੇ ਕੇ ਉਸ ਦੇ ਨਖਿੱਧ ਕਰਮਾਂ ਦਾ ਫਲ, ਬਿਲਕੁਲ ਖਤਮ ਕਰ ਦਿਤਾ। ਸੋ ਇਸ ਤਰ੍ਹਾਂ ਨਾਲ ਕਰਮ ਅਤੇ ਸੁਕਰਮ ਦਾ ਚੱਕਰ ਚਲਦਾ ਰਹਿੰਦਾ ਹੈ। ਜਦੋਂ ਜੀਵ ਦੇ ਭਾਗ ਜਾਗਦੇ ਹਨ ਉਸ ਵੇਲੇ ਕੋਈ ਪੂਰਨ ਪੁਰਸ਼ ਮਿਲ ਜਾਂਦਾ ਹੈ ਜੋ ਉਸ ਨੂੰ ਪ੍ਰਮੇਸ਼ਰ ਵਲ ਲਾ ਕੇ ਉਸ ਦੀ ਸੁੱਤੀ ਸੁਰਤ ਨੂੰ ਜਗਾ ਦਿੰਦਾ ਹੈ ਅਤੇ ਮਨ ਵਿਚ ਪਏ ਹਨ੍ਹੇਰੇ ਨੂੰ ਖਤਮ ਕਰ ਦਿੰਦਾ ਹੈ ਜਿਵੇਂ ਕਿ ਮਹਾਂਵਾਕ ਹੈ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ – 204***

ਸੋ ਇਸ ਤਰ੍ਹਾਂ ਮਹਾਂਪੁਰਸ਼ ਦਇਆ ਦੇ ਘਰ ਆ ਕੇ ਜੀਵ ਨੂੰ ਭਗਤੀ ਵਿਚ ਲਾ ਦਿੰਦੇ ਹਨ ਅਤੇ ਬਹੁਤ ਹੀ ਸੁਖੈਨ ਰਸਤਾ ਪ੍ਰਮੇਸ਼ਰ ਪ੍ਰਾਪਤੀ ਦਾ ਉਸ ਨੂੰ ਦਸ ਦਿੰਦੇ ਹਨ। ਬਾਣੀ ਵਿਚ ਪ੍ਰਸ਼ਨ ਆਉਂਦਾ ਹੈ –

***ਕਿਤੁ ਬਿਧੀਐ ਕਿਤੁ ਸੰਜਮਿ ਪਾਈਐ॥***
***ਕਹੁ ਸੁਰਜਨ ਕਿਤੁ ਜੁਗਤੀ ਧਿਆਈਐ॥ ਪੰਨਾ – 822***

ਗੁਰੂ ਮਹਾਰਾਜ ਜੀ ਉਤਰ ਦਿੰਦੇ ਫੁਰਮਾਉਂਦੇ ਹਨ –

***ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ।।***
***ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ॥***
***ਪੰਨਾ – 709***

L L L L L L L

*'ਚਲਦਾ'*


Sri Satguru Jagjit Singh Ji eLibrary NamdhariElibrary@gmail.com

# ਪ੍ਰਾਣ ਵਿਗਿਆਨ

***ਡਾ. ਸਵਾਮੀ ਰਾਮ ਜੀ***

***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਸ੍ਵਾਸ ਲੈਣ ਦਾ ਸੁਭਾਅ

ਅਸੀਂ ਦੇਖਿਆ ਹੈ ਸ੍ਵਾਸ ਲੈਣ ਦਾ ਪ੍ਰਭਾਵ ਸਾਡੇ ਸਾਰੇ ਸਰੀਰ ਤੇ ਪੈਂਦਾ ਹੈ, ਸੂਖਮ ਅਣੂਆਂ ਤੋਂ ਲੈ ਕੇ adenosine triphosphate ਨੂੰ ਸ਼ਕਤੀ ਦੇਣ $O_2$ ਤਕ ਪੂਰੀ ਸਰੀਰਕ ਕਿਰਿਆ ਤੇ ਪੈਂਦਾ ਹੈ, ਜਿਸ ਨਾਲ ਅੰਦਰੋਂ ਹਵਾ ਬਾਹਰ ਜਾਂਦੀ ਹੈ। ਇਨ੍ਹਾਂ ਵੱਖ-ਵੱਖ ਪੱਧਰਾਂ ਵਿਚੋਂ ਜਿਹੜਾ ਪੱਧਰ ਸਾਨੂੰ ਸਪਸ਼ਟ ਦਿਸਦਾ ਹੈ ਜਿਸ ਨਾਲ ਅਸੀਂ ਆਪਣੇ ਆਪ ਨੂੰ ਜਾਣਦੇ ਵੀ ਹਾਂ ਉਹ ਹੈ ਸਰੀਰਕ ਹਿਲਜੁਲ, ਖਾਸ ਤੌਰ ਤੇ ਛਾਤੀ ਤੇ ਪੇਟ ਦੀ ਹਿਲਜੁਲ। ਸ੍ਵਾਸ ਲੈਣ ਤੋਂ ਭਾਵ ਹੈ ਹਵਾ ਅੰਦਰ ਲੈ ਕੇ ਜਾਣੀ ਤੇ ਬਾਹਰ ਕੱਢਣੀ ਤੇ ਇਸ ਵਿਚ ਡਾਇਫਰਾਮ ਤੇ ਛਾਤੀ ਦੀ ਗਤੀ ਬਹੁਤ ਹੀ ਅਵਸ਼ਕ ਹਨ, ਇਨ੍ਹਾਂ ਨਾਲ ਹੀ ਇਹ ਪਤਾ ਲਗਦਾ ਹੈ ਕਿੰਨੀ ਹਵਾ ਅੰਦਰ ਜਾਂਦੀ ਹੈ ਤੇ ਕਿਸ ਤਰ੍ਹਾਂ ਜਾਂਦੀ ਹੈ ਤੇ ਕਿਵੇਂ $O_2$ ਸਾਹ ਲੈਣ ਲਈ ਪ੍ਰਾਪਤ ਹੁੰਦਾ ਹੈ।

ਕਿੰਨੀ ਹਵਾ ਅੰਦਰ ਲਈ ਜਾਂਦੀ ਹੈ ਇਹ ਜਾਨਣਾ, ਪਤਾ ਹੋਣਾ ਬੜਾ ਜ਼ਰੂਰੀ ਹੈ, ਪੂਰੀ ਮਾਤਰਾ ਵਿਚ ਹਵਾ ਅੰਦਰ ਨਾ ਜਾ ਸਕਣੀ, ਪੂਰੀ ਮਾਤਰਾ ਵਿਚ $O_2$ ਅੰਦਰ ਨਾ ਜਾ ਸਕਣ ਨਾਲ ਸੈਲੂਲਰ ਕਾਰਜ ਵਿਚ ਫਰਕ ਪੈਂਦਾ ਹੈ, ਉਹ ਘਟ ਜਾਂਦਾ ਹੈ ਤੇ ਉਸ ਤਰ੍ਹਾਂ ਹੋਣ ਨਾਲ ਜੀਵਨ ਦਾ ਅੰਤ ਹੋ ਸਕਦਾ ਹੈ। ਸਵਸਥ ਰਹਿਣ ਦੀ ਸਭ ਤੋਂ ਵੱਧ ਮਹੱਤਵ ਪੂਰਨ ਗੱਲ ਇਹ ਹੈ, ਸ੍ਵਾਸ ਲੈਣ ਦੇ ਤਰੀਕੇ ਨੂੰ ਜਾਣੀਏ ਕਿ ਲੋਕ ਕਿਸ ਤਰ੍ਹਾਂ ਸ੍ਵਾਸ ਲੈਂਦੇ ਹਨ, ਕਿਸ ਤਰ੍ਹਾਂ ਹਵਾ ਅੰਦਰ ਕੀਤੀ ਜਾਂਦੀ ਹੈ ਤੇ ਕੱਢੀ ਜਾਂਦੀ ਹੈ। ਕੀ ਸਾਹ ਡਾਇਫਰਾਮ ਤਕ ਜਾਂਦਾ ਹੈ ਜਾਂ ਥੌਰੇਸਿਕ (Thoracic) ਤਕ ਹੀ? ਕੀ ਸ੍ਵਾਸ ਲਗਾਤਾਰ ਇਕ ਹੀ ਲੈਅ ਵਿਚ ਆ ਰਹੇ ਹਨ ਜਾਂ ਵਿਚ ਰੁਕਦਾ ਹੈ? ਕੀ ਸ੍ਵਾਸ ਉਖੜਦਾ ਹੈ? ਉਸਦੀ ਤਾਲ ਵਿਚ ਲੈਅ ਵਿਚ ਫਰਕ ਹੈ? ਇਸ ਤੋਂ ਮਨੁੱਖ ਦੀ ਭਾਵਕ ਤੇ ਸਰੀਰਕ ਹਾਲਤ ਦਾ ਪਤਾ ਲਗਦਾ ਹੈ। ਸ੍ਵਾਸ ਲੈਣ ਦੇ ਇਕ ਹੀ ਗੁਣ ਤੋਂ ਜਾਂ ਸਾਰੇ ਹੀ ਗੁਣ ਦੇਖ ਕੇ ਸ੍ਵਾਸ ਲੈਣ ਦੇ ਵੱਖ ਵੱਖ ਸੁਭਾਅ ਦਾ ਪਤਾ ਲਗ ਜਾਂਦਾ ਹੈ। ਹਰੇਕ ਨੂੰ ਸ੍ਵਾਸ ਲੈਣ ਵਿਚ ਔਖ ਕਦੀ ਨਾ ਕਦੀ ਆਉਂਦੀ ਹੈ, ਕਦੀ ਕਿਸੇ ਸਰੀਰਕ ਬਿਮਾਰੀ ਦੇ ਕਾਰਣ, ਕਦੀ ਕਿਸੇ ਸੰਵੇਗਕ ਸਮੱਸਿਆ ਦੇ ਕਾਰਣ, ਕਦੀ ਕਿਸੇ ਦੁਖ ਕਰਕੇ, ਕਦੀ ਘਬਰਾਹਟ ਨਾਲ, ਕਦੀ ਗੁੱਸੇ ਨਾਲ ਕੰਬਦਾ ਸਰੀਰ ਤੇ ਉਸ ਵਿਚ ਕੰਬਦਾ ਸ੍ਵਾਸ, ਇਨ੍ਹਾਂ ਮਿਸਾਲਾਂ ਨੂੰ ਅਸੀਂ ਸਾਰੇ ਹੀ ਭਲੀ ਪ੍ਰਕਾਰ ਜਾਣਦੇ ਹਾਂ ਤੇ ਇਹ ਵੀ ਸਮਝਦੇ ਹਾਂ ਕਿ ਸਾਡੇ ਭਾਵ ਤੇ ਸੰਵੇਗ ਕਿਵੇਂ ਸਾਡੇ ਸ੍ਵਾਸ ਤੇ ਪ੍ਰਭਾਵ ਪਾਉਂਦੇ ਹਨ। ਪਰ ਸਬੰਧ ਇਸ ਤੋਂ ਅੱਗੇ ਤਕ ਦਾ ਹੈ। ਇਹ ਵੀ ਸੰਭਵ ਹੈ ਕਿ ਸ੍ਵਾਸਾਂ ਵਿਚ ਬਦਲਾਅ ਆਉਣ ਨਾਲ ਭਾਵਾਂ ਵਿਚ ਬਦਲਾਅ ਆ ਜਾਵੇ ਤੇ ਸਾਰੀ ਸਰੀਰਕ ਹਾਲਤ ਬਦਲ ਜਾਵੇ। ਜੇ ਅਸੀਂ ਸ੍ਵਾਸ ਲੈਣ ਦੀ ਵੱਖ-ਵੱਖ ਆਦਤ ਦਾ ਨਰੀਖਣ ਕਰੀਏ ਤਾਂ ਸਾਨੂੰ ਸਾਫ ਪਤਾ ਲਗ ਜਾਵੇਗਾ ਕਿ ਕੀ ਕੀ ਪ੍ਰਭਾਵ ਪੈਂਦਾ ਹੈ ਤੇ ਇਹ ਸਭ ਸਪਸ਼ਟ ਤਰੀਕੇ ਨਾਲ ਅੱਗੇ ਆ ਜਾਵੇਗਾ।

ਰੋਜ਼ ਦੇ ਕੰਮ ਕਾਜ ਵਿਚ ਬਹੁਤ ਸਾਰੇ ਲੋਕ ਜਾਂ ਤਾਂ ਪੇਟ ਦੇ ਪੜਦੇ ਤਕ (diaphragmatic) ਸਾਹ ਲੈਂਦੇ ਹਨ ਜਾਂ ਛਾਤੀ ਤਕ। ਪੂਰੀ ਤਰ੍ਹਾਂ ਸ੍ਵਾਸ ਥੋੜ੍ਹੇ ਸਮੇਂ ਲਈ ਲਏ ਜਾ ਸਕਦੇ ਹਨ, ਪੂਰੇ ਸ੍ਵਾਸ ਜਾਂ ਤਾਂ ਅਭਿਆਸ ਕਰਦਿਆਂ ਲਏ ਜਾ ਸਕਦੇ ਹਨ ਜਾਂ ਫੇਰ ਜਦੋਂ ਅਸੀਂ ਕੋਈ ਭਾਰੀ ਸਰੀਰਕ ਕੰਮ ਕਰਦੇ ਹੋਈਏ, ਜਦੋਂ ਆਕਸੀਜਨ ਦੀ ਲੋੜ ਸਰੀਰ ਵਿਚ ਵਧੇਰੇ ਹੋਵੇ, ਨਹੀਂ ਤਾਂ ਆਮ ਤੌਰ ਤੇ ਪੂਰੀ ਤਰ੍ਹਾਂ ਸ੍ਵਾਸ ਲੈਣੇ ਦੇਖਣ ਵਿਚ ਨਹੀਂ ਆਉਂਦੇ।

ਸਭ ਤੋਂ ਵੱਧ ਚੰਗਾ ਸ੍ਵਾਸ ਲੈਣ ਦਾ ਤਰੀਕਾ ਪੇਟ ਦੀ ਝਿੱਲੀ ਤਕ ਜਾਂ ਜਿਸ ਨੂੰ ਅਸੀਂ ਡਾਇਫਰਾਮੈਟਿਕ ਸ੍ਵਾਸ ਕਹਿੰਦੇ ਹਾਂ ਉਹ ਹੀ ਠੀਕ ਹੈ। ਇਥੇ ਫੇਫੜਿਆਂ ਦਾ ਵਿਸਥਾਰ ਥੱਲੇ ਤਕ ਹੁੰਦਾ ਹੈ ਤੇ ਆਕਸੀਜਨ ਦਾ ਬਦਲਾਵ ਵਧੇਰੇ ਚੰਗੀ ਤਰ੍ਹਾਂ ਵਰਤਦਾ ਹੈ। ਡਾਇਫਰਾਮ ਆਪਣਾ ਕੰਮ ਸੁਚੱਜੀ ਤਰ੍ਹਾਂ ਕਰਦਾ ਹੈ। ਨਾ ਕੇਵਲ ਵੱਡਿਆਂ ਨਾਲ ਹੀ ਇਸ ਤਰ੍ਹਾਂ ਹੁੰਦਾ ਹੈ, ਬੱਚਿਆਂ ਵਿਚ ਵੀ ਇਸ ਤਰ੍ਹਾਂ ਹੀ ਹੁੰਦਾ ਹੈ, ਡਾਇਫਰਾਮ ਦੇ ਤਰੀਕੇ ਨਾਲ ਸੁਚੱਜੀ ਤਰ੍ਹਾਂ ਸ੍ਵਾਸ ਤਾਂ ਲੈਂਦੇ ਹੀ ਹਾਂ, ਇਸ ਤਰ੍ਹਾਂ ਸ੍ਵਾਸ ਲੈਣ ਨਾਲ ਜਦੋਂ ਇਹ ਇਕੱਠਾ ਹੁੰਦਾ ਹੈ ਤਾਂ ਪੇਟ ਵੀ ਪੱਠਿਆਂ ਨੂੰ ਅੱਗੇ ਧੱਕਦਾ ਹੈ ਇਸ ਨਾਲ ਖੂਨ ਦਾ ਦੌਰਾ ਠੀਕ ਰਹਿੰਦਾ ਹੈ।

ਡਾਇਫਰਾਮ ਨਾਲ, ਸਾਹ ਲੈਣ ਨਾਲ ਕੇਵਲ ਸ੍ਵਾਸ ਹੀ ਨਹੀਂ ਠੀਕ ਤਰ੍ਹਾਂ ਕੰਮ ਕਰਦਾ ਸਗੋਂ ਇਹ ਹੋਰ ਵੀ ਬਹੁਤ ਸਾਰੀਆਂ ਬਿਮਾਰੀਆਂ ਠੀਕ ਕਰਦਾ ਹੈ। ਇਹ ਬਲੱਡ ਪਰੈਸ਼ਰ ਵਾਸਤੇ ਦੱਸਿਆ ਜਾਂਦਾ ਹੈ ਤੇ ਤਜਰਬਾ ਕਰਕੇ ਦੇਖਿਆ ਗਿਆ ਹੈ ਕਿ ਡਾਇਫਰਾਮ ਨਾਲ, ਸ੍ਵਾਸ ਲੈਣ ਨਾਲ ਬਲੱਡ ਪਰੈਸ਼ਰ ਵਿਚ ਬਹੁਤ ਫਰਕ ਪੈਂਦਾ ਹੈ। ਅਮਰੀਕਾ ਵਿਚ ਜਿਥੇ ਬਹੁਤ ਸਾਰੇ ਲੋਕ ਦਿਲ ਦੀ ਬਿਮਾਰੀ ਤੋਂ ਪੀੜਤ ਹਨ ਜਿਸ ਦਾ ਕਾਰਨ ਬਲੱਡ ਪਰੈਸ਼ਰ ਹੈ ਉਥੇ ਵੀ ਇਹ ਦੇਖਿਆ ਗਿਆ ਹੈ ਕਿ ਡਾਇਫਰਾਮ ਨਾਲ ਸ੍ਵਾਸ ਲੈਣ ਨਾਲ ਬਹੁਤ ਫਰਕ ਪੈਂਦਾ ਹੈ ਤੇ ਬਲੱਡ ਪਰੈਸ਼ਰ ਘੱਟ ਹੁੰਦਾ ਹੈ। ਇਹ ਦੇਖਿਆ ਗਿਆ ਹੈ ਕਿ ਡਾਇਫਰਾਮ ਨਾਲ ਸ੍ਵਾਸ ਲੈਣ ਦੇ ਨਾਲ ਨਾਲ ਕੁਝ ਕੁ ਸਥਿਲ ਹੋਣ ਦੇ ਸਾਧਨ ਵੀ ਕੀਤੇ ਜਾਣ ਤਾਂ ਘਬਰਾਹਟ ਅਤੇ ਬੇਚੈਨੀ ਨੂੰ ਬਹੁਤ ਫਰਕ ਪੈਂਦਾ ਹੈ ਤੇ ਬਲੱਡ ਪਰੈਸ਼ਰ ਵੀ ਠੀਕ ਰਹਿੰਦਾ ਹੈ ਤੇ ਇਸ ਨਾਲ ਕਿਸੇ ਕਿਸਮ ਦੀ ਹੋਰ ਬਿਮਾਰੀ ਵੀ ਨਹੀਂ ਹੁੰਦੀ। ਇਸ ਤਰ੍ਹਾਂ ਦੀ ਚਿਕਿਤਸਾ ਕਿੰਨੀ ਲਾਭਦਾਇਕ ਹੈ, ਇਸ ਉਤੇ ਹੋਰ ਵੀ ਖੋਜ ਕਰਨੀ ਚਾਹੀਦੀ ਹੈ।

ਦੂਸਰਾ ਸ੍ਵਾਸ ਲੈਣ ਦਾ ਤਰੀਕਾ ਹੈ ਛਾਤੀ ਨਾਲ ਸ੍ਵਾਸ ਲੈਣਾ। ਇਥੇ ਛਾਤੀ ਦੀਆਂ ਦੀਵਾਰਾਂ ਤੇ ਦਬਾਅ ਪੈਂਦਾ ਹੈ, ਡਾਇਫਰਾਮ, ਪੇਟ ਦੀ ਦੀਵਾਰ ਤੇ ਦਬਾਅ ਨਹੀਂ ਪੈਂਦਾ। ਫੇਫੜਿਆਂ ਦੇ ਦਰਮਿਆਨ ਵਿਚ ਫੈਲਾਅ ਆਉਂਦਾ ਹੈ ਤੇ ਇਸ ਨੂੰ ਗੈਸ ਵਿਚ ਬਦਲਣਾ ਘੱਟ ਅਸਰਦਾਇਕ ਹੁੰਦਾ ਹੈ



Sri Satguru Jagjit Singh Ji eLibrary NamdhariElibrary@gmail.com

ਡਾਇਫਰਾਮ ਨਾਲ ਸੁਆਸ ਲੈਣਾ ਵਧੇਰੇ ਲਾਭਦਾਇਕ ਹੈ, ਕਈ ਹੋਰ ਕਾਰਨਾਂ ਕਰਕੇ ਵੀ ਇਹ ਦੇਖਿਆ ਗਿਆ ਹੈ ਕਿ ਬੇਚੈਨੀ ਦੀ ਹਾਲਤ ਵਿਚ ਅਸੀਂ ਛਾਤੀ ਰਾਹੀਂ ਵਧੇਰੇ ਸੁਆਸ ਲੈਂਦੇ ਹਾਂ, ਡਾਇਫਰਾਮ ਰਾਹੀਂ ਨਹੀਂ ਲੈਂਦੇ। ਬਹੁਤ ਸਾਰੇ ਚਕਿਤਿਸਕਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਆਪਣੇ ਡਾਇਫਰਾਮ ਨੂੰ ਬਿਲਕੁਲ ਰੋਕ ਲੈਂਦੇ ਹਨ, ਜੈਮ ਕਰ ਲੈਂਦੇ ਹਨ ਤੇ ਸਾਰਾ ਡਰ, ਲੜਾਈ ਝਗੜਾ ਸਾਰਾ ਸਰੀਰ ਵਿਚ ਹੀ ਉਤਰ ਜਾਂਦਾ ਹੈ ਤੇ ਸੁਚੇਤ ਮਨ ਵਿਚ ਰਹਿ ਜਾਂਦਾ ਹੈ। ਜਿਵੇਂ ਕਿ ਮਨੋਚਿਕਿਤਸਾ ਨੇ ਦੱਸਿਆ ਹੈ ਕਿ ਸਾਡੇ ਭਾਵਾਂ ਦਾ ਵਧੇਰਾ ਅਸਰ ਵਿਸ਼ੇਸ਼ ਤੌਰ ਤੇ ਓਦੋਂ ਵਧ ਪੈਂਦਾ ਹੈ, ਜਦੋਂ ਡਾਇਫਰਾਮ ਨੂੰ ਅਕੜਾਅ ਕੇ ਜੈਮ ਕਰਕੇ ਤੁਸੀਂ ਥੱਲੇ ਦੇ ਸਰੀਰ ਨੂੰ ਉਪਰ ਦੇ ਸਰੀਰ ਨਾਲੋਂ ਪੂਰੀ ਤਰ੍ਹਾਂ ਵੱਖ ਕਰ ਲੈਂਦੇ ਹੋ।

ਇਹ ਵੀ ਦੱਸਿਆ ਗਿਆ ਹੈ ਕਿ ਛਾਤੀ ਰਾਹੀਂ ਸੁਆਸ ਲੈਣਾ ਸਮਾਜਿਕ ਜਾਂ ਕਹਿ ਲਵੋ ਦਿਖਾਵੇ ਦੇ ਪੱਖੋਂ ਵੀ ਚੰਗਾ ਲਗਦਾ ਹੈ। ਜੇ ਡਾਇਫਰਾਮ ਦੇ ਰਾਹੀਂ ਸੁਆਸ ਲਿਆ ਜਾਵੇ ਤਾਂ ਪੇਟ ਬਾਹਰ ਵਲ ਧੱਕਿਆ ਜਾਵੇਗਾ ਜਿਹੜਾ ਕਿ ਦੇਖਣ ਵਿਚ ਬੁਰਾ ਲਗਦਾ ਹੈ। ਚੌੜੇ ਮੋਢੇ, ਪਤਲੀ ਕਮਰ, ਸੁਹੱਪਣ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਇਸ ਕਰਕੇ ਲੋਕੀ ਛਾਤੀ ਬਾਹਰ ਕੱਢਦੇ ਹਨ ਤੇ ਪੇਟ ਨੂੰ ਅੰਦਰ ਕਰਕੇ ਰਖਦੇ ਹਨ। ਇਸ ਤਰ੍ਹਾਂ ਡਾਇਫਰਾਮ ਨਾਲ ਸੁਆਸ ਨਹੀਂ ਲੈ ਸਕਦੇ ਇਸ ਨਾਲ ਸਰੀਰ ਵਿਚ ਪੂਰੀ ਆਕਸੀਜਨ ਨਹੀਂ ਜਾਂਦੀ ਤੇ ਪੱਠੇ ਵੀ ਆਕੜ ਜਾਂਦੇ ਹਨ, ਖਾਸ ਤੌਰ ਤੇ ਛਾਤੀ ਤੇ ਪੇਟ ਦੇ ਪੱਠੇ ਤਾਂ ਬਹੁਤ ਆਕੜ ਜਾਂਦੇ ਹਨ।

ਪ੍ਰਾਕ੍ਰਿਤਕ ਸਿਧਾਂਤ ਵੀ ਦਿਤਾ ਗਿਆ ਹੈ ਜਿਸ ਨਾਲ ਚਿੰਤਾ ਤੇ ਘਬਰਾਹਟ ਦਾ ਜੋੜ ਛਾਤੀ ਨਾਲ ਸੁਆਸ ਲੈਣ ਨਾਲ ਲੱਭਿਆ ਜਾ ਸਕੇ। ਜਦੋਂ ਵੀ ਕੋਈ ਭਾਵਕ, ਖਿੱਚਾਂ ਜਾਂ ਕੋਈ ਕਿਸੇ ਕਿਸਮ ਦਾ ਬੋਝ ਮਹਿਸੂਸ ਹੁੰਦਾ ਹੈ, ਕੋਈ ਖੇਡ ਵਿਚ ਹਿੱਸਾ ਲੈਣਾ ਹੋਵੇ, ਕੁਝ ਹੋਰ ਕਰਨਾ ਹੋਵੇ ਜਾਂ ਕੋਈ ਹੋਰ ਸੰਕਟ ਦਿਸਦਾ ਹੋਵੇ ਉਸ ਗੱਲ ਵਿਚ ਸਰੀਰ ਆਪਣੇ ਆਪ ਨੂੰ ਤਿਆਰ ਕਰਦਾ ਹੈ, ਜਾਂ ਤਾਂ ਉਡਾਰੀ ਮਾਰਦਾ ਹੈ ਤੇ ਜਾਂ ਉਸ ਘਟਨਾ ਦਾ ਮੁਕਾਬਲਾ ਕਰਨ ਲਈ ਤਿਆਰ ਹੁੰਦਾ ਹੈ। ਇਹੋ ਜਿਹੀ ਘਟਨਾ ਸਾਡੇ ਸਭ ਨਾਲ ਕਦੀ ਨਾ ਕਦੀ ਅਵੱਸ਼ ਹੋਈ ਹੁੰਦੀ ਹੈ, ਜਦੋਂ ਸਾਡੇ ਹੱਥ ਪੈਰ ਠੰਢੇ ਪੈ ਗਏ, ਦਿਲ ਦੀ ਧੜਕਣ ਬਹੁਤ ਵੱਧ ਗਈ ਤੇ ਬਹੁਤ ਘਬਰਾਹਟ ਹੋ ਗਈ। ਇਸ ਦਾ ਤਾਲਮੇਲ ਸ੍ਵੈ-ਚਲਿਤ-ਨਰਵਸ-ਸਿਸਟਮ ਨਾਲ ਹੁੰਦਾ ਹੈ, ਇਹ ਸਿਸਟਮ ਸਰੀਰ ਦੇ ਉਨ੍ਹਾਂ ਭਾਗਾਂ ਨੂੰ ਦੇਖਦਾ ਹੈ ਜਿਹੜਾ ਸਾਡੇ ਅੰਦਰ ਦੇ ਅੰਗ ਤੇ ਟਿਸ਼ੂ ਹਨ ਜਿਨ੍ਹਾਂ ਨੂੰ ਲਗਾਤਾਰ ਸੁਚੇਤ ਮਨ ਵਲੋਂ ਦੇਖ ਭਾਲ ਨਹੀਂ ਚਾਹੀਦੀ, ਇਹ ਸ੍ਵੈ ਚਾਲਕ ਹਨ।

ਪ੍ਰਾਕ੍ਰਿਤਕ ਸਰੀਰ ਬਣਤਰ ਗਿਆਨ ਅਨੁਸਾਰ ਸ੍ਵੈਚਾਲਕ ਨਾੜੀ ਵਿਗਿਆਨ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਇਕ ਪੈਰਾਸਿਮਪੇਥੈਟਿਕ (parasympathetic) ਤੇ ਦੂਸਰਾ ਸਿਮਪੇਥੈਟਿਕ (sympathetic). ਪਹਿਲੇ ਦਾ ਕੰਮ ਹੈ ਕਿ ਉਹ ਆਰਾਮ ਦੇਣ ਦੀ ਕ੍ਰਿਆ ਕਰੇ, ਦਿਲ ਦੀ ਧੜਕਣ ਘੱਟ ਕਰੇ, ਪਾਚਨ ਸ਼ਕਤੀ ਵਧਾਏ, ਸਰੀਰ ਦੇ ਅੰਦਰ ਦੀ ਸਫਾਈ ਵਧਾਵੇ। ਇਸ ਤੋਂ ਵਿਪਰੀਤ ਸਿਮਪੇਥੈਟਿਕ ਨਾੜੀ ਵਿਗਿਆਨ ਵਧੇਰੇ ਕ੍ਰਿਆਸ਼ੀਲ ਹੁੰਦਾ ਹੈ ਤੇ ਉਨ੍ਹਾਂ ਸਾਰੀਆਂ ਘਟਨਾਵਾਂ ਨੂੰ ਸੰਭਾਲਦਾ ਹੈ ਤੇ ਸਰੀਰਕ ਕਸਰਤ ਵਿਚ ਸਹਾਇਕ ਹੁੰਦਾ ਹੈ। ਜਦੋਂ ਸਿਮਪੇਥੈਟਿਕ ਨਾੜੀ ਸ਼ਾਖਾ ਕ੍ਰਿਆਸ਼ੀਲ ਹੁੰਦੀ ਹੈ, ਦਿਲ ਦੀ ਧੜਕਣ ਵਧਦੀ ਹੈ ਤੇ ਪਾਚਨ ਕ੍ਰਿਆ ਵਿਚੋਂ ਤੇ ਮਲਮੂਤਰ ਦੇ ਅੰਗਾਂ ਵਿਚੋਂ ਖੂਨ ਦਾ ਦੌਰਾ ਤੇਜ਼ ਹੋ ਕੇ ਖੂਨ ਪੱਠਿਆਂ ਵਿਚ ਤੇ ਅੰਗਾਂ ਵਿਚ ਜਾਂਦਾ ਹੈ ਤੇ ਸਰੀਰ ਨੂੰ ਸਰੀਰਕ ਕੰਮ ਵਾਸਤੇ ਤਿਆਰ ਕਰਦਾ ਹੈ। ਸਿਮਪੇਥੈਟਿਕ ਤੇ ਪੈਰਾ-ਸਿਮਪੇਥੈਟਿਕ ਨਾੜੀ ਸ਼ਾਖਾ ਦਾ ਆਪਸ ਦੇ ਸੰਤੁਲਨ ਤੇ ਸ੍ਵੈਚਾਲਕ ਨਾੜੀ ਪ੍ਰਣਾਲੀ ਤੇ ਪੂਰਾ ਨਿਰਭਰ ਹੈ।

ਸੁਆਸ ਲੈਣ ਦੀ ਕ੍ਰਿਆ ਜਿਹੜੀ ਸ੍ਵੈਚਾਲਕ ਨਾੜੀ ਪ੍ਰਣਾਲੀ ਥੱਲੇ ਹੈ ਉਹ ਵੀ ਭੀੜ ਪੈਣ ਤੇ ਪੂਰੇ ਜ਼ੋਰਾਂ ਤੇ ਹੋ ਜਾਂਦੀ ਹੈ, ਇਥੋਂ ਤਕ ਕਿ ਜਿਥੇ ਪਹਿਲਾਂ ਡਾਇਫਰਾਮ ਰਾਹੀਂ ਸਾਹ ਲੈਣ ਦਾ ਸੁਭਾਅ ਹੋਵੇ, ਉਥੇ ਛਾਤੀ ਨਾਲ ਸਾਹ ਲੈਣਾ ਸ਼ੁਰੂ ਹੋ ਜਾਂਦਾ ਹੈ। ਜੇ ਘਟਨਾਵਾਂ ਕੇਵਲ ਸਰੀਰਕ ਹੋਣ ਤਾਂ ਸਰੀਰ ਆਪਣੀ ਇਕੱਠੀ ਕੀਤੀ ਤਾਕਤ ਲਗਾ ਦਿੰਦਾ ਹੈ; ਜੇ ਇਸ ਤਰ੍ਹਾਂ ਨਾ ਹੋਵੇ ਤਾਂ ਛੇਤੀਂ-ਛੇਤੀਂ ਸਾਹ ਆਉਣਾ ਸ਼ੁਰੂ ਹੋ ਜਾਂਦਾ ਹੈ ਤੇ ਵਧੇਰੇ ਹਵਾ ਖੂਨ ਦੇ ਦੌਰੇ ਦੇ ਅੰਦਰ ਚਲੀ ਜਾਂਦੀ ਹੈ। ਜੇ ਕੋਈ ਸਰੀਰਕ ਕ੍ਰਿਆ ਨਾ ਕੀਤੀ ਜਾਵੇ ਤੇ ਮਾਨਸਿਕ ਤਣਾਅ ਵਧ ਬਣਿਆ ਰਹੇ ਜਾਂ ਚਿੰਤਾ ਬਣੀ ਰਹੇ ਤਾਂ ਛੇਤੀਂ-ਛੇਤੀਂ ਸੁਆਸ ਲੈਣਾ ਜਾਰੀ ਰਹਿੰਦਾ ਹੈ। ਕਮਜ਼ੋਰ ਮਨੁੱਖ ਨੂੰ ਇਸ ਤਰ੍ਹਾਂ ਛੇਤੀਂ-ਛੇਤੀਂ ਸੁਆਸ ਲੈਣ ਨਾਲ ਪਾਚਨ ਕ੍ਰਿਆ ਤੇ ਅਸਰ ਪੈਂਦਾ ਹੈ ਤੇ ਸੁਭਾਅ ਚਿੜਚਿੜਾ ਹੋ ਜਾਂਦਾ ਹੈ, ਸਿਰ ਪੋਲਾ ਮਹਿਸੂਸ ਹੋਣ ਲਗ ਪੈਂਦਾ ਹੈ ਤੇ ਚਿੰਤਾ ਹੋਰ ਵਧ ਜਾਂਦੀ ਹੈ।

ਇਹ ਦੱਸਿਆ ਗਿਆ ਹੈ ਕਿ ਛਾਤੀ ਨਾਲ ਸਾਹ ਲੈਣ ਨਾਲ ਸਿਮਪੇਥੈਟਿਕ ਨਾੜੀ ਯੰਤਰ ਦੇ ਹਾਲਾਤ ਪੈਦਾ ਹੋ ਜਾਂਦੇ ਹਨ ਜਿਸ ਨਾਲ ਸਾਹ ਛੇਤੀਂ ਲੈਣਾ ਪੈਂਦਾ ਹੈ, ਚਿੰਤਾ ਪ੍ਰਗਟ ਹੋ ਜਾਂਦੀ ਹੈ, ਚਿੜ-ਚਿੜਾਪਨ ਹੋ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਇਹ ਲਾਭਕਾਰੀ ਹੋਵੇਗਾ ਜੇ ਸੰਵੇਗਾਂ ਦਾ, ਸੁਆਸਾਂ ਦਾ, ਤੇ ਸਿਮਪੇਥੈਟਿਕ ਨਾੜੀ ਪ੍ਰਣਾਲੀ ਦਾ ਪਰਸਪਰ ਸਬੰਧ ਤੇ ਖੋਜ ਕੀਤੀ ਜਾਵੇ ਇਸ ਨੂੰ ਜਾਂਚਿਆ ਜਾਵੇ ਇਸ ਨਾਲ ਉਨ੍ਹਾਂ ਗੱਲਾਂ ਦਾ ਪਤਾ ਲਗ ਸਕਦਾ ਹੈ ਜਿਸ ਨਾਲ ਇਨ੍ਹਾਂ ਨਾੜੀ ਰੋਗਾਂ ਨੂੰ ਰੋਕਿਆ ਜਾ ਸਕਦਾ ਹੋਵੇ ਤੇ ਇਨ੍ਹਾਂ ਦਾ ਇਲਾਜ ਕੀਤਾ ਜਾ ਸਕਦਾ ਹੋਵੇ।

ਇਕ ਹੋਰ ਵੀ ਸੁਆਸ ਲੈਣ ਦਾ ਤਰੀਕਾ ਹੈ ਜੋ ਕਿ ਬਹੁਤ ਵਚਿੱਤਰ ਹੈ ਇਸ ਵਿਚ ਛਾਤੀ ਰਾਹੀਂ ਸੁਆਸ ਲੈਣਾ ਤੇ ਪੇਟ ਰਾਹੀਂ ਦੋਨੋਂ ਹੀ ਸਬੰਧਤਿ ਹਨ। ਉਹ ਹੈ ਛਾਤੀ ਨੂੰ ਫੈਲਾਉਣਾ ਤੇ ਪੇਟ ਦੇ ਪੱਠਿਆਂ ਨੂੰ ਇਕੱਠੇ ਕਰਨਾ ਜਿਹੜੇ ਡਾਇਫਰਾਮ ਦੇ ਪੱਠੇ ਨੂੰ ਧੱਕਾ ਦਿੰਦੇ ਹਨ, ਭਾਵੇਂ ਇਸ ਤਰ੍ਹਾਂ ਕਰਨ ਨਾਲ ਛਾਤੀ ਦੀਆਂ ਸੀਮਾ ਫੈਲਦੀਆਂ ਹਨ, ਫੇਫੜਿਆਂ ਦਾ ਵਿਸਥਾਰ ਹੁੰਦਾ ਹੈ ਤੇ ਨਾਲ ਡਾਇਫਰਾਮ ਨਾਲ ਹੀ ਜਾਗਰੂਪ ਹੋ ਕੇ ਇਹ ਸਾਰਾ ਵਾਧਾ ਖਤਮ ਕਰ ਦਿੰਦਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਸੁਆਸ ਲੈਣ ਦਾ ਕੋਈ ਉਤਮ ਤਰੀਕਾ ਨਹੀਂ ਹੈ, ਕਿ ਤੁਸੀਂ ਹਵਾ ਲਈ ਸੰਘਰਸ਼ ਕਰਦੇ ਰਹੋ। ਸੁਆਲ ਉਠਦਾ ਹੈ ਫੇਰ ਕੋਈ ਵੀ ਕਿਉਂ ਇਸ ਤਰ੍ਹਾਂ ਸੁਆਸ ਲਵੇਗਾ?

ਭਾਵੇਂ ਸੁਆਸ ਲੈਣਾ ਕੁਝ ਹਦ ਤਕ ਸ੍ਵੈ ਸੰਚਾਲਕ ਹੈ ਜਿਵੇਂ ਕਿ ਅਸੀਂ ਪਹਿਲੇ ਦੱਸ ਆਏ ਹਾਂ ਕਿ ਇਸ ਤੇ ਸ੍ਵੈ



Sri Satguru Jagjit Singh Ji eLibrary NamdhariElibrary@gmail.com

ਸੰਚਾਲਕ ਨਾੜੀ ਪ੍ਰਣਾਲੀ ਦਾ ਕੀ ਪ੍ਰਭਾਵ ਪੈਂਦਾ ਹੈ। ਜਦੋਂ ਵੀ ਕੋਈ ਕੋਸ਼ਿਸ਼ ਕੀਤੀ ਜਾਏਗੀ ਕਿ ਸੁਆਸ ਕਿਸੇ ਵਿਸ਼ੇਸ਼ ਵਿਧੀ ਨਾਲ ਲਏ ਜਾਣ, ਸੁਆਸ ਰੋਕਿਆ ਜਾਏਗਾ ਉਸ ਵੇਲੇ ਸਰੀਰ ਦੀ ਵਿਧੀ ਇਸ ਵਿਚ ਦਖਲ ਦੇਵੇਗੀ ਹੀ। ਸੰਵੇਗਾਂ ਦਾ ਜਵਾਬ ਜਾਂ ਕਹਿ ਲਓ ਉਨ੍ਹਾਂ ਦੀ ਪ੍ਰਤੀਕ੍ਰਿਆ ਸਵੈ ਚਾਲਕ ਹੀ ਹੈ। ਬੇਚੈਨੀ ਨਾਲ ਘਬਰਾ ਜਾਣਾ, ਸ਼ਰਮਿੰਦੇ ਹੋ ਕੇ ਲਾਲ ਪੈ ਜਾਣਾ, ਮੂੰਹ ਨੀਵਾਂ ਕਰ ਲੈਣਾ, ਕ੍ਰੋਧ ਨਾਲ ਕੰਬਣ ਲਗ ਪੈਣਾ ਇਹ ਸਭ ਸ੍ਵੈਚਾਲਕ ਨਾੜੀ ਪ੍ਰਣਾਲੀ ਦੇ ਪ੍ਰਗਟਾਵੇ ਹਨ। ਇਹ ਸੁਚੇਤ ਦੇ ਕਾਬੂ ਤੋਂ ਬਾਹਰ ਹਨ, ਅਸੀਂ ਸਾਰੇ ਹੀ ਚੰਗੀ ਤਰ੍ਹਾਂ ਜਾਣਦੇ ਹਾਂ ਕਿਵੇਂ ਅਸੀਂ ਵੱਖ-ਵੱਖ ਭਾਵਨਾਵਾਂ ਨੂੰ ਸੰਵੇਗਾਂ ਦੀ ਪ੍ਰਤੀਕ੍ਰਿਆ ਕਰਦੇ ਹਾਂ। ਅਸੀਂ ਹੀ ਨਹੀਂ, ਇਹ ਅਨੁਭਵ ਤਾਂ ਸਾਰੀ ਸ੍ਰਿਸ਼ਟੀ ਦੇ ਸਾਂਝੇ ਹਨ ਤੇ ਇਹ ਸਾਰੇ ਮਨੋਸਰੀਰਕ ਹਨ।

ਵਿਰੋਧਾਭਾਸੀ ਤਰੀਕੇ ਨਾਲ ਸੁਆਸ ਲੈਣ ਦੀ ਲੋੜ ਓਦੋਂ ਹੁੰਦੀ ਹੈ ਜਦੋਂ ਕਦੀ ਇਕ ਦਮ ਘਬਰਾਹਟ ਹੋ ਜਾਏ, ਕੋਈ ਘਟਨਾ ਅਚਾਨਕ ਵਾਪਰ ਜਾਏ। ਜਦੋਂ ਕਦੀ ਅਚਾਨਕ ਹੀ ਕੁਝ ਹੋ ਜਾਂਦਾ ਹੈ ਤਾਂ ਅਸੀਂ ਛੇਤੀਂ-ਛੇਤੀਂ ਸੁਆਸ ਲੈਣ ਲਗ ਪੈਂਦੇ ਹਾਂ, ਛਾਤੀ ਫੁਲਣ ਲਗ ਪੈਂਦੀ ਹੈ, ਪੇਟ ਕੱਸਿਆ ਜਾਂਦਾ ਹੈ। ਜੇ ਵਿਰੋਧਾਭਾਸੀ ਸੁਆਸ ਲੈਣ ਦੀ ਲੋੜ ਘੜੀ-ਘੜੀ ਪਵੇ ਜਾਂ ਕਹਿ ਲਵੋ ਬਹੁਤ ਵਾਰੀ ਪਵੇ ਕੁਝ ਖਾਸ ਘਟਨਾਵਾਂ ਕਰਕੇ ਕਹਿ ਲਵੋ ਜਾਂ ਹਾਲਾਤ ਕਰਕੇ, ਪਹਿਲੇ ਪਹਿਲ ਸਰੀਰ ਪੂਰੇ ਜ਼ੋਰ ਨਾਲ ਇਸ ਦਾ ਮੁਕਾਬਲਾ ਕਰੇਗਾ ਫੇਰ ਇਹ ਤਾਣ ਘਟਣ ਲਗ ਪਵੇਗਾ। ਹੌਲੀ ਹੌਲੀ ਸਰੀਰ ਨੂੰ ਨੁਕਸਾਨ ਦਾ ਖਤਰਾ ਪੈ ਜਾਵੇਗਾ। ਫੇਰ ਇਕ ਉਹ ਸਮਾਂ ਆ ਜਾਵੇਗਾ ਜਦੋਂ ਸਰੀਰ ਛੋਟੀ ਜਿਹੀ ਗੱਲ ਤੇ ਖਿੱਚਿਆ ਜਾਏਗਾ, ਸੁਆਸ ਔਖੇ ਹੋ ਜਾਣਗੇ ਜਿਵੇਂ ਕਿ ਉਪਰ ਦੱਸਿਆ ਗਿਆ ਹੈ। ਜੇ ਸੁਆਸ ਔਖੇ ਹੋ ਜਾਣਗੇ ਉਸ ਦਾ ਪ੍ਰਭਾਵ ਸਾਰੇ ਸਰੀਰ ਤੇ ਪਵੇਗਾ ਤੇ ਉਸ ਨਾਲ ਭਾਵਨਾਵਾਂ ਵੀ ਬਦਲ ਜਾਣਗੀਆਂ, ਇਹ ਇਕ ਚੱਕਰ ਬਣ ਜਾਵੇਗਾ, ਸੁਆਸ ਔਖੇ ਹੋਣਗੇ, ਭਾਵਨਾਵਾਂ ਉਤੇਜਿਤ ਹੋਣਗੀਆਂ। ਭਾਵਨਾਵਾਂ ਉਤੇਜਿਤ ਹੋਣਗੀਆਂ, ਸੁਆਸ ਔਖੇ ਹੋਣਗੇ। ਦੋਨੋਂ ਇਕ ਦੂਸਰੇ ਨਾਲ ਜੁੜੇ ਹੋਏ ਹਨ। ਜੇ ਇਕ ਪਹਿਲਾਂ ਹੋਵੇਗਾ ਦੂਸਰਾ ਆਏਗਾ ਹੀ, ਦੂਸਰਾ ਪ੍ਰਗਟ ਹੋਏਗਾ ਹੀ। ਇਸ ਤਰ੍ਹਾਂ ਨਾਲ ਸੁਆਸ ਚਿਕਿਤਸਾ ਬਹੁਤ ਔਖੀ ਹੋ ਜਾਵੇਗੀ ਇਹ ਇਕ ਕਾਰਣ ਬਣ ਕੇ ਰਹਿ ਜਾਵੇਗੀ ਜਿਸ ਨੂੰ ਭਾਵਨਾਵਾਂ ਰਾਹੀਂ ਵਸ ਵਿਚ ਕਰਨ ਲਈ ਵਰਤਣਾ ਪਵੇਗਾ।

ਸੁਆਸ ਕ੍ਰਿਆ ਨੂੰ ਇਕ ਹੋਰ ਤਰ੍ਹਾਂ ਵੀ ਦੇਖਿਆ ਜਾ ਸਕਦਾ ਹੈ, ਉਹ ਹੈ ਸੁਆਸ ਦੇ ਚੱਲਣ ਤੇ ਤੱਤ ਨੂੰ, ਪ੍ਰਕ੍ਰਿਤੀ ਨੂੰ ਜਾਂਚਿਆ ਜਾਵੇ। ਕੀ ਸੁਆਸ ਇਕ ਸਾਰ ਹੈ, ਲਗਾਤਾਰ ਉਸ ਦਾ ਬਹਾਅ ਇਕੋ ਜਿਹਾ ਹੈ ਜਾਂ ਇਕ ਉਖੜਿਆ ਉਖੜਿਆ ਰੁਕ ਕੇ ਆਉਂਦਾ ਹੈ? ਜੇ ਅਸੀਂ ਆਪਣੇ ਅਨੁਭਵਾਂ ਨੂੰ ਦੇਖੀਏ, ਅਸੀਂ ਜਾਣ ਸਕਦੇ ਹਾਂ ਕਿ ਭਾਵਨਾਵਾਂ ਸੰਵੇਗ ਸੁਆਸਾਂ ਤੇ ਪ੍ਰਭਾਵ ਪਾਉਂਦੇ ਹਨ। ਦੁਖ, ਦਰਦ, ਕ੍ਰੋਧ ਇਨ੍ਹਾਂ ਦਾ ਸੁਆਸਾਂ ਤੇ ਬਹੁਤ ਡੂੰਘਾ ਅਸਰ ਪੈਂਦਾ ਹੈ ਇਹ ਸੁਆਸ ਦੇ ਪ੍ਰਵਾਹ ਨੂੰ ਉਖਾੜ ਦਿੰਦੇ ਹਨ ਉਸ ਦਾ ਸੁਭਾਅ ਵਿਗਾੜ ਦਿੰਦੇ ਹਨ ਜਿਵੇਂ ਕਿ ਪਹਿਲੇ ਦੱਸਿਆ ਗਿਆ ਹੈ ਜਦੋਂ ਸੁਆਸਾਂ ਦਾ ਪ੍ਰਵਾਹ ਉਖੜ ਜਾਂਦਾ ਹੈ ਉਸ ਨਾਲ ਸਰੀਰ ਤੇ ਵੀ ਪ੍ਰਭਾਵ ਪੈਂਦਾ ਹੈ। ਸੁਆਸਾਂ ਵਿਚ ਰੁਕਾਵਟ ਪੈਦਾ ਹੁੰਦੀ ਹੈ। ਇਹ ਰੁਕਾਵਟ ਕਿਸੇ ਵਕਤ ਵੀ ਹੋ ਸਕਦੀ ਹੈ - ਜਾਗਦੇ ਹੋਏ, ਸੁੱਤੇ ਹੋਏ, ਸਾਹ ਅੰਦਰ ਲੈਂਦੇ ਸਮੇਂ ਹੋ ਸਕਦੀ ਹੈ, ਸਾਹ ਬਾਹਰ ਕੱਢਦੇ ਸਮੇਂ ਹੋ ਸਕਦੀ ਹੈ, ਇਸ ਦਾ ਸਮਾਂ ਵੱਖ-ਵੱਖ ਹੋ ਸਕਦਾ ਹੈ, ਇਕ ਸਕਿੰਟ ਲਈ, ਮਿੰਟ ਲਈ, ਸੁੱਤਿਆ ਜਾਗਦਿਆਂ ਕਿਸੇ ਸਮੇਂ ਵੀ ਹੋ ਸਕਦਾ ਹੈ।

ਸੁਆਸ ਲੈਣ ਵਿਚ ਵੱਖ-ਵੱਖ ਕਿਸਮ ਦੀਆਂ ਰੁਕਾਵਟਾਂ ਆਉਂਦੀਆਂ ਹਨ, ਉਨ੍ਹਾਂ ਵਿਚੋਂ ਸਭ ਤੋਂ ਵੱਧ ਮਹੱਤਵ ਪੂਰਨ ਰੁਕਾਵਟ ਰਾਤ ਨੂੰ ਸੁੱਤਿਆਂ ਪਿਆਂ ਆਉਂਦੀ ਹੈ ਜਿਹੜੀ ਡਾਕਟਰਾਂ ਨੇ ਜਾਂਚਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਕਦੀ ਕਦੀ ਸੁਆਸ ਇਕ ਮਿੰਟ ਲਈ ਰੁਕ ਜਾਂਦਾ ਹੈ, ਇਹ ਰੁਕਾਵਟ ਖਾਸ ਤੌਰ ਤੇ ਸੁੱਤਿਆਂ ਪਿਆਂ ਹੀ ਹੁੰਦੀ ਹੈ, ਇਸ ਦਾ ਪ੍ਰਭਾਵ ਸਾਰੇ ਸਰੀਰ ਤੇ ਪੈਂਦਾ ਹੈ, ਸੁਆਸ ਲੈਣ ਵਿਚ ਰੁਕਾਵਟ ਨਾਲ ਬਹੁਤ ਵਾਰੀ ਬਲੱਡ ਪਰੈਸ਼ਰ ਹੁੰਦਾ ਹੈ ਤੇ ਖੂਨ ਵਿਚ ਆਕਸੀਜਨ ਘੱਟ ਹੁੰਦੀ ਹੈ। ਕਈ ਵਾਰੀ ਆਕਸੀਜਨ ਐਨੀ ਘੱਟ ਜਾਂਦੀ ਹੈ ਕਿ ਮਨੁੱਖ ਨੀਲਾ ਪੈ ਜਾਂਦਾ ਹੈ। ਇਹ ਦੇਖਿਆ ਗਿਆ ਹੈ ਕਿ ਬਲੱਡ ਪਰੈਸ਼ਰ ਸਾਰਾ ਦਿਨ ਹੀ ਉਤੇ ਰਹਿੰਦਾ ਹੈ, ਇਨ੍ਹਾਂ ਵਿਚ ਕਈ ਮਨੋਵਿਗਿਆਨਕ ਤਰੁੱਟੀਆਂ ਵੀ ਦੇਖੀਆਂ ਗਈਆਂ ਹਨ ਜਿਵੇਂ ਕਿ ਘਬਰਾਹਟ, ਡਿਪਰੈਸ਼ਨ, ਹਫੜਾ ਦਫੜੀ ਮਹਿਸੂਸ ਕਰਨੀ, ਮਾਨਸਿਕ ਤੌਰ ਤੇ ਆਪਣੇ ਆਪ ਨੂੰ ਕਮਜ਼ੋਰ ਸਮਝਣਾ-ਇਹ ਸਭ ਕੁਝ ਦਾ ਕਾਰਣ ਬਹੁਤ ਵਾਰੀ ਨੀਂਦ ਵਿਚ ਸੁਆਸ ਦੀ ਰੁਕਾਵਟ ਕਰਕੇ ਹੀ ਹੁੰਦਾ ਹੈ।

ਇਹ ਇਕ ਬਹੁਤ ਹੀ ਆਵੱਸ਼ਕ ਜਾਣਕਾਰੀ ਹੈ, ਭਾਵੇਂ ਇਸ ਨੂੰ ਅਜੇ ਤਕ ਵੀ ਕੋਈ ਬਹੁਤ ਮਹੱਤਤਾ ਨਹੀਂ ਦਿਤੀ ਜਾਂਦੀ ਕਿਉਂਕਿ ਸ਼ਾਇਦ ਹਾਲੇ ਵੀ ਬਹੁਤ ਥੋੜ੍ਹੇ ਲੋਕੀ ਹੀ ਇਸ ਨੂੰ ਅਨੁਭਵ ਕਰਦੇ ਹਨ। ਅਮਰੀਕਾ ਦੇ ਇਕ ਹਸਪਤਾਲ ਵਿਚ ਕੰਮ ਕਰਨ ਵਾਲਿਆਂ ਨੇ ਇਸ ਨੂੰ ਜਾਂਚਣ ਦੇ ਕੰਮ ਤੇ ਆਪਣੇ ਉਤੇ ਲਿਆ, ਉਨ੍ਹਾਂ ਦਾ ਕਹਿਣਾ ਹੈ ਕਿ ਦੋ ਤਿਹਾਈ ਆਦਮੀ ਇਹੋ ਜਿਹੇ ਹਨ ਜਿਨ੍ਹਾਂ ਦਾ ਸੁਆਸ ਨੀਂਦ ਵਿਚ ਉਖੜਦਾ ਹੈ ਤੇ ਆਕਸੀਜਨ ਉਨ੍ਹਾਂ ਦੇ ਅੰਦਰ ਪੂਰੀ ਤਰ੍ਹਾਂ ਨਹੀਂ ਜਾਂਦੀ ਤੇ ਉਨ੍ਹਾਂ ਦੀ ਇਹ ਹਾਲਤ ਦਸ ਸਕਿੰਟ ਤਕ ਰਹਿੰਦੀ ਹੈ। ਇਕ ਬੜੀ ਹੈਰਾਨੀ ਦੀ ਗੱਲ ਇਹ ਹੈ ਕਿ ਬਹੁਤ ਘੱਟ ਬੀਬੀਆਂ ਇਸ ਹਾਲਤ ਵਿਚ ਦੇਖੀਆਂ ਗਈਆਂ ਹਨ।

ਇਸ ਤਰ੍ਹਾਂ ਨੀਂਦਰ ਵਿਚ ਸੁਆਸਾਂ ਦਾ ਉਖੜਨਾ ਤੇ ਆਕਸੀਜਨ ਦੀ ਕਮੀ ਵਧੇਰੇ ਕਰਕੇ ਮਰਦਾਂ ਵਿਚ ਕਿਉਂ ਹੈ ਤੇ ਬੀਬੀਆਂ ਵਿਚ ਕਿਉਂ ਘੱਟ ਹੈ ਇਸ ਬਾਰੇ ਅਜੇ ਕੋਈ ਵੀ ਖੋਜ ਨਹੀਂ ਕੀਤੀ ਗਈ। ਕਈ ਸਿਧਾਂਤ ਤਾਂ ਜ਼ਰੂਰ ਅੱਗੇ ਰੱਖੇ ਗਏ ਹਨ ਜਿਵੇਂ ਕਿ ਦੱਸਿਆ ਗਿਆ ਹੈ ਕਿ ਨੀਂਦ ਵਿਚ ਸੁਆਸ ਉਖੜਨ ਨਾਲ ਬਲੱਡ ਪਰੈਸ਼ਰ ਵਧ ਜਾਣਾ ਤੇ ਆਕਸੀਜਨ ਖੂਨ ਵਿਚ ਘੱਟ ਜਾਣ ਤੋਂ ਪਤਾ ਲਗਦਾ ਹੈ ਕਿ ਦਿਲ ਠੀਕ ਕੰਮ ਨਹੀਂ ਕਰ ਰਿਹਾ ਹੈ। ਦਿਲ ਦੇ ਕਈ ਹਿੱਸੇ ਹਨ ਤੇ ਵੱਖ-ਵੱਖ ਹਿੱਸਿਆਂ ਵਿਚੋਂ ਖੂਨ ਅੰਦਰ ਜਾਂਦਾ ਹੈ ਤੇ ਬਾਹਰ ਆਉਂਦਾ ਹੈ। ਜੇ ਬਲੱਡ ਪਰੈਸ਼ਰ ਵੱਧ ਹੈ ਤਾਂ ਦਿਲ ਨੂੰ ਵਧੇਰੇ ਕੰਮ ਕਰਨਾ ਪੈਂਦਾ ਹੈ ਤੇ ਵਧੇਰੇ ਆਕਸੀਜਨ ਦੀ ਲੋੜ ਪੈਂਦੀ ਹੈ, ਜੇ ਬਲੱਡ ਪਰੈਸ਼ਰ ਦੇ ਨਾਲ ਨਾਲ ਖੂਨ ਵਿਚ ਆਕਸੀਜਨ ਦੀ ਕਮੀ ਵੀ ਹੋ ਜਾਵੇ ਤੇ ਮਨੁੱਖ ਸੁੱਤਾ ਪਿਆ ਹੋਵੇ ਇਸ ਨਾਲ ਸਰੀਰ ਦੀ ਸ਼ਕਤੀ ਨੂੰ ਧੱਕਾ ਲਗ ਸਕਦਾ ਹੈ। ਜੇ ਕਿਸੇ



Sri Satguru Jagjit Singh Ji eLibrary NamdhariElibrary@gmail.com

ਨੂੰ ਰੋਜ਼ ਇਸ ਤਰ੍ਹਾਂ ਹੁੰਦਾ ਰਹੇ ਤਾਂ ਦਿਲ ਤੇ ਬੁਰਾ ਅਸਰ ਪੈ ਸਕਦਾ ਹੈ। ਉਸ ਦੇ ਕੰਮ ਕਰਨ ਦੀ ਗਤੀ ਵਿਚ ਫਰਕ ਪੈ ਸਕਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ ਮਰਦਾਂ ਨੂੰ ਦਿਲ ਦੀ ਬਿਮਾਰੀ ਵਧੇਰੇ ਹੁੰਦੀ ਹੈ ਤੇ ਬੀਬੀਆਂ ਨੂੰ ਘੱਟ। ਭਾਈਆਂ ਦੀ ਮੌਤ, ਦਿਲ ਦੇ ਦੌਰੇ ਨਾਲ ਵਧੇਰੇ ਗਿਣਤੀ ਵਿਚ ਹੁੰਦੀ ਹੈ। ਇਸ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਨੀਂਦ ਵਿਚ ਸ੍ਵਾਸਾਂ ਦਾ ਉਖੜਨਾ ਦਿਲ ਦੀ ਬਿਮਾਰੀ ਦਾ ਇਕ ਵੱਡਾ ਕਾਰਨ ਹੈ। ਕੀ ਇਹ ਦਿਲ ਦੀ ਬਿਮਾਰੀ ਜਿਹੜੀ ਸ੍ਵਾਸਾਂ ਦੇ ਉਖੜਨ ਨਾਲ ਹੈ, ਕੀ ਉਸ ਨੂੰ ਸ੍ਵਾਸਾਂ ਦੇ ਠੀਕ ਕਰਨ ਨਾਲ ਠੀਕ ਕੀਤਾ ਜਾ ਸਕਦਾ ਹੈ?

ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦੇਣਾ ਪਵੇਗਾ। ਇਸ ਵਿਸ਼ੇ ਤੇ ਹੋਰ ਖੋਜ ਕਰਨ ਦੀ ਲੋੜ ਹੈ ਕਿ ਇਨ੍ਹਾਂ ਦਾ ਆਪਸ ਵਿਚ ਕੀ ਸਬੰਧ ਹੈ। ਬਹੁਤ ਸਾਲਾਂ ਤਕ ਡਾਕਟਰ ਨੱਕ ਦਾ ਸਬੰਧ ਹਵਾ ਦੇ ਅੰਦਰ ਆਉਣ ਨਾਲ ਕਰਦੇ ਰਹੇ ਤੇ ਨਾਸਕਾ ਦੀ ਕਿਰਿਆ ਤਕ ਦਾ ਹੀ ਸਬੰਧ ਨਾਸਿਕਾ ਰਾਹੀਂ ਸ੍ਵਾਸ ਲੈਣ ਦਾ ਸਬੰਧ ਦੇਖਦੇ ਰਹੇ। ਬਹੁਤ ਸਾਰੇ ਸ੍ਵਾਸ ਲੈਣ ਦੇ ਤਰੀਕਿਆਂ ਨੂੰ ਜੋੜਿਆ ਗਿਆ, ਬਹੁਤ ਸਾਰੀ ਜਾਂਚ ਤੋਂ ਬਾਅਦ ਇਹ ਦੇਖਿਆ ਗਿਆ ਇਹ ਸ੍ਵਾਸ ਦਾ ਉਖੜਨਾ ਜਾਂ ਰੁਕ ਜਾਣਾ ਇਸ ਦਾ ਸਬੰਧ ਦਿਲ ਦੀ ਬਿਮਾਰੀ ਨਾਲ ਹੀ ਹੈ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਖਾਣ ਦੀ ਗੱਲ ਹੋਵੇ ਕਿਵੇਂ ਪੌਸ਼ਟਿਕ ਅਹਾਰ ਲਿਆ ਜਾਵੇ, ਕਿਸ ਕਿਸ ਖਾਦ ਪਦਾਰਥ ਵਿਚੋਂ ਲਿਆ ਜਾਵੇ, ਭਾਵੇਂ ਦਿਲ ਦੀ ਕ੍ਰਿਆ ਦੀ ਗੱਲ ਹੋਵੇ, ਭਾਵੇਂ ਸ੍ਵੈ ਚਾਲਕ ਨਾੜੀ ਪ੍ਰਣਾਲੀ ਦੀ ਗੱਲ ਹੋਵੇ, ਭਾਵੇਂ ਭਾਵਨਾਵਾਂ ਦੀ, ਸੰਵੇਗਾਂ ਦੀ ਗੱਲ ਹੋਵੇ, ਸ੍ਵਾਸਾਂ ਦਾ ਬਹੁਤ ਵੱਡਾ ਯੋਗਦਾਨ ਹੈ, ਬਹੁਤ ਵੱਡੀ ਭੂਮਿਕਾ ਹੈ। ਸ੍ਵਾਸ ਹੀ ਸਰੀਰ ਨੂੰ ਇਕ ਜਾਨ ਕਰਕੇ ਰਖਦੇ ਹਨ। ਸ੍ਵਾਸ ਸਰੀਰ ਦੀ ਇਕ ਬਹੁਤ ਪ੍ਰਮੁਖ ਕ੍ਰਿਆ ਹੈ ਜਿਸਦਾ ਪ੍ਰਭਾਵ ਮਨੁੱਖ ਦੇ ਹਰ ਕੰਮ ਤੇ ਪੈਂਦਾ ਹੈ। ਦੇਖਿਆ ਜਾਵੇ ਤਾਂ ਸ੍ਵਾਸਾਂ ਤੋਂ ਹੀ ਸਰੀਰ ਬਾਰੇ ਤੇ ਹੋਰ ਕੰਮਾਂ ਬਾਰੇ ਜਾਂਚਿਆ ਜਾ ਸਕਦਾ ਹੈ। ਪਰ ਪਿੱਛੇ ਕਿਸੇ ਨੇ ਵੀ ਐਡੇ ਮਹੱਤਵਪੂਰਨ ਵਿਸ਼ੇ ਨੂੰ ਖੋਜਣ ਦੀ ਕੋਸ਼ਿਸ਼ ਨਹੀਂ ਕੀਤੀ, ਅਸੀਂ ਵਧੇਰੇ ਉਲਝਣ ਵਾਲੇ, ਵਧੇਰੇ ਔਖੇ ਵਿਸ਼ਿਆਂ ਵਿਚ ਹੀ ਰੁਝੇ ਰਹੇ ਹਾਂ। ਹੁਣ ਅਜੇ ਬਹੁਤ ਥੋੜ੍ਹੀ ਦੇਰ ਤੋਂ ਹੀ ਪੱਛਮੀ ਮਨੁੱਖ ਨੂੰ ਸ੍ਵਾਸਾਂ ਉਤੇ ਵਿਚਾਰ ਕਰਨ ਦੀ ਗੱਲ ਸੁਝੀ ਹੈ, ਇਸ ਬਾਰੇ ਚੰਗੀ ਤਰ੍ਹਾਂ ਜਾਨਣਾ ਚਾਹੁੰਦੇ ਹਨ। ਬਹੁਤ ਸਾਰੇ ਪ੍ਰਸ਼ਨ ਉਨ੍ਹਾਂ ਦੇ ਮਨ ਵਿਚ ਉਠੇ ਹਨ ਤੇ ਖੋਜ ਸ਼ੁਰੂ ਹੋਈ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਖੋਜ ਦੇ ਨਤੀਜੇ ਬਹੁਤ ਹੀ ਲਾਭਕਾਰੀ ਹੋਣਗੇ। ਬਹੁਤ ਸਾਰੇ ਰੋਗਾਂ ਦੇ ਸਮਝਣ ਵਿਚ ਉਨ੍ਹਾਂ ਦੀ ਚਿਕਿਤਸਾ ਵਿਚ ਸਹਾਇਕ ਹੋਣਗੇ।

**'ਚਲਦਾ'**

**L L L L L L**


## FOR ATAM MARG MAGAZINE & BOOKS, PLEASE CONTACT : -

1. **ARJAN SINGH**
   1, JUBILEE GARDENS,
   SOUTHALL MIDDX LONDON
   UBI-21J, U.K. PH. 01-578-6564
2. **AVINDER SINGH TAKHAR,**
   118 UXBRIDGE ROAD,
   SOUTHALL MIDDX,
   UBI-3DW LONDON U.K
   PH : OFF. O171-581-3109,
   RESI : 0181-571-114
3. **SUKHDEV KAUR CHEEMA**
   70, THE JETTY,
   LOWER SHELTON
   MARSTON MORATAINA
   MK 43-OLW, U.K.
   PH : 01234-76-7602
4. **SUKHJINER SINGH KHERA**
   KTC LTD., BEACON WORKS,
   FRIAR PARD ROAD
   WENESBURY,
   WEST MIDLANDS WSIO-OJU,
   ENGLAND
   Fax : 0171-581-3109
   Off : 0171-584-7654
5. **SWARAN SINGH,**
   423 CORINTHIA DR.,
   MILPITAS, CA-95035-3617 USA
   PH : 708-682-8939, 708-934-6174
6. **SATNAM SINGH ATWAL**
   2755 GUILDHALL DR.
   CA-95132, SANJOSE, USA
   PH : 408-263-1844
7. **MANJIT SINGH GILL**
   178, HILLANDALE DR.,
   GLOOMINGDALE,
   ILL-60108 USA
   PH : 708-893-5156,
   708-893-5835
8. **MOHINDER SINGH GILL**
   GILL. PETROLEUM INC.
   837E GLENWOOD AVE.
   TURLOCK CA - 95380 USA
   FAX.209-66822, 01-800-542-7100,
   209-667-5536, 209-632-0512
9. **SARMUKH SINGH PANNU**
   5633, RHODER ST.
   VANCOUVER B.C.
   V5R-3P2 CANADA
   PH : 604-433-0408
10. **TARSEM SINGH BAINS,**
    15465 KILMORE PLACE,
    SURREY B.C.
    V3S-6N3 CANADA
    PH : 604-576-211
11. **JASBIR SINGH RANU**
    10135-143 ST.,
    SURREY B.C. V3T-UT2
    CANADA
    PH : 604-589-9189
12. **SWARAN SINGH VIRDI**
    103101 98TH AVE.,
    SURREY B.C.V3T-1B8
    CANADA
    PH : 708-202-1545
13. **JEEWAN SINGH**
    4, NORBROKE CRT.
    MILL PARK-3082
    MELBOURNE, AUSTRALIA
    03-436-6898, 03-436-5865
14. **BALWINDER SINGH CHAHAL**
    11/101 EVALINI SR.,
    CAMPSIE NSW-2194
    AUSTRARALIA
    PH : 00612-96228188
15. **JAGIR SINGH**
    SOPHIA STREET-70,
    ROTTERDAM,
    HOLLAND NETHERLAND,
    010-2124-608
16. **SITAL SINGH**
    GREECE
    01-41-31-983 ; 01-41-31-993




Sri Satguru Jagjit Singh Ji eLibrary NamdhariElibrary@gmail.com

# ਕਰਿ ਚਾਨਣੁ ਸਾਹਿਬ ਤਉ ਮਿਲੈ

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ*

**ਅਨੁਵਾਦਕ ਦੇ ਭਾਵ - ਨੋਟ : ਇਹ ਦੀਵਾਨ ਮਹਾਂਪੁਰਸ਼ਾਂ ਨੇ 16.12.84 ਨੂੰ ਮੋਹਾਲੀ ਵਿਖੇ ਲਗਾਇਆ ਸੀ। ਸੰਸਾਰ ਦੇ ਭੁੱਲੇ ਭਟਕੇ ਜੀਵਾਂ ਨੂੰ ਤਾਰਨ ਵਾਸਤੇ ਵਾਹਿਗੁਰੂ ਜੀ ਮਹਾਂਪੁਰਸ਼ਾਂ ਨੂੰ ਇਸ ਧਰਤੀ ਤੇ ਭੇਜਦੇ ਨੇ -**

***ਜੀਵ ਬੰਨ੍ਹੇ ਕਰਮਾਂ ਦੇ ਜਗ ਆਉਂਦੇ ਨੇ***
***ਸਾਧੂ ਭੇਜੇ ਆਪ ਰੱਬ ਨੇ।***

ਸ਼ਾਨ .........................................................।

ਸਤਿਨਾਮ ਸ੍ਰੀ ਵਾਹਿਗੁਰੂ,

ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਜੇ ਹਉ ਭੂਲ ਵਿਗਾੜਿਆ ਨਾ ਕਰ ਮੈਲਾ ਚਿਤ॥***
***ਸਾਹਿਬ ਗੌਰਾ ਲੋੜੀਐ ਨਫਰ ਵਿਗਾੜੇ ਨਿਤ॥***
***ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥***
***ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥***
***ਪੰਨਾ - 1095***

***ਧਾਰਨਾ - ਮੇਰਾ ਮਨ ਤਪਤੇ ਜੀ, ਹਰੀ ਦੇ ਦਰਸ਼ਨ ਨੂੰ -2, 2.***

***ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੈ***
***ਜਿਉ ਤ੍ਰਿਖਾਵੰਤੁ ਬਿਨੁ ਨੀਰ॥ ਪੰਨਾ - 861***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ- 708***

***ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੈ***
***ਜਿਉ ਤ੍ਰਿਖਾਵੰਤੁ ਬਿਨੁ ਨੀਰ॥***
***ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥***
***ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥***
***ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥***
***ਪੰਨਾ - 861***

***ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥***
***ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥***
***ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥***
***ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ॥***
***ਪੰਨਾ - 449***

***ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥***
***ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥***
***ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ॥***
***ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ॥***

***ਧਾਰਨਾ - ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ -2, 2.***
***ਤਿਨ ਹੀ ਪ੍ਰਭ ਪਾਇਓ -2, 2.***
***ਜਿਨ ਪ੍ਰੇਮ ਕੀਓ,...............-2.***

ਸਾਧਸੰਗਤ ਜੀ! ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ। ਜੇਕਰ ਅਕਾਲਪੁਰਖ ਦੀ ਕ੍ਰਿਪਾ ਹੋਵੇ ਤਾਂ ਹੀ ਬੰਦਾ ਸਤਿਸੰਗ ਵਿਚ ਆ ਸਕਦਾ ਹੈ, ਨਹੀਂ ਤਾਂ ਹਜ਼ਾਰਾਂ ਵਿਘਨ ਉਸ ਦਾ ਰਸਤਾ ਰੋਕ ਲਿਆ ਕਰਦੇ ਹਨ। ਜਦੋਂ ਤੋਂ ਸਤਿਸੰਗ ਸ਼ੁਰੂ ਕੀਤੇ ਹਨ - ਕਈ ਪੱਖਾਂ ਤੋਂ ਕੇਵਲ ਇਕੋ ਹੀ ਵਿਚਾਰ ਚਲ ਰਹੀ ਹੈ ਕਿ ਵਾਹਿਗੁਰੂ ਜੀ ਮਿਲ ਸਕਦੇ ਹਨ ਜਾਂ ਨਹੀਂ। ਉਨ੍ਹਾਂ ਨੂੰ ਮਿਲਣ ਦੇ ਅਨੇਕਾਂ ਸਾਧਨ ਵੱਡੇ-ਵੱਡੇ ਆਚਾਰੀਆ, ਅਨੁਭਵੀ ਮਹਾਂਪੁਰਸ਼ਾਂ ਨੇ ਆਪਣੇ ਆਪਣੇ ਅਨੁਭਵ ਦੇ ਮੁਤਾਬਿਕ ਵਰਨਣ ਕੀਤੇ ਹਨ।

ਗੁਰੂ ਨਾਨਕ ਪਾਤਸ਼ਾਹ ਦਸਵੇਂ ਸਰੂਪ ਦੇ ਅੰਦਰ, ਸਾਰੇ ਸੰਸਾਰ ਨੂੰ ਸੁਣਾਉਂਦੇ ਹੋਏ ਜੋ ਫੈਸਲਾ ਦਿੰਦੇ ਹਨ ਉਹ ਇਹ ਹੈ ਕਿ ਜੇ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਆਪਣੇ ਅੰਦਰ ਪਿਆਰ ਪੈਦਾ ਕਰ ਕਿਉਂਕਿ ਵਾਹਿਗੁਰੂ ਦਾ ਸਰੂਪ ਵੀ ਪਿਆਰ ਹੈ, ਕੇਵਲ ਪਿਆਰ ਹੀ ਪਿਆਰ ਨੂੰ ਮਿਲ ਸਕਦਾ ਹੈ। ਜੇ ਹਲਦੀ ਦਾ ਰੰਗ ਚਾਹੀਦਾ ਹੈ ਤਾਂ ਹਲਦੀ ਨਾਲ ਹਲਦੀ ਹੀ ਮਿਲਾਉਣੀ ਪਵੇਗੀ। ਜੇਕਰ ਲਾਲ ਰੰਗ ਚਾਹੀਦਾ ਹੈ ਤਾਂ ਠੀਕ ਉਸੇ ਤਰ੍ਹਾਂ ਲਾਲ ਰੰਗ ਚਾਹੀਦਾ ਹੈ, ਜੇ ਪਿਆਰ ਨੇ ਪਿਆਰ ਨੂੰ ਮਿਲਣਾ ਹੈ ਤਾਂ ਹਿਰਦੇ ਵਿਚ ਪਿਆਰ ਪੈਦਾ ਕਰ, ਪਰ ਮੁਸ਼ਕਿਲ ਇਹ ਹੈ ਕਿ ਪ੍ਰਮੇਸ਼ਰ ਦਾ ਪਿਆਰ ਪੈਦਾ ਨਹੀਂ ਹੁੰਦਾ ਕਿਉਂਕਿ ਉਸ ਦਾ ਰੂਪ ਰੰਗ, ਰੇਖ ਭੇਖ, ਚੱਕਰ ਚਿਹਨ ਕੋਈ ਨਹੀਂ ਹੈ।

***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾਕੋ ਕਹਾ ਕੈ ਕਹਾਵੈ॥***
***ਕਹਾ ਮੈ ਬਖਾਨੋ ਕਹੇ ਮੋ ਨ ਆਵੈ॥ ਅਕਾਲ ਉਸਤਤਿ***

ਜੇ ਕੋਈ ਆਦਮੀ ਕਹੇ ਕਿ ਮੈਂ ਬਹੁਤ ਬੈਰਾਗ ਕਰਦਾ ਹਾਂ, ਮੈਂ ਬਹੁਤ ਰੋਂਦਾ ਹਾਂ; ਬੈਰਾਗ ਕਿਸ ਗੱਲ ਦਾ ਕਰਦਾ ਹੈਂ? ਜਿੰਨੀ ਦੇਰ ਤਕ ਬੁੱਝਿਆ ਨਹੀਂ ਜਾਂਦਾ ਓਦੋਂ ਤਕ ਬੈਰਾਗ ਵੀ ਇਕ ਕਿਸਮ ਦਾ ਹਨ੍ਹੇਰਾ ਹੀ ਹੋਇਆ ਕਰਦਾ ਹੈ, ਕਿਉਂਕਿ ਆਦਮੀ ਨੂੰ ਇਤਨੇ ਕਿਸਮ ਦੀਆਂ ਤਕਲੀਫਾਂ ਹੁੰਦੀਆਂ ਹਨ ਕਿ ਬੰਦਾ ਘਬਰਾ ਜਾਂਦਾ ਹੈ, ਉਹ ਘਬਰਾਹਟ ਥੋੜ੍ਹੀ ਦੇਰ ਵਾਸਤੇ ਹਿਲਜੁਲ ਪੈਦਾ ਕਰ ਦਿੰਦੀ ਹੈ। ਬੰਦੇ ਨੂੰ ਕੋਈ ਨਾ ਕੋਈ ਥੁੜ ਹੁੰਦੀ ਹੈ, ਕੋਈ ਮੁਕੱਦਮਾ ਗਲ ਪੈ ਗਿਆ, ਘਰ ਵਿਚ ਕਲੇਸ਼ ਰਹਿਣ ਲਗ ਪਿਆ, ਕੋਈ ਅਸਮਾਨੀ ਮੁਸੀਬਤ


Sri Satguru Jagjit Singh Ji eLibrary NamdhariElibrary@gmail.com

ਪੈ ਗਈ, ਉਸ ਵੇਲੇ ਬੰਦਾ ਰੋ ਰੋ ਕੇ ਵਾਹਿਗੁਰੂ ਜੀ ਪਾਸ ਬੇਨਤੀਆਂ ਕਰਦਾ ਹੈ ਇਹ ਵਕਤੀ ਬੈਰਾਗ ਹੁੰਦਾ ਹੈ। ਬੈਰਾਗ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਜਾਂਦਾ ਹੈ।

1. ਮੰਦ ਬੈਰਾਗ, 2. ਤੀਬਰ ਬੈਰਾਗ 3. ਤੀਬਰ ਤਰ ਤਮ ਬੈਰਾਗ

ਮੰਦ ਬੈਰਾਗ ਹੈ - ਘਰ ਵਿਚ ਕੋਈ ਖਰਾਬੀ ਹੋ ਗਈ, ਕੋਈ ਚੜ੍ਹਾਈ ਕਰ ਗਿਆ ਤਾਂ ਬੈਰਾਗ ਹੋ ਗਿਆ, ਜਦੋਂ ਹਾਲਾਤ ਠੀਕ ਹੋ ਗਏ, ਬੈਰਾਗ ਵੀ ਹਟ ਗਿਆ, ਮੁੜ ਕੇ ਫੇਰ ਪਹਿਲਾਂ ਦੀ ਤਰ੍ਹਾਂ ਉਨ੍ਹਾਂ ਪਹਿਲਿਆਂ ਕੰਮਾਂ ਵਿਚ ਹੀ ਪ੍ਰਵਿਰਤ ਹੋ ਗਿਆ।

ਥੋੜ੍ਹਾ ਸਤਿਸੰਗ ਸੁਣਿਆ, ਮਨ ਵਿਚ ਨਿਸ਼ਚਾ ਹੋ ਗਿਆ, ਸੰਸਾਰ ਦੀ ਹਾਲਤ ਦੇਖ ਕੇ ਵਿਚਾਰ ਆਈ ਕਿ ਇਥੇ ਤਾਂ ਕੋਈ ਚੀਜ਼ ਥਿਰ ਨਹੀਂ - ਸਮੇਤ ਸਰੀਰ ਦੇ, ਪਤਾ ਨਹੀਂ ਕਿਸ ਵੇਲੇ ਮਾਇਆ ਹੱਥੋਂ ਚਲੀ ਜਾਵੇ, ਕਿਸ ਵੇਲੇ ਸਰੀਰ ਛੱਡਿਆ ਜਾਵੇ; ਕਾਲ ਬਾਰੇ ਸਮਝ ਆ ਗਈ -

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥***
***ਪੰਨਾ - 631***

ਗੁਰੂ ਨੌਵੇਂ ਪਾਤਸ਼ਾਹ ਮਨ ਨੂੰ ਸੰਬੋਧਨ ਕਰਦੇ ਹੋਏ ਸਾਨੂੰ ਉਪਦੇਸ਼ ਕਰਦੇ ਹਨ -

***ਰੇ ਮਨ ਰਾਮ ਸਿਉ ਕਰ ਪ੍ਰੀਤਿ॥***
***ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥***
***ਪੰਨਾ - 631***

ਪ੍ਰਮੇਸ਼ਰ ਨਾਲ ਪਿਆਰ ਪੈਦਾ ਕਰ, ਕੰਨਾਂ ਦੇ ਨਾਲ ਪੂਰੇ ਧਿਆਨ ਨਾਲ attentive ਹੋ ਕੇ ਵਾਹਿਗੁਰੂ ਦੇ ਗੁਣ ਸੁਣ-

***..........ਅਰ ਗਾਉ ਰਸਨਾ ਗੀਤ।***

ਰਸਨਾ ਦੇ ਨਾਲ ਗਾ।

***ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥***
***ਪੰਨਾ - 631***

ਸੰਤਾਂ ਦੀ ਸੰਗਤ ਕਰ, ਪ੍ਰਮੇਸ਼ਰ ਨੂੰ ਯਾਦ ਕਰ - ਫਿਰ ਨਤੀਜਾ ਕੀ ਹੋਵੇਗਾ ਕਿ ਤੇਰੇ ਸਾਰੇ ਪਾਪ ਨਾਸ਼ ਹੋ ਜਾਣਗੇ ਤੇ ਤੂੰ ਪਵਿੱਤਰ ਬਣ ਜਾਵੇਂਗਾ। ਮੇਰੇ ਪਾਸ ਬਹੁਤ ਪ੍ਰੇਮੀ ਆਉਂਦੇ ਹਨ ਜੋ ਕਹਿੰਦੇ ਹਨ ਕਿ ਮੇਰਾ ਲੜਕਾ ਮੰਗਿਆ ਜਾਵੇ, ਵਿਆਹਿਆ ਜਾਵੇ, ਬਸ ਫੇਰ ਮੈਂ ਵਿਹਲਾ ਹੋ ਜਾਵਾਂਗਾ, ਇਹੋ ਬੋਝ ਮੇਰੇ ਮਨ ਤੇ ਹੈ। ਲੜਕਾ ਵਿਆਹਿਆ ਗਿਆ, ਐਨੇ ਨੂੰ ਚਿੱਠੀ ਆ ਗਈ ਕਿ ਫਲਾਨਾ ਰਿਸ਼ਤੇਦਾਰ ਚੜ੍ਹਾਈ ਕਰ ਗਿਆ, ਬਸ ਫੇਰ ਉਦਾਸ ਹੋ ਗਿਆ। ਕਹਿਣ ਲੱਗਾ, ਇਹ ਬੰਦਾ ਤਾਂ ਮੇਰੇ ਬਹੁਤ ਨੇੜੇ ਸੀ, ਮੈਂ ਉਧਰ ਜ਼ਰੂਰ ਜਾਣਾ ਹੈ। ਮੈਂ ਉਸ ਨੂੰ ਸੰਭਾਲਣਾ ਹੈ - ਬਸ ਇਸ ਤਰ੍ਹਾਂ ਕਰਦਿਆਂ ਫਿਰ ਵਕਤ ਲੰਘ ਗਿਆ। ਜੇ ਬੱਚੇ ਦਾ ਵਿਆਹ ਨਹੀਂ ਹੋਇਆ ਫੇਰ ਫਿਕਰ ਪੈ ਗਿਆ। ਮਹਾਰਾਜ ਫੁਰਮਾਉਂਦੇ ਹਨ - ਤੂੰ ਕਿਉਂ ਰੋਂਦਾ ਹੈਂ? ਤੈਨੂੰ ਤਾਂ -

***ਇਕ ਰਤੀ ਬਿਲਮ ਨਾ ਦੇਵਨੀ ਵਣਜਾਰਿਆ ਮਿਤ੍ਰਾ***
***ਓਨੀ ਤਕੜੇ ਪਾਏ ਹਾਥ॥ ਪੰਨਾ - 78***

ਚਿੱਠੀ ਫਾੜਨੀ ਸਾਡੇ ਹੱਥ ਵਿਚ ਨਹੀਂ ਹੈ। ਉਮਰ ਦੀ ਡੋਰ ਕੱਟਣੀ ਉਸ ਵਾਹਿਗੁਰੂ ਜੀ ਦੇ ਹੱਥ ਹੈ। ਜਿਸ ਦੀ ਡੋਰ ਕੱਟੀ ਗਈ ਉਹ ਰਹਿ ਨਹੀਂ ਸਕਦਾ ਭਾਵੇਂ ਲੱਖਾਂ ਉਪਾਵ ਕਰ ਲਵੇ। ਜਿਸ ਨੂੰ ਦਰਗਾਹ ਵਿਚੋਂ ਸੱਦਾ ਨਹੀਂ ਆਇਆ ਉਸ ਨੂੰ ਮਾਰਨ ਵਾਲੇ ਭਾਵੇਂ ਲੱਖਾਂ ਯਤਨ ਕਰ ਲੈਣ ਉਸ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ, ਕਿਉਂਕਿ ਦਰਗਾਹ ਵਾਲਾ ਕਾਲ ਰਾਖੀ ਕਰ ਰਿਹਾ ਹੈ। ਜੇਕਰ ਤਿੰਨ ਚੀਜ਼ਾਂ ਇਕੱਠੀਆਂ ਹੋ ਜਾਣ ਤਾਂ ਕਾਲ ਆਇਆ ਕਰਦਾ ਹੈ -

1. ਉਹ ਸਮਾਂ ਆ ਜਾਵੇ, ਜਿਸ ਤੋਂ ਇਕ ਸਕਿੰਟ ਵੀ ਅੱਗੇ ਨਹੀਂ ਲੰਘਣਾ।

2. ਉਹ ਜਗ੍ਹਾ ਆ ਜਾਵੇ ਜਿਥੇ ਸਰੀਰ ਦਾ ਭਾਂਡਾ ਫੁਟਣਾ ਹੈ।

3. ਉਹ ਕਾਰਨ ਬਣ ਜਾਵੇ, ਜਿਸ ਕਰਕੇ ਸਰੀਰ ਨੇ ਜਾਣਾ ਹੈ।

ਇਹ ਤਿੰਨ ਚੀਜ਼ਾਂ ਨੂੰ ਕੋਈ ਜਾਣਦਾ ਨਹੀਂ ਕਿ ਕਿਥੇ, ਕਿਉਂ ਤੇ ਕਦੋਂ ਕਾਲ ਦੇ ਗੁਲੇਲੇ ਨੇ ਵਾਰ ਕਰ ਦੇਣਾ ਹੈ। ***'ਕਾਲ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥' (ਪੰਨਾ - 631)*** ਉਹ ਤਾਂ ਮੂੰਹ ਅੱਡੀ ਫਿਰਦਾ ਹੈ।

***ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,***
***ਚੋਗਾ ਚੁਗਦੇ ਦੇ -2, 2***
***ਮੇਰੇ ਪਿਆਰੇ, ਚੋਗਾ ਚੁਗਦੇ ਦੇ - 2, 2.***
***ਤੇਰੇ ਕਾਲ ਨੇ ਗੁਲੇਲਾ ਮਾਰਨੈ,..........-2.***

ਤੈਨੂੰ ਚੌਰਾਸੀ ਲੱਖ ਜੂਨੀਆਂ ਘੁੰਮਣ ਤੋਂ ਬਾਅਦ ਇਹ ਮਾਨਸ ਜਨਮ ਮਿਲਿਆ ਹੈ, ਪਤਾ ਨਹੀਂ ਵੀਹ ਕ੍ਰੋੜ ਸਾਲ ਲੱਗੇ ਹਨ ਜਾਂ ਅਰਬ ਸਾਲ ਲੱਗੇ ਹਨ, ਐਸੀਆਂ ਜੂਨੀਆਂ ਹਨ - ਚਾਰ ਲੱਖ ਤਾਂ ਪੱਥਰ ਦੀਆਂ ਜੂਨੀਆਂ ਹਨ। ਮੌਲਾਨਾ ਰੂਮੀ ਲਿਖਦਾ ਹੈ ਕਿ ਜਦੋਂ ਮੈਨੂੰ ਯਾਦ ਆਉਂਦਾ ਹੈ ਕਿ ਚਾਰ ਲੱਖ ਵਾਰੀ ਤਾਂ ਪੱਥਰਾਂ ਵਿਚ ਘੂਕ ਸੁੱਤਾ ਰਿਹਾ, ਜਦੋਂ 25% ਜਾਗ ਆਈ ਤਾਂ ਪੱਤੇ ਪੇੜ ਪੌਂਦਿਆਂ ਵਿਚ ਘੁੰਮਦਾ ਰਿਹਾ, ਜਦੋਂ 25% ਤੋਂ 50% ਤਕ ਜਾਗ ਆਈ ਤਾਂ ਉਡਣ ਵਾਲਾ ਪੰਛੀ ਬਣਿਆ - ਚਾਰ ਪੈਰਾਂ ਵਾਲਾ ਜਾਨਵਰ ਬਣਿਆ - ਢਿੱਡ ਦੇ ਭਾਰ ਟੁਰਨ ਵਾਲਾ ਰੀਂਗਣ ਵਾਲਾ ਜਾਨਵਰ ਬਣਿਆ - ਪਾਣੀ ਵਿਚ ਰਹਿਣ ਵਾਲਾ ਜਾਨਵਰ ਬਣਿਆ, ਫਿਰ ਬੜੀ ਮੁਸ਼ਕਲ ਨਾਲ ਮਨੁੱਖ ਦਾ ਜਾਮਾ ਮਿਲਿਆ ਤਾਂ 75% ਜਾਗ ਆਈ ਪਰ ਅਜੇ ਵੀ 25% ਸੁੱਤਾ ਪਿਆ ਹਾਂ ਕਿਉਂਕਿ ਇਸ ਸੁੱਤੇਪਨ ਵਿਚ ਆਪਣੇ ਅਸਲੀ ਸਰੂਪ ਦਾ ਗਿਆਨ ਨਹੀਂ ਹੋ ਰਿਹਾ। ਅਸਲੀ ਚੀਜ਼ ਪਤਾ ਨਹੀਂ ਲਗ ਰਹੀ, ਸੁਪਨੇ ਦੇ ਵਿਚ ਦਿਨ ਕੱਟ ਰਹੇ ਨੇ। ਦੋ ਕਿਸਮ ਦੇ ਸੁਪਨੇ ਹਨ, ਇਕ ਉਹ ਸੁਪਨਾ ਹੈ ਜਦੋਂ ਸੂਖਸ਼ਮ ਮਨ ਦੇ ਨਾਲ ਬਿਰਤੀ ਜੁੜੀ ਹੁੰਦੀ ਹੈ, ਉਸ ਵੇਲੇ ਉਹ ਸੁਪਨਾ ਆ ਰਿਹਾ ਹੁੰਦਾ ਹੈ ਜੋ ਰੈਣ ਦਾ ਹੁੰਦਾ ਹੈ, ਮਹਾਰਾਜ ਦਾ ਫੁਰਮਾਨ ਹੈ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥ ਪੰਨਾ - 808***

ਪ੍ਰਾਣੀ ਤੂੰ ਕਿਉਂ ਭੁੱਲਿਆ ਹੋਇਆ ਹੈਂ? ਜਿਸ ਤਰ੍ਹਾਂ ਇਕ ਰਾਤ ਦਾ ਸੁਪਨਾ ਹੁੰਦਾ ਹੈ, ਉਸੇ ਤਰ੍ਹਾਂ ਇਹ ਸੰਸਾਰ ਦਾ ਸੁਪਨਾ ਹੈ। ਜਿੰਨੇ ਵੱਡੇ ਵੱਡੇ ਸੰਸਾਰ ਤੇ ਆਏ ਸੀ - ਸਭ

'ਆਤਮ ਮਾਰਗ', ਅਕਤੂਬਰ, 1999



Sri Satguru Jagjit Singh Ji eLibrary NamdhariElibrary@gmail.com

ਛੱਡ ਕੇ ਚਲੇ ਗਏ। ਤੂੰ ਵੀ ਇਕ ਲੰਮੇ ਸੁਪਨੇ ਵਿਚ ਹੀ ਪਿਆ ਹੋਇਆ ਹੈਂ, ਤੂੰ ਹੋਰ ਜਾਗ। ਤਾਂ ਆਦਮੀ ਕਹਿੰਦਾ ਹੈ ਕਿ ਮੈਂ ਤਾਂ ਜਾਗਿਆ ਹੋਇਆ ਹਾਂ, ਮੈਂ ਡਾਕਟਰ ਹਾਂ, ਮੈਂ ਪੀ-ਐਚ.ਡੀ ਹਾਂ, ਮੈਂ ਸਾਇੰਸਦਾਨ ਹਾਂ, ਹੁਣ ਮੈਂ ਐਟਮ ਬੰਬ ਵੀ ਬਣਾ ਲਿਆ ਹੈ, ਹਾਈਡਰੋਜਨ ਬੰਬ ਵੀ ਬਣਾ ਲਿਆ, ਮੈਂ ਗਾਮਾ ਰੇਜ਼ ਬੰਬ ਵੀ ਬਣਾ ਲਿਆ। ਕੀ ਮੈਂ ਅਜੇ ਵੀ ਸੁੱਤਾ ਹਾਂ? ਹਾਂ ਭਾਈ! ਤੂੰ ਅਜੇ ਵੀ ਸੁੱਤਾ ਹੈਂ, ਰਾਤ ਦੀ ਨੀਂਦ ਛੋਟੀ ਹੈ - ਸੁਪਨੇ ਦੀ ਨੀਂਦ ਜ਼ਰਾ ਜ਼ਿਆਦਾ ਲੰਬੀ ਹੈ -

***ਜਗਿ ਜੀਵਨੁ ਐਸਾ ਸੁਪਨੇ ਜੈਸਾ॥ ਪੰਨਾ - 482***

ਜਾਗਣ ਵਾਸਤੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਾਗੁ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥ ਪੰਨਾ - 726***

ਜੇਕਰ ਅਸੀਂ ਜਾਗ ਰਹੇ ਹੁੰਦੇ ਤਾਂ ਸਾਨੂੰ ਜਾਗਣ ਦਾ ਹੋਕਾ ਨਾ ਦਿੰਦੇ। ਅਸੀਂ ਸੁੱਤੇ ਪਏ ਹਾਂ, ਸਾਡੇ ਅੰਦਰ ਤਿੰਨ ਕਿਸਮ ਦੀ ਨੀਂਦ ਚਲ ਰਹੀ ਹੈ - ਰਜੋ ਗੁਣ, ਸਤੋ ਗੁਣ ਤੇ ਤਮੋ ਗੁਣ ਦਾ ਨਸ਼ਾ ਚਲ ਰਿਹਾ ਹੈ - ਅੰਦਰ ਕੋਈ ਐਸੀ ਕਿਰਿਆ ਚਲ ਰਹੀ ਹੈ ਜੋ ਆਦਮੀ ਨੂੰ ਸੁਲਾ ਰਹੀ ਹੈ, ਇਸ ਨੂੰ ਜਾਗ ਨਹੀਂ ਆ ਰਹੀ, ਮਹਾਰਾਜ ਕਹਿੰਦੇ ਹਨ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥ ਪੰਨਾ - 920***

ਇਨ੍ਹਾਂ ਤਿੰਨਾਂ ਗੁਣਾਂ ਵਿਚ ਸਾਰਾ ਸੰਸਾਰ ਸੌਂ ਗਿਆ ਤੇ ਸੁੱਤੇ ਦੀ ਸਾਰੀ ਉਮਰ ਲੰਘ ਗਈ ਪਰ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੋਈ ਜਾਗਦਾ ਵੀ ਹੈ? ਕਹਿੰਦੇ ਹਾਂ, ਜਦੋਂ ਗੁਰੂ ਦੀ ਕ੍ਰਿਪਾ ਹੋ ਜਾਵੇ ਜਦੋਂ ਆਪਣੇ ਸਰੂਪ ਦੀ ਸੋਝੀ ਹੋ ਜਾਵੇ, ਸਰੂਪ ਦੇ ਵਿਚ ਨਿਵਾਸ ਹੋ ਜਾਵੇ - ਆਪਣੇ ਨਿਜ ਘਰ ਦੇ ਵਿਚ, ਸੋ ਦਰ ਦਾ ਪਤਾ ਲਗ ਜਾਵੇ, ਥਿਰ ਘਰ ਦੇ ਵਿਚ ਜਾ ਕੇ ਇਸ ਦਾ ਨਿਵਾਸ ਹੋ ਜਾਵੇ ਫੇਰ ਇਹ ਜਾਗ ਪਵੇਗਾ। ਜਦੋਂ ਜਾਗ ਗਿਆ ਫਿਰ ਇਸ ਨੂੰ ਨੀਂਦ ਨਹੀਂ ਆਉਂਦੀ, ਏਸੇ ਕਰਕੇ ਮਹਾਰਾਜ ਕਹਿੰਦੇ ਹਨ ਕਿ ਤੇਰੀ ਮਿਲਣ ਦੀ ਵਾਰੀ ਹੈ, ਤੂੰ ਸਿਮਰ, ਯਾਦ ਕਰ, ਪ੍ਰਮੇਸ਼ਰ ਦਾ ਨਾਮ ਜਪ। ਜੇ ਮਿਲਣ ਦੀ ਵਾਰੀ ਹੈ ਤਾਂ ਮਿਲਣ ਦਾ ਕੋਈ ਸਾਧਨ ਹੋਣਾ ਚਾਹੀਦਾ ਹੈ, ਨੀਂਦ ਵਿਚੋਂ ਜਾਗਣ ਦਾ ਕੋਈ ਤਰੀਕਾ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਹਨ, ਉਹ ਸਾਧਨ ਹੈ ਤੇਰਾ ਪਿਆਰ, ਜਿਸਨੂੰ ਭਗਤੀ ਆਖਦੇ ਹਨ, ਭਗਤੀ ਦੇ ਬਗੈਰ ਜੇ ਗਿਆਨ ਹੈ - ਸਾਧ ਸੰਗਤ ਜੀ! ਤਿੰਨ ਚੀਜ਼ਾਂ ਹਨ - ਕਰਮ, ਉਪਾਸਨਾ, ਗਿਆਨ-ਵਿਗਿਆਨ। ਕਰਮ ਹੁੰਦਾ ਹੈ, ਅੰਤਸ਼ਕਰਣ ਦੀ ਮੈਲ ਉਤਾਰਨ ਵਾਸਤੇ। ਪਰ ਉਹ ਹੋਵੇ ਨਿਸ਼ਕਾਮ ਕਰਮ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ ਪੰਨਾ - 651***

ਸਾਡਾ ਮਨ ਇਤਨਾ ਮੈਲਾ ਹੋ ਚੁੱਕਾ ਹੈ ਜਿਵੇਂ ਕੋਹਲੂ ਦੀ ਲੀਰ ਹੁੰਦੀ ਹੈ ਉਸ ਲੀਰ ਨੂੰ ਭਾਵੇਂ ਕਿਤਨੀ ਵਾਰੀ ਧੋ ਲਓ, ਉਸ ਦੀ ਚਿਕਨਾਈ ਨਹੀਂ ਉਤਰਦੀ। ਇਸੇ ਤਰ੍ਹਾਂ ਸਾਡੀ ਮੱਤ ਮੈਲੀ ਹੋਈ ਪਈ ਹੈ ਪਰ ਇਸ ਦਾ ਇਲਾਜ ਵੀ ਹੈ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥ ਪੰਨਾ - 4***

ਕਰਮ ਵੀ ਦੋ ਕਿਸਮ ਦੇ ਹੁੰਦੇ ਹਨ ਇਕ ਸ਼ੁਭ ਤੇ ਦੂਜੇ ਅਸ਼ੁਭ ਕਰਮ। ਮਾੜੇ ਕਰਮ ਆਦਮੀ ਨੂੰ ਨਰਕਾਂ ਵਿਚ ਲੈ ਜਾਂਦੇ ਹਨ, ਜਿਸ ਤਰ੍ਹਾਂ ਕਿ ਨਿੰਦਿਆ ਕਰਨੀ, ਈਰਖਾ ਕਰਨੀ, ਚੁਗਲੀ ਕਰਨੀ, ਝੂਠ ਬੋਲਣਾ, ਦੂਜੇ ਨਾਲ ਛਲ ਕਪਟ ਕਰਨਾ, ਹਿੰਸਾ ਕਰਨੀ, ਕਿਸੇ ਨੂੰ ਸਰੀਰਕ ਤੌਰ ਤੇ ਦੁਖ ਦੇਣਾ, ਇਹ ਹਿੰਸਾ ਚਾਹੇ ਮਨ ਦੀ ਹੈ, ਸਰੀਰ ਦੀ ਹੈ ਜਾਂ ਵਾਕ ਦੀ ਹੈ, ਸਭ ਹਿੰਸਾ ਹੀ ਹੈ, ਇਹ ਸਭ ਮੈਲੇ ਕਰਮ ਹਨ। ਮੈਲੇ ਕਰਮਾਂ ਨਾਲ ਆਦਮੀ ਦਾ ਮਨ ਮੈਲਾ ਹੋ ਜਾਂਦਾ ਹੈ, ਜਦੋਂ ਮਨ ਮੈਲਾ ਹੋ ਗਿਆ, ਭਾਵੇਂ ਅਠਾਹਠ ਤੀਰਥਾਂ ਤੇ ਇਸ਼ਨਾਨ ਕਰ ਆਵੇ, ਜੋ ਕਰਨਾ ਹੈ ਕਰ ਲਵੇ, ਜਦੋਂ ਤਕ ਮਨ ਨਿਰਮਲ ਨਹੀਂ ਹੁੰਦਾ, ਕੋਈ ਲਾਭ ਨਹੀਂ -

***ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ ਪੰਨਾ - 558***

ਭਾਵੇਂ ਤਨ ਕਿਤਨਾ ਵੀ ਸਾਫ ਕਰ ਲੈ, ਵਧੀਆ ਤੋਂ ਵਧੀਆ ਸਾਬਣ ਵਰਤ ਲੈ, ਜਦੋਂ ਤਕ ਤੇਰਾ ਮਨ ਮੈਲਾ ਹੈ, ਤਨ ਧਿਰਕਾਰਿਆ ਹੋਇਆ ਹੈ, ਜਿਵੇਂ ਕ੍ਰੋਧ ਬਾਰੇ ਹੀ ਵੀਚਾਰੋ।

***ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥ ਪੰਨਾ - 40***

ਬਾਹਰੋਂ ਤਾਂ ਬਹੁਤ ਸਾਫ ਸੁਥਰਾ ਹੈ ਪਰ ਅੰਦਰ ਕ੍ਰੋਧ ਚਿੰਬੜਿਆ ਹੈ। ਕ੍ਰੋਧੀ ਪੁਰਸ਼ ਦੇ ਨੇੜੇ ਨਾ ਜਾਓ, ਉਹ ਤਾਂ ਮੈਲਾ ਭਿੱਟਿਆ ਹੋਇਆ ਹੈ। ਸੋ ਮਨ ਦੀ ਨਿਰਮਲਤਾਈ, ਅੰਤਸ਼ਕਰਣ ਦੀ ਨਿਰਮਲਤਾਈ ਨੂੰ ਗਿਣਿਆ ਹੈ - ਏਸ ਨੂੰ ਸ਼ੁਭ ਕਰਮ ਦੂਰ ਕਰਦੇ ਹਨ। ਸ਼ੁਭ ਕਰਮ ਵੀ ਦੋ ਤਰ੍ਹਾਂ ਦੇ ਹੁੰਦੇ ਹਨ ਇਕ ਤਾਂ ਬੰਦਾ ਮਜ਼ਦੂਰੀ ਲੈ ਕੇ ਸ਼ੁਭ ਕਰਮ ਕਰ ਲੈਂਦਾ ਹੈ, ਪਾਠ ਕਰਾ ਲਿਆ, ਮੇਰਾ ਫਲਾਣਾ ਕੰਮ ਹੋ ਜਾਵੇ, ਸੇਵਾ ਕਰ ਲਈ, ਜੋੜੇ ਝਾੜ ਲਏ, ਮੇਰੀ ਬਿਮਾਰੀ ਹਟ ਜਾਵੇ; ਹਟ ਵੀ ਜਾਂਦੀ ਹੈ ਕਿਉਂਕਿ ਸੰਗਤ ਵਿਚ ਪ੍ਰਮੇਸ਼ਰ ਹੋਇਆ ਕਰਦਾ ਹੈ। ਐਸਾ ਗੁਰੂ ਮਹਾਰਾਜ ਦਾ ਮਤ ਹੈ ਕਿ ਜਿਥੇ ਸਤਿਸੰਗ ਹੁੰਦਾ ਹੈ, ਉਥੇ ਵੀ ਬੈਕੁੰਠ ਹੁੰਦਾ ਹੈ, ਉਥੇ ਤੇਤੀ ਕਰੋੜ ਦੇਵਤਾ ਆ ਕੇ ਨਿਵਾਸ ਰੱਖਿਆ ਕਰਦੇ ਹਨ, ਉਥੇ ਜੋੜੇ ਝਾੜਦੇ ਹਾਂ ਬਰਕਤ ਹੋਇਆ ਕਰਦੀ ਹੈ। 68 ਤੀਰਥ ਆਪਣਾ ਫਲ ਲੈ ਕੇ ਬੈਠਦੇ ਹਨ, ਆਸ ਕਰਦੇ ਹਨ ਜੇ ਕੋਈ ਮੇਰੇ ਤੋਂ ਫਲ ਮੰਗ ਲਵੇ ਤਾਂ ਮੇਰੇ ਧੰਨ ਭਾਗ ਹੋਣਗੇ। ਜਿਥੇ ਹਰੀ ਦਾ ਜਸ ਹੁੰਦਾ ਹੈ -

***ਹਰਿ ਕੀ ਕਥਾ ਹੋਤ ਹੈ ਜਹਾਂ ਗੰਗਾ ਭੀ ਚਲ ਆਵਤ ਤਹਾਂ।***

ਉਥੇ ਗੰਗਾ ਆਦਿ ਜੋ ਮੁੱਖ ਤੀਰਥ ਹਨ, ਆ ਕੇ ਨਿਵਾਸ ਕਰ ਲਿਆ ਕਰਦੇ ਹਨ। ਉਸ ਨੇ ਵਾਸ਼ਨਾ ਸਹਿਤ, ਕਾਮਨਾ ਸਹਿਤ ਕੰਮ ਕਰ ਲਿਆ, ਇਸ ਨੂੰ ਸਾਕਾਮ ਕਰਮ ਕਹਿੰਦੇ ਹਨ ਇਹ ਇਕ ਮਜ਼ਦੂਰ ਦੀ ਤਰ੍ਹਾਂ ਹੁੰਦਾ ਹੈ - ਮਜ਼ਦੂਰੀ ਲੈ ਲਈ ਤੇ ਕੰਮ ਕਰ ਲਿਆ। ਦੂਸਰਾ ਹੁੰਦਾ ਹੈ ਨਿਸ਼ਕਾਮ ਕਰਮ। ਨਿਸ਼ਕਾਮ ਕਰਮ ਉਹ ਹੁੰਦੇ ਹਨ ਜਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰੇਰਨਾ ਅਨੁਸਾਰ ਕਰਮਾਂ ਨੂੰ own (ਅਪਨਾਇਆ) ਨਹੀਂ ਕਰਦਾ। ਜੇ ਉਹ ਸੋਚੇ ਕਿ ਇਹ ਸ਼ੁਭ ਕਰਮ ਮੈਂ ਕੀਤੇ ਹਨ ਤਾਂ ਉਨ੍ਹਾਂ ਨੂੰ ਜੰਮਣਾ ਮਰਨਾ ਪੈਂਦਾ ਹੈ, ਸਵਰਗ ਵਿਚ ਚਲਾ ਗਿਆ ਤਾਂ ਵੀ ਮੁੜ ਕੇ ਆਏਗਾ, ਇੰਦਰ



Sri Satguru Jagjit Singh Ji eLibrary NamdhariElibrary@gmail.com

ਲੋਕ ਵਿਚ ਗਿਆ ਤਾਂ ਵੀ ਮੁੜ ਕੇ ਆਏਗਾ, ਬ੍ਰਹਮ ਲੋਕ ਵਿਚ ਗਿਆ ਤਾਂ ਵੀ ਮੁੜ ਕੇ ਆਏਗਾ। ਮੈਂ (ਅਹੰ) ਧਾਰਨ ਦੇ ਨਾਲ ਉਹਦਾ ਫਲ ਮਿਲਿਆ ਕਰਦਾ ਹੈ ਜਿਹੜਾ own ਕਰਦਾ ਹੈ, ਕਰਮ ਨੂੰ ਅਪਣਾਅ ਲੈਂਦਾ ਹੈ, ਜਿਸ ਤਰ੍ਹਾਂ ਕਿ ਸੋਚੇ ਕਿ ਮੈਂ ਕੀਰਤਨ ਕਰਦਾ ਹਾਂ, ਮੈਂ ਸਿੱਖੀ ਦਾ ਪ੍ਰਚਾਰ ਕਰਦਾ ਹਾਂ। ਤੂੰ ਕਰਦਾ ਤਾਂ ਹੈਂ ਪਰ ਤੇਰੀ approach (ਪਹੁੰਚ) ਗਲਤ ਹੈ, ਤੂੰ ਆਪਣੇ ਹੱਥ ਵਿਚ ਸੋਨੇ ਦੀ ਹਥਕੜੀ ਪਾ ਰਿਹਾ ਹੈਂ।

ਨਿਸ਼ਕਾਮ ਕਰਮ ਉਹ ਹੁੰਦੇ ਹਨ ਜਿਨ੍ਹਾਂ ਨੂੰ ਆਦਮੀ ਕਰਨ ਤੋਂ ਬਾਅਦ own (ਅਪਨਾਉਣਾ) ਨਹੀਂ ਕਰਦਾ, ਸਗੋਂ ਕਹਿੰਦਾ ਹੈ ਕਿ ਵਾਹਿਗੁਰੂ ਦੀ ਬੜੀ ਕ੍ਰਿਪਾ ਹੈ, ਜਿਸ ਨੇ ਸਰੀਰ ਨੂੰ ਪਵਿੱਤਰ ਕਰਨ ਦਾ ਮੌਕਾ ਦਿਤਾ ਹੈ। ਜਿਹੜਾ ਐਸ Attitude of mind (ਮਨ ਦੀ ਦਸ਼ਾ) ਦੇ ਨਾਲ ਕਰਦਾ ਹੈ, ਉਸ ਦਾ ਮਨ ਨਿਰਮਲ ਹੋਣਾ ਸ਼ੁਰੂ ਹੋ ਜਾਂਦਾ ਹੈ, ਜਿਸ ਨੂੰ ਅੰਤਸ਼ਕਰਣ ਕਹਿੰਦੇ ਹਨ ਕਿਉਂਕਿ ਮਨ ਨੂੰ ਅੰਤਸ਼ਕਰਣ ਦੇ ਥਾਂ ਤੇ ਵਰਤਿਆ ਗਿਆ ਹੈ, ਅੰਤਸ਼ਕਰਣ ਦੇਹੀ ਵਿਚ ਇਕ ਪੁਰਜਾ ਹੈ, ਜਿਸ ਵਿਚ ਚਾਰ ਚੀਜ਼ਾਂ ਆਉਂਦੀਆਂ ਹਨ, ਉਸ ਵਿਚ ਇਕ ਤਾਂ ਚਿੱਤ ਹੈ, ਜੋ ਕਿ ਚੇਤਨਤਾ ਹੈ, ਦੂਜਾ ਉਸ ਵਿਚ ਅਹੰਭਾਵ ਹੈ (I am), ਤੀਜੀ ਬੁੱਧੀ ਹੈ, ਚੌਥਾ ਮਨ ਹੈ, ਸੋ ਮੈਲੇ ਹੋਣ ਕਰਕੇ ਆਦਮੀ ਭਟਕਦਾ ਹੈ ਤੇ ਸੁੱਤਾ ਪਿਆ ਹੈ, ਨਿਸ਼ਕਾਮ ਕਰਮ ਕਰਨ ਨਾਲ, ਸੇਵਾ ਕਰਨ ਨਾਲ, ਨਾਮ ਜਪਣ ਨਾਲ ਇਹ ਮੈਲ ਲਹਿ ਜਾਇਆ ਕਰਦੀ ਹੈ –

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥*** ***ਪੰਨਾ – 4***

ਜਦੋਂ ਮਨ ਨਿਰਮਲ ਹੋ ਜਾਂਦਾ ਹੈ ਤਾਂ ਫਿਰ ਤੀਬਰ ਬੈਰਾਗ ਆਇਆ ਕਰਦਾ ਹੈ, ਬਾਅਦ ਵਿਚ ਤੀਬਰ ਤਰ ਬੈਰਾਗ ਆ ਜਾਂਦਾ ਹੈ ਕਿ ਹੁਣ ਹੀ, ਇਸੇ ਜਨਮ ਵਿਚ ਹੀ ਵਾਹਿਗੁਰੂ ਨੂੰ ਮਿਲੀਏ, ਕਿਤਨਾ ਵਕਤ ਲੰਘ ਗਿਆ। ਪਿਛੇ ਕਦੀ ਧਿਆਨ ਦੇ ਕੇ ਦੇਖੋ ਕਿ ਸਮਾਂ ਕਿਧਰ ਚਲਾ ਗਿਆ, ਬਚਪਨ ਨੂੰ ਜਵਾਨੀ ਖਾ ਗਈ, ਜਵਾਨੀ ਨੂੰ ਬੁਢੇਪਾ ਖਾ ਗਿਆ, ਫਿਰ ਤੈਨੂੰ ਮੌਤ ਨੇ ਨਿਵਾਲਾ (ਬੁਰਕੀ) ਬਣਾ ਲੈਣਾ ਹੈ। ਜੇ ਕਦੀ ਇਹੀ ਸੋਚਦੇ ਰਹੋ ਕਿ ਮੈਂ ਫਲਾਣਾ ਕੰਮ ਕਰਕੇ ਫਿਰ ਨਾਮ ਜਪਾਂਗਾ – ਇਹ ਤਾਂ ਕਦੀ ਹੋ ਹੀ ਨਹੀਂ ਸਕਦਾ। ਪਤਾ ਨਹੀਂ ਕਿਸ ਵੇਲੇ ਕਦੋਂ ਤੇ ਕਿਥੇ ਕਾਲ ਦਾ ਗੁਲੇਲਾ ਵਜ ਜਾਵੇ ਫਿਰ–

***ਮਨ ਕੀ ਮਨ ਹੀ ਮਾਹਿ ਰਹੀ ॥***
***ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥***
***ਪੰਨਾ – 631***

ਫਿਰ ਵਿਚੇ ਹੀ ਸਾਰਾ ਕੰਮ ਰਹਿ ਜਾਂਦਾ ਹੈ। ਸੋ ਮਹਾਰਾਜ ਫੁਰਮਾਉਂਦੇ ਹਨ ਕਿ ਜਲਦੀ ਤੋਂ ਜਲਦੀ ਸਾਰਾ ਕੰਮ ਕਰ ਲੈ, ਦੂਜੀ ਹੁੰਦੀ ਹੈ ਉਪਾਸ਼ਨਾ – ਉਪਾਸ਼ਨਾ ਨੂੰ ਭਗਤੀ ਕਹਿੰਦੇ ਹਨ। ਤੀਜਾ ਹੁੰਦਾ ਹੈ – ਗਿਆਨ; ਜੇ ਤਾਂ ਗਿਆਨ ਭਗਤੀ ਤੋਂ ਬਾਅਦ ਆਵੇ ਤਾਂ ਤੇ ਗਿਆਨ ਸਕਾਰਥ ਹੁੰਦਾ ਹੈ, ਜੇ ਗਿਆਨ ਭਗਤੀ ਤੋਂ ਬਿਨਾਂ ਆਉਂਦਾ ਹੈ ਜਿਸਨੂੰ ਬੁੱਧੀ ਦਾ ਗਿਆਨ ਆਉਂਦਾ ਹੈ ਤਾਂ ਆਦਮੀ ਭਟਕ ਜਾਂਦਾ ਹੈ। ਇਸ ਨੂੰ ਬੱਧ ਗਿਆਨ ਕਹਿੰਦੇ ਹਨ। ਬੱਧ ਗਿਆਨ ਦਾ ਮਤਲਬ ਹੈ ਭ੍ਰਿਸ਼ਟ ਗਿਆਨ ਅਤੇ ਭ੍ਰਿਸ਼ਟ ਗਿਆਨ ਆਦਮੀ ਨੂੰ ਵਿਕਾਰੀ ਬਣਾ ਦਿੰਦਾ ਹੈ।

ਇਕ ਵਾਰੀ ਪੰਜਵੇਂ ਪਾਤਸ਼ਾਹ ਜੀ ਮਹਾਰਾਜ ਅੰਮ੍ਰਿਤ ਸਰੋਵਰ ਦੇ ਕੋਲ ਬੈਠ ਕੇ ਬਾਣੀ ਦਾ ਉਚਾਰਨ ਕਰ ਰਹੇ ਸਨ ਤਾਂ ਉਸ ਵੇਲੇ ਲਾਹੌਰ ਦੇ ਭਗਤਾਂ ਨੇ ਆਪਸ ਵਿਚ ਸਲਾਹ ਕੀਤੀ। ਭਾਈ ਛੱਜੂ, ਭਾਈ ਕਾਨ੍ਹਾ, ਸ਼ਾਹ ਹੁਸੈਨ ਨੇ ਹੋਰ ਚਾਰ ਪੰਜ ਭਗਤ ਜਿੰਨੇ ਓਥੇ ਮੌਜੂਦ ਸਨ ਕਹਿਣ ਲੱਗੇ ਕਿ ਪਿਛਲੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਵਿਚ ਚਾੜ੍ਹੀ ਜਾ ਰਹੀ ਹੈ – ਗੁਰੂ ਮਹਾਰਾਜ ਨੇ ਭਗਤ ਕਬੀਰ ਜੀ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਦਿਤੀ ਹੈ, ਨਾਮਦੇਵ ਜੀ ਦੀ ਬਾਣੀ, ਰਵਿਦਾਸ ਜੀ ਦੀ ਅਤੇ ਸਧਨੇ ਕਸਾਈ ਵਰਗੇ ਦੀ ਬਾਣੀ ਵੀ ਚੜ੍ਹਾ ਦਿਤੀ। ਆਪਾਂ ਤਾਂ ਚੰਗੇ ਮੰਨੇ ਪਰਮੰਨੇ ਸੰਤ ਹਾਂ, ਦੂਰ ਦਰਾਜ਼ ਤਕ ਸਾਡੀ ਸਿੱਖੀ ਸੇਵਕੀ ਹੈ, ਕੀ ਗੱਲ ਸਾਡਾ ਪਤਾ ਗੁਰੂ ਸਾਹਿਬ ਨੂੰ ਲੱਗਿਆ ਹੀ ਨਹੀਂ? ਭਾਈ ਕਾਨ੍ਹੇ ਨੇ ਮੀਟਿੰਗ


Sri Satguru Jagjit Singh Ji eLibrary NamdhariElibrary@gmail.com

ਬੁਲਾਈ ਤੇ ਕਿਹਾ ਜੇ ਗੁਰੂ ਸਾਹਿਬ ਨੂੰ ਸਾਡਾ ਨਹੀਂ ਪਤਾ ਲੱਗਿਆ ਤਾਂ ਆਪਾਂ ਸਾਰੇ ਗੁਰੂ ਜੀ ਕੋਲ ਚਲਦੇ ਹਾਂ, ਜੇਕਰ ਸਾਡੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹ ਗਈ ਤਾਂ ਸਾਡਾ ਨਾਮ ਬਹੁਤ ਦੇਰ ਤਕ ਰਹੇਗਾ, ਨਾਲੇ ਸਾਡੀ ਬਾਣੀ ਬਹੁਤ ਵਧੀਆ ਹੈ। ਆਪਾਂ ਜਾ ਕੇ ਗੁਰੂ ਮਾਹਾਰਾਜ ਨੂੰ ਪੁਛਦੇ ਹਾਂ। ਸੋ ਅਭਿਮਾਨ ਨਾਲ ਭਰੇ ਹੋਏ ਗੁਰੂ ਮਹਾਰਾਜ ਦੇ ਦਰਬਾਰ ਵਿਚ ਆ ਗਏ - ਮਹਾਰਾਜ ਜੀ ਨੂੰ ਖਬਰ ਹੋ ਗਈ ਕਿ ਲਾਹੌਰ ਵਾਲੇ ਭਗਤ ਆਏ ਹਨ। ਗੁਰੂ ਮਹਾਰਾਜ ਨੇ ਕਿਹਾ ਉਨ੍ਹਾਂ ਦਾ ਪੂਰਾ ਆਦਰ ਕਰੋ, ਪੂਰੇ ਆਦਰ ਨਾਲ ਉਨ੍ਹਾਂ ਨੂੰ ਪ੍ਰਸ਼ਾਦ ਛਕਾਓ ਤੇ ਨਿਵਾਸ ਕਰਾਓ। ਜਦੋਂ ਮਹਾਰਾਜ ਜੀ ਵਿਹਲੇ ਹੋਏ ਤਾਂ ਉਨ੍ਹਾਂ ਸਾਰਿਆਂ ਨੂੰ ਬੁਲਾਇਆ, ਕਹਿਣ ਲੱਗੇ ਸਾਡੇ ਧੰਨ ਭਾਗ ਜੋ ਸੰਤਾਂ ਨੇ ਦਰਸ਼ਨ ਦਿਤੇ, ਜਿੰਨੇ ਕਦਮ ਆਪ ਚੱਲ ਕੇ ਆਏ ਹੋ, ਅਸੀਂ ਉਸ ਦੇ ਰਿਣੀ ਹਾਂ; ਦੱਸੋ ਕੀ ਹੁਕਮ ਹੈ? ਕਹਿਣ ਲੱਗੇ, "ਮਹਾਰਾਜ! ਤੁਸੀਂ ਪਿਛਲੇ ਭਗਤਾਂ ਦੀ ਬਾਣੀ ਦਰਜ ਕਰ ਰਹੇ ਹੋ, ਉਨ੍ਹਾਂ ਦੀ ਬਾਣੀ ਨੂੰ ਪ੍ਰਵਾਨਗੀ ਦੇ ਰਹੇ ਹੋ, ਸਾਨੂੰ ਤੁਸੀਂ ਬੁਲਾਇਆ ਤਕ ਨਹੀਂ ਹੈ।" ਗੁਰੂ ਮਹਾਰਾਜ ਜੀ ਕਹਿਣ ਲੱਗੇ, "ਸੰਤੋ! ਗੁਰੂ ਨਾਨਕ ਦਾ ਜੋ ਮਤ ਹੈ, ਉਸ ਵਿਚ ਵਰਤਣ ਤਾਂ ਬੈਰਾਗ ਦੀ ਹੈ, ਮੁੱਖ ਭਗਤੀ, ਨਿਹਚੇ ਗਿਆਨ, ਤਿੰਨ ਚੀਜ਼ਾਂ ਹਨ। ਸੰਸਾਰ ਵਿਚ ਰਹਿਣਾ ਹੈ ਪਰ ਬੈਰਾਗ ਧਾਰ ਕੇ ਰਹਿਣਾ ਹੈ, ਕਿਸੇ ਚੀਜ਼ ਵਿਚ ਫਸਣਾ ਨਹੀਂ ਹੈ, ਦੂਜੀ ਭਗਤੀ ਕਰਨੀ ਹੈ, ਫੋਕਾ ਗਿਆਨ ਨਹੀਂ ਲਿਆਉਣਾ, ਭਗਤੀ ਤੋਂ ਬਾਅਦ ਜਦੋਂ ਪ੍ਰੇਮਾ ਭਗਤੀ ਵਿਚ ਪਹੁੰਚ ਗਏ ਫਿਰ ਪਰਾ ਭਗਤੀ ਤੇ ਅਪਰਾ ਭਗਤੀ ਦਾ ਜੋ ਗਿਆਨ ਹੈ, ਉਸ ਨੂੰ ਗੁਰੂ ਨਾਨਕ ਦਾ ਮੱਤ ਪ੍ਰਵਾਨ ਕਰਦਾ ਹੈ, ਦੂਜੇ ਨੂੰ ਨਹੀਂ ਕਰਦਾ। ਚੰਗਾ ਤੁਸੀਂ ਆਏ ਹੋ, ਕ੍ਰਿਪਾ ਕਰਕੇ ਤੁਸੀਂ ਆਪਣੀ ਆਪਣੀ ਬਾਣੀ ਸੁਣਾਓ, ਤਾਂ ਉਸ ਵੇਲੇ ਕਾਨ੍ਹਾ ਭਗਤ ਜੋ ਕਾਫੀ ਅਭਿਮਾਨ ਵਿਚ ਰਿਹਾ ਕਰਦਾ ਸੀ, ਬੜੀਆਂ ਵੱਡੀਆਂ ਵੱਡੀਆਂ ਗੱਲਾਂ ਕਰਦਾ ਸੀ ਕਿ ਜੇਕਰ ਮੈਂ ਚਾਹਾਂ ਤਾਂ ਸਾਰਾ ਸੰਸਾਰ ਖਤਮ ਕਰ ਦਿਆਂ, ਮੈਂ ਹੀ ਸਾਰਾ ਸੰਸਾਰ ਪੈਦਾ ਕੀਤਾ ਹੈ, ਉਹ ਆਪਣੀ ਬਾਣੀ ਉਚਾਰਨ ਲੱਗਾ-

***ਮੈਂ ਹੂੰ ਬ੍ਰਹਮ ਸਰਬ ਕਾ ਕਰਤਾ***
***ਸਗਲ ਜਗਤ ਮੇਰੇ ਤੇ ਜਾਨ॥***

ਕਹਿਣ ਲੱਗਾ, "ਮੈਂ ਹੀ ਬ੍ਰਹਮ ਹਾਂ - ਸਾਰਾ ਸੰਸਾਰ ਬਣਾਉਣ ਵਾਲਾ ਤੇ ਸਾਰਾ ਸੰਸਾਰ ਮੇਰੇ ਤੋਂ ਹੀ ਜਾਣੋ -

***ਸਕਲ ਅਰਾਧੇ ਮੇਰੇ ਤਾਂਈ ਅਬ ਮੈਂ ਹੋਇਓ ਕਾਹਨਾ॥***

ਕਹਿਣ ਲੱਗਾ ਸਭ ਤੇਤੀਸ ਕ੍ਰੋੜ ਦੇਵਤੇ, ਮਹਾਂਪੁਰਸ਼ ਅਵਤਾਰ ਸਭ ਮੇਰੀ ਆਰਾਧਨਾ ਕਰਦੇ ਹਨ ਤੇ ਮੈਂ ਹੁਣ ਕਾਨ੍ਹਾ ਕਹਾ ਰਿਹਾ ਹਾਂ। ਗੁਰੂ ਮਹਾਰਾਜ ਜੀ ਨੇ ਫੁਰਮਾਇਆ, ਸੰਤ ਜੀ! ਇਸ ਵਿਚ ਉਹ ਚੀਜ਼ ਨਹੀਂ ਹੈ ਜਿਹੜੀ ਅਸੀਂ ਚਾਹੁੰਦੇ ਹਾਂ, ਇਹ ਤੁਹਾਡੀ ਬਾਣੀ ਅਭਿਮਾਨ ਦੀ ਹੈ, ਹੋਂਦ ਕਾਇਮ ਰੱਖਣ ਵਾਲੀ। ਅਸੀਂ ਅਣਹੋਂਦ ਪ੍ਰਵਾਨ ਕਰਦੇ ਹਾਂ। 'ਮੈਂ', ਸ਼ਬਦ ਵਿਚ ਸੂਖਮ ਭੀ ਤੇ ਸਥੂਲ ਭੀ ਦੋਨੋਂ ਕਿਸਮ ਦੀਆਂ ਹਉਮੈ ਹਨ। ਇਹ ਹਉਮੈ ਜਨਮ ਮਰਨ ਦਾ ਮੂਲ ਕਾਰਨ ਹੈ। ਜਦੋਂ ਸਾਡੇ ਸਿੱਖਾਂ ਨੇ ਇਹ ਬਾਣੀ ਪੜ੍ਹੀ ਤਾਂ ਉਨ੍ਹਾਂ ਨੇ ਇਸ਼ਨਾਨ ਕਰਨਾ ਵੀ ਛੱਡ ਦੇਣਾ ਹੈ, ਨਾਮ ਜਪਣਾ ਛੱਡ ਦੇਣਗੇ, ਦਾਨ ਕਰਨਾ ਛੱਡ ਦੇਣਗੇ, ਭਾਈਚਾਰਕ ਜੀਵਨ ਦਾ ਸੰਤੁਲਨ ਵਿਗੜ ਜਾਵੇਗਾ।

ਬਾਣੀ ਅਸੀਂ ਆਮ ਗ੍ਰਿਹਸਤੀਆਂ ਵਾਸਤੇ ਪਰਖ ਕੇ ਦਰਜ ਕਰ ਰਹੇ ਹਾਂ ਕਿਉਂਕਿ ਅਸੀਂ ਉਨ੍ਹਾਂ ਦਾ ਉਧਾਰ ਕਰਨਾ ਹੈ। ਹੁਣ ਕਲਜੁਗ ਦਾ ਜ਼ਮਾਨਾ ਹੈ। ਇਸ ਵਿਚ ਆਦਮੀ ਪਹਿਲਾਂ ਹੀ ਮੈਲਾ ਹੋਇਆ ਹੋਇਆ ਹੈ। ਇਹ ਬਾਣੀ ਪੜ੍ਹਨ ਨਾਲ ਤਾਂ ਉਸ ਤੇ ਹੋਰ ਵੀ ਮੈਲ ਚੜ੍ਹ ਜਾਵੇਗੀ।

ਤੁਹਾਨੂੰ ਗੱਲ ਇਕ ਦ੍ਰਿਸ਼ਟਾਂਤ ਨਾਲ ਸਮਝਾਉਂਦੇ ਹਾਂ, ਦੇਖੋ ਗੁੱਸਾ ਨਾ ਕਰਨਾ। ਇਕ ਬੰਦਾ ਖੰਘ ਨਾਲ ਬਿਮਾਰ ਹੈ, ਉਸ ਦੀ ਕਫ ਵਧੀ ਹੋਈ ਹੈ। ਜੇ ਉਸ ਨੂੰ ਘਿਓ ਖਵਾ ਦਿਓ, ਉਸ ਦੀ ਕਫ ਹੋਰ ਵੀ ਵਧ ਜਾਵੇਗੀ, ਨਾਲੇ ਅਤੀਸਾਰ ਵੀ ਲਗ ਜਾਣਗੇ, ਦਸਤ ਲਗ ਜਾਣਗੇ, ਮਰੋੜੇ ਲਗ ਜਾਣਗੇ। ਘਿਓ ਨਾਲ ਉਸ ਦਾ ਇਲਾਜ ਤਾਂ ਨਾ ਹੋਇਆ ਸਗੋਂ ਜ਼ਿਆਦਾ ਬਿਮਾਰ ਹੋ ਗਿਆ। ਸਹੀ ਤਰੀਕੇ ਨਾਲ ਖਾਧਾ ਘੀ ਪੌਸ਼ਟਕਤਾ ਦਿੰਦਾ ਹੈ।

ਸੋ ਸੰਤ ਜੀ! ਅਗਰ ਆਦਮੀ ਅਭਿਮਾਨ ਨਾਲ ਬਿਮਾਰ ਹੋਵੇ ਅਤੇ ਕਹਿਣ ਲੱਗ ਜਾਵੇ ਕਿ ਮੈਂ ਹੀ ਰੱਬ ਹਾਂ, ਮੈਂ ਹੀ ਅਕਾਲ ਪੁਰਖ ਹਾਂ, ਮੈਂ ਹੀ ਸਾਰੇ ਸੰਸਾਰ ਨੂੰ ਬਣਾਇਆ ਹੈ ਫੇਰ ਨਤੀਜਾ ਕੀ ਨਿਕਲੇਗਾ? ਉਹ ਕੁਕਰਮਾਂ ਵਿਚ ਪ੍ਰਵਿਰਤ ਹੋ ਜਾਵੇਗਾ ਕਿਉਂਕਿ ਗਿਆਨ ਉਹਦੇ ਹਿਰਦੇ ਵਿਚ ਨਹੀਂ ਵਸਿਆ ਪਰ ਬੁੱਧੀ ਦਾ ਗਿਆਨ ਆ ਗਿਆ। ਸੋ ਉਹ ਅਨਅਧਿਕਾਰੀ ਹੈ, ਕੁਕਰਮੀ ਬਣ ਜਾਏਗਾ, ਸੋ ਜੋ ਵਾਚ ਗਿਆਨੀ ਹੈ ਉਹ ਧਰਮ ਕਰਮ ਛੱਡ ਦੇਵੇਗਾ, ਐਸਾ ਗੁਰਮਤਿ ਵਿਚ ਮਰਿਆ ਤੇ ਸੜਿਆ ਹੋਇਆ ਜੰਤ ਹੈ ਅਸੀਂ ਐਸੇ ਜੀਵਨ ਨੂੰ ਪ੍ਰਵਾਨ ਨਹੀਂ ਕਰਦੇ ਕਿਉਂਕਿ ਵਾਚ ਗਿਆਨੀ ਹੈ। ਐਸਾ ਫੁਰਮਾਨ ਹੈ -

***ਧਾਰਨਾ - ਮਿਰਤਕ ਕਹੀਐ ਨਾਨਕਾ,***
***ਮਿਰਤਕ ਕਹੀਐ ਨਾਨਕਾ - 2, 2.***
***ਜੇ ਪ੍ਰੀਤ ਨਹੀ ਭਗਵੰਤ - 2, 2.***
***ਮਿਰਤਕ ਕਹੀਐ ਨਾਨਕਾ,............-2.***

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ - 253***

ਗੁਰੂ ਸਾਹਿਬ ਕਹਿਣ ਲੱਗੇ, "ਸੰਤ ਜੀ! ਇਹ ਮ੍ਰਿਤਕ ਗਿਆਨ ਹੈ, ਜੀਵਨ ਦੇਣ ਵਾਲਾ ਗਿਆਨ ਨਹੀਂ ਹੈ, ਇਹਦੇ ਨਾਲ ਜ਼ਿੰਦਗੀ ਨਹੀਂ ਰੁਮਕ ਸਕਦੀ। ਇਹ extreme ਦੀਆਂ ਚੀਜ਼ਾਂ ਦੁਨੀਆਂ ਵਿਚ ਹਨ, ਸੁੰਦਰਤਾ ਦੀ ਹੱਦ ਹੋਈ ਪਈ ਹੋਵੇ, - ਕੁਲੀਨ - ਬਹੁਤ ਉਚੀ ਕੁਲ ਨਾਲ ਸਬੰਧ ਰਖਦਾ ਹੋਵੇ, ਚਤੁਰ - ਕਿਸੇ ਨੂੰ ਗੱਲ ਬਾਤ ਵਿਚ ਵਾਰੇ ਨਾ ਆਉਣ ਦੇਵੇ, ਗਿਆਨ ਭਗਤੀ ਸਹਿਤ ਹਾਸਲ ਨਾ ਕੀਤਾ ਹੋਵੇ, ਕੇਵਲ ਪੁਸਤਕਾਂ ਪੜ੍ਹ ਕੇ ਹੀ ਕੀਤਾ ਹੋਵੇ, ਧਨ ਵੀ ਭਾਵੇਂ ਬੇਅੰਤ ਹੋਵੇ ਪਰ ਜੇਕਰ ਜ਼ਿੰਦਗੀ ਦੀ ਰੌ ਨਹੀਂ ਰੁਮਕਦੀ, ਉਹਦੇ ਹਿਰਦੇ ਵਿਚ ਪਿਆਰ ਨਹੀਂ ਹੈ ਤਾਂ ਉਹ ਬੰਦਾ ਜਿਉਂਦਾ ਨਹੀਂ ਹੈ, ਮਰਿਆ ਹੋਇਆ ਹੈ, -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***



Sri Satguru Jagjit Singh Ji eLibrary NamdhariElibrary@gmail.com

***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ - 142***

ਜਿਸ ਜੀਵਨ ਵਿਚ ਰੌ ਨਹੀਂ ਰੁਮਕਦੀ ਉਹ ਮ੍ਰਿਤਕ ਦੇ ਸਮਾਨ ਹੈ। ਸੋ ਇਸ ਕਰਕੇ ਜੋ ਤੁਹਾਡਾ ਗਿਆਨ ਹੈ -

***ਮੈਂ ਹੂੰ ਬ੍ਰਹਮ ਸਰਬ ਕਾ ਕਰਤਾ***
***ਸਗਲ ਜਗਤ ਮੇਰੇ ਤੇ ਜਾਣ,***
***ਸਕਲ ਅਰਾਧੇ ਮੇਰੇ ਤਾਈ, ਅਬ ਮੈ ਹੋਇਓ ਕਾਨ੍ਹਾਂ॥***

ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਇਹ ਤਾਂ 'ਹਉਂ' ਦਾ ਪ੍ਰਤੱਖ ਰੂਪ ਹੈ, ਅਸੀਂ ਤਾਂ ਹਉ ਨੂੰ ਤੋੜਨ ਵਾਸਤੇ ਗੁਰਮਤਿ ਦਾ ਮਾਰਗ ਚਾਲੂ ਕੀਤਾ ਹੈ। ਸਾਧਸੰਗਤ ਜੀ! ਜਿਤਨਾ ਵੀ ਵਜੂਦ ਨਜ਼ਰ ਆਉਂਦਾ ਹੈ, ਹਉਮੈ ਕਰਕੇ ਹੈ। ਹੈਰਾਨੀ ਦੀ ਗੱਲ ਹੈ ਕਿ ਨਾ ਹਉਮੈ ਦੇਖੀ ਜਾਂਦੀ ਹੈ, ਨਾ ਹਉਮੈ ਸੁਣੀ ਜਾਂਦੀ ਹੈ। ਬੋਹੜ ਦਾ ਦਰਖਤ ਇਤਨਾ ਵੱਡਾ ਹੁੰਦਾ ਹੈ ਕਿ ਇਕ ਇਕ ਏਕੜ ਵਿਚ ਫੈਲਿਆ ਦੇਖਿਆ ਹੈ, ਹਜ਼ਾਰਾਂ ਟਾਹਣੀਆਂ ਤੇ ਲੱਖਾਂ ਪੱਤੇ, ਪਰ ਪੈਦਾ ਕਿਥੋਂ ਹੁੰਦਾ ਹੈ, ਖਸ ਖਸ ਦੇ ਦਾਣੇ ਜਿੱਡਾ ਇਸ ਦਾ ਬੀਜ ਹੁੰਦਾ ਹੈ - ਹਥੇਲੀ ਤੇ ਰੱਖ ਲਓ ਤੇ ਕਿਸੇ ਨੂੰ ਪੁਛੋ ਕਿ ਕੀ ਤੈਨੂੰ ਇਹ ਬੀਜ ਨਜ਼ਰ ਆਉਂਦਾ ਹੈ, ਕੋਈ ਪੁਛਦਾ ਹੈ, ਇਹ ਕੀ ਹੈ ਤਾਂ ਕਹਿੰਦੇ ਹਨ ਇਹ ਬਟਕ ਬੀਜ ਹੈ -

***ਬਟਕ ਬੀਜ ਮਹਿ ਰਵਿ ਰਹਿਓ***
***ਜਾ ਕੋ ਤੀਨਿ ਲੋਕ ਬਿਸਥਾਰ॥ ਪੰਨਾ - 340***

ਇਸ ਪੇੜ ਦਾ ਐਨਾ ਵਿਸਥਾਰ ਹੈ ਕਿ ਜੇ ਇਸ ਨੂੰ ਨਾ ਵੱਢੋ ਤਾਂ ਅੱਗੇ ਹੀ ਅੱਗੇ ਤੁਰਿਆ ਜਾਂਦਾ ਹੈ, ਪੰਜ ਏਕੜ, ਦੱਸ ਏਕੜ ਤਕ ਵੀ ਪਹੁੰਚ ਜਾਂਦਾ ਹੈ। 'ਨਾਲੰਦਾ ਯੂਨੀਵਰਸਿਟੀ' ਵਿਚ ਵੱਡੇ ਵੱਡੇ ਬੋਹੜ ਦੇ ਪੇੜ ਸਨ, ਜੜ੍ਹਾਂ ਲੱਗੀ ਜਾਂਦੀਆਂ ਸਨ, ਅੱਗੇ ਵਧੀ ਜਾਂਦੇ ਸਨ, ਲੇਕਿਨ ਉਹ ਖਸ ਖਸ ਦੇ ਦਾਣੇ ਵਿਚ ਸਭ ਕੁਝ ਪਿਆ ਸੀ, ਨਿੱਕੇ ਜਿਹੇ ਦਾਣੇ ਵਿਚ। ਇਸ ਤਰ੍ਹਾਂ ਇਹ ਨਿਰਗੁਣ ਦੇ ਵਿਚ, ਸਾਰਾ ਸੰਸਾਰ ਹਉਮੈ ਅਹੰਭਾਵ ਦੇ ਵਿਚ ਲੁੱਕਿਆ ਪਿਆ ਹੈ, ਅਹੰਭਾਵ ਤੋਂ ਸਾਰਾ ਸੰਸਾਰ ਹੋ ਗਿਆ।

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946***

ਮਹਾਰਾਜ ਕਹਿੰਦੇ ਪਹਿਲਾਂ ਜਿਹੜੀ ਚੀਜ਼ ਦੇ ਨਾਲ ਪੈਦਾ ਹੋਇਆ ਹੈ ਉਸ ਨੂੰ ਕੱਟ, ਫਿਰ ਪ੍ਰਾਪਤ ਹੋ ਜਾਏਗਾ, "ਹਉਮੈ ਵਿਚ ਜਗ ਉਪਜੇ ਪੁਰਖਾ"। ਸੰਸਾਰ ਦੀ ਉਤਪਤੀ ਹਉਮੈ ਭਾਵ ਵਿਚੋਂ ਹੋਈ ਹੈ, ਅਹੰਭਾਵ ਵਿਚੋਂ। ਉਸ ਅਹੰਭਾਵ ਦਾ ਬੀਜ ਕਿੱਡਾ ਹੈ? ਸੰਸਾਰ ਦਾ ਕਿਧਰੇ ਅੰਤ ਹੀ ਨਹੀਂ ਆਉਂਦਾ। ਸੰਸਾਰ ਹੀ ਸੰਸਾਰ ਨਜ਼ਰ ਆ ਰਿਹਾ ਹੈ, ਕਿਧਰੇ ਵੈਰੀ ਨਜ਼ਰ ਆਉਂਦੇ ਹਨ, ਕਿਧਰੇ ਮਿਤਰ, ਦੁਖ ਸੁਖ ਆਉਂਦੇ ਹਨ, ਹਾਨ ਲਾਭ ਦਾ ਪਤਾ ਲਗਦਾ ਹੈ, ਆਪਣੇ ਦਾ, ਪਰਾਏ ਦਾ, ਜਨਮ ਦਾ, ਮਰਨ ਦਾ; ਬੇਅੰਤ ਚੀਜ਼ਾਂ ਹਨ - ਦੂੰਦ ਪਦ ਵਿਚ ਪੈਦਾ ਹੋ ਗਏ। ਹਉਮੈ ਕੀ ਹੈ? ਨਜ਼ਰ ਹੀ ਨਹੀਂ ਆਉਂਦੀ, ਮਹਾਰਾਜ ਫੁਰਮਾਨ ਕਰਦੇ ਹਨ, ਹਉਮੈ ਐਨੀ ਕੁ ਹੀ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਪੰਨਾ - 466***

ਜਦੋਂ ਇਹ ਕਹਿੰਦਾ ਹੈ ਕਿ ਮੈਂ ਕਰਦਾ ਹਾਂ ਤਾਂ ਚੇਤਨ ਬ੍ਰਹਮ ਨੂੰ ਗੱਠ ਆ ਗਈ, ਮੈਂ, ਮੇਰੀ (I am) ਦੀ। ਮੈਂ ਕਹਿਣ ਦੀ ਦੇਰ ਸੀ, ਜੀਵ ਬੰਨ੍ਹਿਆ ਗਿਆ, ਸਭ ਜੀਵ ਜੰਤੂ ਬੰਨ੍ਹੇ ਗਏ - ਨਤੀਜਾ ਕੀ ਹੁੰਦਾ ਹੈ -

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਐਸਾ ਫੁਰਮਾਨ ਹੈ -

***ਧਾਰਨਾ - ਜੰਮਦਾ ਤੇ ਮਰਦਾ ਹੈ,***
***ਹਉਮੈ ਦਾ ਬੰਨ੍ਹਿਆ ਹੋਇਆ - 2, 2.***
***ਹਉਮੈ ਦਾ ਬੰਨ੍ਹਿਆ ਹੋਇਆ - 2, 2.***
***ਜੰਮਦਾ ਤੇ ਮਰਦਾ ਹੈ,...............-2***

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਗਿਆਨ ਨੂੰ ਚਾਨਣਾ, ਪ੍ਰਕਾਸ਼ ਕਿਹਾ ਜਾਂਦਾ ਹੈ, ਗਿਆਨ ਹੀ ਬ੍ਰਹਮ ਹੈ। ਜਿੰਨੀ ਦੇਰ ਤਕ ਮਨ ਵਿਚ ਹਨ੍ਹੇਰਾ ਹੈ, ਓਨੀ ਦੇਰ ਤਕ -

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਪੰਨਾ - 325***

ਰਾਜਾ ਵੀ ਰੋਏਗਾ, ਗਰੀਬ ਵੀ ਰੋਏਗਾ, ਪੜ੍ਹਿਆ ਹੋਇਆ ਵੀ ਰੋਵੇਗਾ, ਅਨਪੜ੍ਹ ਵੀ ਰੋਏਗਾ ਕਿਉਂਕਿ ਦੋਨੋਂ ਹਨ੍ਹੇਰੇ ਵਿਚ ਪਏ ਹਨ ਕਿਉਂਕਿ ਗਿਆਨ ਦਾ ਪ੍ਰਕਾਸ਼ ਨਹੀਂ ਹੈ। ਫਿਰ ਸੁਆਲ ਆਉਂਦਾ ਹੈ ਕਿ ਗਿਆਨ ਦੇ ਪ੍ਰਕਾਸ਼ ਵਾਸਤੇ ਕੁਝ ਲੋੜ ਵੀ ਹੈ-

***ਬਿਨੁ ਤੇਲ ਦੀਵਾ ਕਿਉ ਜਲੈ॥ ਪੰਨਾ - 25***

ਤੇਲ ਚਾਹੀਦਾ ਹੈ, ਬੱਤੀ ਚਾਹੀਦੀ ਹੈ, ਬਰਤਨ ਚਾਹੀਦਾ ਹੈ, ਬਸ ਐਨਾ ਹੀ ਕਹਿ ਕੇ ਕਿ ਸਭ ਪ੍ਰਮੇਸ਼ਰ ਹੈ, ਬਸ ਗਿਆਨ ਹੋ ਗਿਆ। ਕਹਿੰਦੇ ਇਹ ਗਿਆਨ ਨਹੀਂ ਹੋਇਆ ਕਰਦਾ ਕਿਉਂਕਿ ਨਾ ਤਾਂ ਅਗਲੇ ਪਾਸੇ ਤੇਲ ਹੈ, ਨਾ ਦੀਵਾ ਹੈ, ਨਾ ਬੱਤੀ ਹੈ, ਜਗੇ ਹੋਏ ਦੀਵੇ ਨਾਲ ਦੀਵਾ ਤਾਂ ਜਲੇਗਾ ਜੇ ਪਹਿਲਾਂ ਤਿੰਨ ਚੀਜ਼ਾਂ ਕੋਲ ਹੋਣ, ਨਹੀਂ ਤਾਂ ਦੀਵਾ ਨਹੀਂ ਜਲ ਸਕਦਾ। ਕਹਿਣ ਮਾਤਰ ਰਹਿ ਜਾਏਗਾ, intellectual (ਬੌਧਿਕ) ਗਿਆਨ ਕੇਵਲ ਬੁੱਧੀ ਦਾ ਗਿਆਨ ਰਹਿ ਜਾਏਗਾ। ਗਿਆਨ ਦੇ ਬਾਰੇ ਬੜਾ ਭੁਲੇਖਾ ਹੈ। ਅਸਲ ਗਿਆਨ ਆਦਮੀ ਨੂੰ ਪੂਰਾ ਬਣਾ ਦਿੰਦਾ ਹੈ। ਸਾਧਸੰਗਤ ਜੀ! ਹੈ ਬੜਾ ਔਖਾ - ਪਰ ਜਦੋਂ ਗਿਆਨ ਦਾ ਪ੍ਰਕਾਸ਼ ਹੋ ਜਾਵੇ ਫੇਰ ਬਾਕੀ ਕੁਝ ਵੀ ਨਹੀਂ ਰਹਿੰਦਾ। ਜਦੋਂ ਗਿਆਨ ਦਾ ਪ੍ਰਕਾਸ਼ ਹੋ ਜਾਵੇ, ਕੇਵਲ ਵਾਹਿਗੁਰੂ ਰਹਿ ਜਾਂਦਾ ਹੈ - ਵਰਤੋਂ ਵਿਚ ਵੀ, ਭਜਨ ਬੰਦਗੀ ਵਿਚ ਵੀ -

***ਬਿਨੁ ਤੇਲ ਦੀਵਾ ਕਿਉ ਜਲੈ॥ ਪੰਨਾ - 25***

ਗੁਰੂ ਗ੍ਰੰਥ ਸਾਹਿਬ ਦੀ ਬਾਨੀ ਕੇਵਲ ਪੜ੍ਹ ਕੇ ਹੀ ਨਹੀਂ ਛੱਡ ਦੇਣੀ ਸਗੋਂ ਇਸ ਦੀ ਕਮਾਈ ਕਰਨੀ ਹੈ। ਮਹਾਰਾਜ ਜੀ ਦੀ ਬਾਨੀ ਇਤਨੀ ਵਿਸ਼ਾਲ ਹੈ ਕਿ ਇਹਦੇ ਬਾਰੇ ਕੁਝ ਕਿਹਾ ਹੀ ਨਹੀਂ ਜਾ ਸਕਦਾ। ਮੈਂ ਤਾਂ ਆਪਣਾ ਅਨੁਭਵ ਦਸਦਾ ਹਾਂ ਕਿ ਇਕ ਸ਼ਬਦ ਬਾਰੇ ਵੀ ਕੁਝ ਨਹੀਂ ਕਿਹਾ ਜਾ ਸਕਦਾ, ਆਦਮੀ ਵਿਸਮਾਦ ਵਿਚ ਚਲਾ ਜਾਂਦਾ ਹੈ। ਅੰਦਰੋਂ


Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਵਾਹਿਗੁਰੂ ਹੋਣ ਲਗ ਜਾਂਦਾ ਹੈ - ਬਾਣੀ ਬਹੁਤ ਵੱਡੀ ਹੈ ਪਰ ਬੇਕਦਰਿਆਂ ਦੇ ਹੱਥ ਵਿਚ ਆ ਗਈ, ਇਹਦਾ ਕੋਈ ਫਾਇਦਾ ਨਹੀਂ ਉਠਾਇਆ ਗਿਆ। ਇਸ ਦਾ ਪ੍ਰਚਾਰ ਸਾਰੇ ਸੰਸਾਰ ਤੇ ਨਹੀਂ ਹੋ ਸਕਿਆ। ਜੇਕਰ ਹੋ ਜਾਂਦਾ ਤਾਂ ਐਟਮਬੰਬ, ਹਾਈਡਰੋਜਨ ਬੰਬ ਬਣਾਉਣ ਵਾਲਿਆਂ ਨੂੰ ਫਿਕਰ ਪੈ ਜਾਂਦਾ ਕਿ ਅਸੀਂ ਕੀ ਕਰੀਏ। ਸਾਰਾ ਸੰਸਾਰ ਬੈਕੁੰਠ ਬਣ ਜਾਵੇਗਾ ਕਿਉਂਕਿ ਇਥੇ ਵਾਹਿਗੁਰੂ ਦਾ ਵਾਸਾ ਹੈ, ਬਾਣੀ ਦਾ ਫੁਰਮਾਨ ਹੈ -

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਪੰਨਾ - 463***

ਸੋ ਨਾਮ ਦੀ ਕਮਾਈ ਕਰੋ, ਵਿਚ devotion (ਸ਼ਰਧਾ, ਸਿਦਕ) ਦੀ ਬੱਤੀ ਪਾਓ -

***ਪੋਥੀ ਪੁਰਾਣ ਕਮਾਈਐ॥***
***ਭਉ ਵਟੀ ਇਤੁ ਤਨਿ ਪਾਈਐ॥*** ***ਪੰਨਾ - 25***

ਇਸ ਤਨ ਦੇ ਵਿਚ ਭਗਤੀ ਦੀ ਬੱਤੀ ਪਾਓ, ਸਤਿ ਸਾਸ਼ਤਰਾਂ ਦੀ ਵੀਚਾਰ ਕਰੋ, ਫੇਰ ਰੋਸ਼ਨੀ ਕਾਹਦੀ ਕਰੋ, ਕਹਿੰਦੇ-

***ਸਚੁ ਬੂਝਣੁ ਆਣਿ ਜਲਾਈਐ॥*** ***ਪੰਨਾ - 25***

ਸੱਚ ਨੂੰ ਬੁੱਝੋ ਕਿ ਸੱਚ ਕੀ ਹੈ? ਕਿਵੇ ਪ੍ਰਵੇਸ਼ ਕਰਦਾ ਹੈ - ਆਦਮੀ ਦੇ ਅੰਦਰ, ਕਿਵੇਂ ਸੱਚ ਦਾ ਪ੍ਰਕਾਸ਼ ਹੋ ਸਕਦਾ ਹੈ? ਉਹ ਚੀਜ਼ ਕਿਹੜੀ ਹੈ ਜਿਸ ਨੇ ਸੱਚ ਦੇ ਅੱਗੇ ਦੀਵਾਰ ਖੜ੍ਹੀ ਕਰ ਦਿਤੀ? ਸਿੱਧਾਂ ਨੇ ਪੁਛਿਆ ਸੀ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਪੰਨਾ - 1***

ਸੱਚੇ ਪਾਤਸ਼ਾਹ! ਸੱਚ ਦੇ ਅੱਗੇ ਹਉਮੈ ਦੀ ਦੀਵਾਰ ਖੜ੍ਹੀ ਹੈ, ਇਹ ਕਿਸ ਤਰ੍ਹਾਂ ਟੁੱਟੇ, ਮਹਾਰਾਜ ਕਹਿੰਦੇ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਪੰਨਾ - 1***

ਉਸ ਪ੍ਰਮੇਸ਼ਰ ਦੀ ਮਰਜ਼ੀ ਦੇ ਵਿਚ ਆਪਣੇ ਆਪ ਨੂੰ ਸੁਰ ਕਰ ਲੈ, ਜੋ ਵਾਹਿਗੁਰੂ ਦੀ ਮਰਜ਼ੀ ਹੁੰਦੀ ਹੈ, ਉਸ ਤੇ ਕਿੰਤੂ ਨਾ ਕਰ, ਉਸ ਦੀ ਸੁਰ ਦੇ ਨਾਲ ਸੁਰ ਮਿਲਾ ਲੈ। ਫਿਰ ਉਸ ਦੀ ਮਰਜ਼ੀ ਤੇਰੇ ਨਾਲ ਲਿਖੀ ਹੋਈ ਹੈ, ਕੋਈ ਬਾਹਰੋਂ ਨਹੀਂ ਆਉਣੀ, ਤੂੰ ਕਿਉਂ ਡਰਦਾ ਹੈਂ। ਪ੍ਰਮੇਸ਼ਰ ਨੂੰ ਮਿਲਣ ਦੇ ਰਸਤੇ ਵਿਚ ਦੋ ਦਰਵਾਜ਼ੇ ਹਨ, ਰੁਕਾਵਟਾਂ ਹਨ - ਆਸਾ ਤੇ ਅੰਦੇਸਾ। ਹਰ ਵੇਲੇ ਫਿਕਰ ਰਹਿੰਦਾ ਹੈ ਕਿ ਇਹ ਗੱਲ ਨਾ ਹੋ ਜਾਵੇ, ਉਹ ਗੱਲ ਨਾ ਹੋ ਜਾਵੇ; ਇਹ ਗੱਲ ਹੋ ਜਾਵੇ, ਇਸ ਕਿਸਮ ਦੇ ਦਰਵਾਜ਼ੇ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦੇ। ਸੱਚ ਨੂੰ ਬੁੱਝ ਲੈ, ਸੱਚ ਹੈ ਕੀ? ਸੱਚ ਨੂੰ ਬੁੱਝਣ ਵਾਸਤੇ ਗੁਰੂ ਮਹਾਰਾਜ ਨੇ ਬਹੁਤ ਵਿਸਥਾਰ ਨਾਲ ਆਸਾ ਜੀ ਦੀ ਵਾਰ ਵਿਚ ਲਿਖਿਆ ਹੈ -

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥***
***ਪੰਨਾ - 468***

ਪੰਜ ਛੇ ਤਰੀਕੇ ਦੱਸੇ ਹਨ ਪਰ ਅੰਤ ਵਿਚ ਦੱਸਿਆ ਹੈ-

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***
***ਪੰਨਾ - 468***

ਇਹ ਸਾਰਾ ਸੰਸਾਰ ਹੀ ਵਾਹਿਗੁਰੂ ਦਾ ਸਾਕਾਰ ਰੂਪ ਹੈ, ਇਹਨੂੰ ਬੁੱਝ ਕੇ, ਇਹਨੂੰ ਅਪਨਾਅ ਕੇ ਫਿਰ ਦੀਵਾ ਜਲ ਜਾਂਦਾ ਹੈ -

***ਇਹੁ ਤੇਲੁ ਦੀਵਾ ਇਉ ਜਲੈ॥***
***ਕਰਿ ਚਾਨਣੁ ਸਾਹਿਬ ਤਉ ਮਿਲੈ॥*** ***ਪੰਨਾ - 25***

ਇਸ ਢੰਗ ਨਾਲ ਗਿਆਨ ਦਾ ਪ੍ਰਕਾਸ਼ ਹੁੰਦਾ ਹੈ -

ਸਾਧ ਸੰਗਤ ਜੀ! ਬਹੁਤ ਵਾਰੀ ਨੌਧਾ ਭਗਤੀ ਬਾਰੇ ਵੀਚਾਰ ਕੀਤੀ ਹੈ, ਨੌ ਕਿਸਮ ਦੀ ਭਗਤੀ ਹੈ। ਜਿੰਨੀ ਦੇਰ ਤਕ ਭਗਤੀ ਨਹੀਂ ਕਰਦਾ, ਉਨੀਂ ਦੇਰ ਤਕ ਲੰਘ ਨਹੀਂ ਸਕਦਾ ਕਿਉਂਕਿ ਅਖੀਰ ਵਿਚ ਭਗਤੀ ਨੂੰ ਫਲ ਪਿਆਰ ਦਾ ਲਗਦਾ ਹੈ। ਜਿੰਨਾਂ ਚਿਰ ਆਦਮੀ ਦੇ ਅੰਦਰ ਪ੍ਰੇਮ ਨਹੀਂ ਪੈਦਾ ਹੁੰਦਾ -

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***
***ਪੰਨਾ - 1379***

ਭਗਤੀ ਤੋਂ ਬਗੈਰ ਤਨ ਮਸਾਣ ਹੁੰਦਾ ਹੈ। ਭਗਤੀ ਨੌਂ ਕਿਸਮ ਦੀ ਹੈ, 81 ਭੇਦ ਹੋਇਆ ਕਰਦੇ ਹਨ ਭਗਤੀ ਦੇ, ਰਜੋ ਗੁਣ, ਸਤੋ ਗੁਣ ਤੇ ਤਮੋ ਗੁਣ ਇਨ੍ਹਾਂ ਦੇ ਵਿਚ ਫੇਰ ਇਕੱਲੇ ਇਕੱਲੇ ਦੇ ਅੰਦਰ ਤਿੰਨ ਤਿੰਨ ਗੁਣ ਹੁੰਦੇ ਹਨ।



Sri Satguru Jagjit Singh Ji eLibrary NamdhariElibrary@gmail.com

ਸਤਿਸੰਗ ਵਿਚ ਆ ਕੇ ਸੁਣਨ ਦਾ ਕੀ ਫਲ ਹੁੰਦਾ ਹੈ? ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਸ਼ਿਵ ਜੀ ਮਹਾਰਾਜ ਇਕ ਵਾਰੀ ਕਸ਼ਮੀਰ ਦੇ ਬਰਫਾਨੀ ਪਹਾੜਾਂ ਵਿਚ ਜਾ ਰਹੇ ਸਨ ਤੇ ਪਾਰਬਤੀ ਕਹਿਣ ਲੱਗੀ ਮਹਾਰਾਜ! ਆਪ ਸੁਣਨ ਦੀ ਮਹਿਮਾ ਬਹੁਤ ਦਸਦੇ ਹੋ, ਆਪ ਕ੍ਰਿਪਾ ਕਰਕੇ ਮੈਨੂੰ ਅਮਰ ਕਥਾ ਤਾਂ ਸੁਣਾ ਦਿਓ ਕਿਉਂਕਿ ਅਮਰ ਕਥਾ ਬ੍ਰਹਮ ਗਿਆਨ ਦੀ ਕਥਾ ਹੁੰਦੀ ਹੈ। ਸ਼ਿਵ ਜੀ ਨੇ ਉਤਰ ਦਿਤਾ ਕਿ ਪਾਰਬਤੀ ਤੂੰ ਅਧਿਕਾਰੀ ਨਹੀਂ ਹੈਂ। ਸੋ ਜਿਥੇ ਅਧਿਕਾਰੀ ਨਾ ਹੋਵੇ ਉਥੇ ਬ੍ਰਹਮ ਦੀ ਕਥਾ ਕਹਿਣੀ ਨਹੀਂ ਚਾਹੀਦੀ ਕਿਉਂਕਿ ਸੁਣਨ ਵਾਲੇ ਕੋਲ ਉਹ ਚੀਜ਼ਾਂ ਨਹੀਂ ਹੁੰਦੀਆਂ, ਜਿਹੜੀਆਂ ਉਹ ਸੰਭਾਲ ਸਕੇ। ਇਸ ਤਰ੍ਹਾਂ ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਧਾਰਨਾ – ਜਿਥੇ ਮਿਲੇ ਨਾ ਸੌਦਾਗਰ ਪੂਰਾ,***
***ਗੱਠੜੀ ਨਾ ਖੋਲ੍ਹੀਂ ਨਾਮ ਦੀ – 2, 2***
***ਮੇਰੇ ਪਿਆਰੇ, ਗੱਠੜੀ ਨਾ ਖੋਲ੍ਹੀਂ ਨਾਮ ਦੀ – 2***
***ਜਿਥੇ ਮਿਲੇ ਨਾ ਸੌਦਾਗਰ ਪੂਰਾ,............।***

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਪੰਨਾ – 1365***

ਇਕ ਸੌਦਾਗਰ ਕਾਫਲਾ ਲੈ ਕੇ ਜਾ ਰਿਹਾ ਸੀ, ਉਸ ਨੇ ਸੋਚਿਆ, ਲੰਘਦੇ ਲੰਘਦੇ ਕਬੀਰ ਸਾਹਿਬ ਕੋਲੋਂ ਨਾਮ ਲੈ ਚੱਲੀਏ। ਕਾਫਲੇ ਵਾਲਿਆਂ ਨੂੰ ਕਹਿਣ ਲੱਗਾ, ਮੈਂ ਹੁਣੇ ਆ ਕੇ ਤੁਹਾਡੇ ਨਾਲ ਰਲਦਾ ਹਾਂ। ਜਦੋਂ ਆ ਕੇ ਦੇਖਿਆ ਕਿ ਕਬੀਰ ਸਾਹਿਬ ਤਾਂ ਝੌਂਪੜੀ ਵਿਚ ਰਹਿੰਦੇ ਹਨ; ਜੇ ਮੈਂ ਇਨ੍ਹਾਂ ਨੂੰ ਪੰਜਾਹ ਮੋਹਰਾਂ ਵੀ ਭੇਟਾ ਕਰ ਦੇਵਾ ਤਾਂ ਬਹੁਤ ਵੱਡੀ ਰਕਮ ਹੈ। ਪੰਜਾਹ ਮੋਹਰਾਂ ਭੇਟਾ ਕਰਕੇ ਕਹਿਣ ਲੱਗਾ ਕਿ ਮੈਨੂੰ ਜਲਦੀ ਨਾਮ ਦੇ ਦਿਓ, ਮੈਂ ਜਾ ਕੇ ਕਾਫਲੇ ਨਾਲ ਰਲਣਾ ਹੈ, ਰਸਤੇ ਵਿਚ ਬਹੁਤ ਖਤਰੇ ਹੁੰਦੇ ਹਨ, ਕ੍ਰਿਪਾ ਕਰਕੇ ਮੈਨੂੰ ਨਾਮ ਦੇ ਦਿਓ। ਫੇਰ ਕਬੀਰ ਸਾਹਿਬ ਨੂੰ ਕਹਿਣ ਲੱਗਾ ਕਿ ਮੇਰੇ ਵਲ ਧਿਆਨ ਦੇਵੋ, ਮੈਂ ਦੂਰ ਜਾਣਾ ਹੈ, ਮੈਨੂੰ ਨਾਮ ਦੇ ਦਿਓ। ਕਬੀਰ ਸਾਹਿਬ ਉਠੇ, ਇਕ ਪੱਥਰ ਲਿਆ, ਛੁਰੀ ਲਈ ਤੇ ਛੁਰੀ ਨੂੰ ਤੇਜ਼ ਕਰਨ ਲਗ ਪਏ। ਕੁਝ ਦੇਰ ਇੰਤਜ਼ਾਰ ਕਰਕੇ ਫੇਰ ਕਹਿਣ ਲੱਗਾ ਕਿ ਮੈਂ ਦੂਰ ਜਾਣਾ ਹੈ, ਮੈਨੂੰ ਨਾਮ ਦੇ ਦਿਓ। ਕਬੀਰ ਸਾਹਿਬ ਕਹਿਣ ਲੱਗੇ, "ਭਾਈ! ਅਸੀਂ ਤੇਰਾ ਹੀ ਕੰਮ ਕਰ ਰਹੇ ਹਾਂ।" ਕਹਿਣ ਲੱਗਾ, "ਕਿਸ ਤਰ੍ਹਾਂ?" ਕਬੀਰ ਸਾਹਿਬ ਕਹਿਣ ਲੱਗੇ, "ਤੇਰਾ ਸੀਸ ਕੱਟ ਕੇ ਇਕ ਪਲੜੇ ਵਿਚ ਪਾਵਾਂਗੇ, ਦੂਜੇ ਪਾਸੇ ਨਾਮ; ਫੇਰ ਦੇਖਾਂਗੇ ਕਿ ਤੈਨੂੰ ਨਾਮ ਦੇਈਏ ਜਾਂ ਨਾ।" ਕਹਿਣ ਲੱਗੇ, "ਗੁਰਮੁਖਾ! ਤੂੰ ਐਨੀ ਛੇਤੀਂ ਨਾਮ ਮੰਗਦਾ ਹੈਂ।"

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਪੰਨਾ – 81***

ਤੂੰ ਪੰਜਾਹ ਮੋਹਰਾਂ ਮੱਥਾ ਟੇਕ ਕੇ ਨਾਮ ਮੰਗਦਾ ਹੈਂ –

***ਕੰਚਨ ਸਿਉ ਪਾਈਐ ਨਹੀ ਤੋਲਿ॥***
***ਮਨੁ ਦੇ ਰਾਮੁ ਲੀਆ ਹੈ ਮੋਲਿ॥ ਪੰਨਾ – 327***

ਇਸ ਵਾਸਤੇ ਤਾਂ ਪਹਿਲਾਂ ਸੀਸ ਦੇਣਾ ਪੈਂਦਾ ਹੈ, ਜੇ ਕੋਈ ਪ੍ਰਮੇਸ਼ਰ ਦੀ ਗੱਲ ਵੀ ਸੁਣਾ ਦੇਵੇ –

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ – 558***

ਰੂਹਾਨੀ ਅਵਸਥਾ, ਨਾਮ ਮੰਗਦਾ ਹੈਂ, ਨਾਮ ਐਨਾ ਸਸਤਾ ਨਹੀਂ ਪ੍ਰੇਮੀਆ! ਇਹ ਆਪਣੀ ਮਾਇਆ ਵਾਪਸ ਚੁੱਕ ਲੈ, ਸਾਡੇ ਕਿਸੇ ਕੰਮ ਨਹੀਂ। ਨਾਮ ਖਰੀਦਿਆ ਨਹੀਂ ਜਾ ਸਕਦਾ, ਕਿਸੇ ਛਲ ਕਪਟ ਨਾਲ ਨਹੀਂ ਲਿਆ ਜਾ ਸਕਦਾ, ਜਗਿਆਸੂ ਪੂਰਾ ਹੋਵੇ, ਨਾਮ ਦਿਤੇ ਜਾਣ ਦੀ ਕਸਵੱਟੀ ਸਹਿ ਜਾਵੇ ਤਾਂ ਨਾਮ ਦੀ ਦਾਤ ਮਿਲਦੀ ਹੈ, ਨਹੀਂ ਤਾਂ ਹਿਰਦੇ ਵਿਚ ਨਾਮ ਹਰਾ ਨਹੀਂ ਹੋਇਆ ਕਰਦਾ ਕਿਉਂਕਿ ਪੂਰਾ ਗਾਹਕ ਨਹੀਂ ਆਇਆ।

ਇਸੇ ਤਰ੍ਹਾਂ ਸ਼ਿਵ ਜੀ ਮਹਾਰਾਜ ਕਹਿਣ ਲੱਗੇ ਪਾਰਬਤੀ ਨੂੰ ਕਿ ਤੂੰ ਅਧਿਕਾਰੀ ਨਹੀਂ ਕਿਉਂਕਿ ਜਦੋਂ ਪ੍ਰਮੇਸ਼ਰ ਦੀ ਗੱਲ ਕਰੀਏ ਤਾਂ ਤੈਨੂੰ ਨੀਂਦ ਆ ਜਾਂਦੀ ਹੈ।

ਚਾਰ ਕਿਸਮ ਦੇ ਸਰੋਤੇ ਹੁੰਦੇ ਹਨ –

1. ਪਹਿਲਿਆਂ ਨੂੰ ਊਂਘੇ ਕਹਿੰਦੇ ਹਨ ਜਿਨ੍ਹਾਂ ਨੂੰ ਨੀਂਦ ਆ ਜਾਂਦੀ ਹੈ।

2. ਦੂਜੇ ਨਾਲੇ ਤਾਂ ਸੁੱਤੇ ਹੁੰਦੇ ਹਨ, ਨਾਲੇ ਖੰਘੀ ਜਾਂਦੇ ਹਨ। ਜਦੋਂ ਆਦਮੀ ਖੰਘਦਾ ਹੈ ਉਹਦੇ ਸਾਹ ਵਿਚੋਂ ਦੋ ਲੱਖ ਕੀਟਾਣੂ ਨਿਕਲਦੇ ਹਨ। ਜੋ ਬਿਮਾਰੀ ਉਸ ਨੂੰ ਲੱਗੀ ਹੈ ਉਹ ਦੂਜਿਆਂ ਨੂੰ ਵੀ ਫੈਲਾਉਂਦਾ ਹੈ। ਜੇ ਜ਼ੁਖਾਮ ਦਾ ਮਰੀਜ਼ ਹੈ, ਖੰਘੀ ਵੀ ਜਾਵੇਗਾ ਤੇ ਦੂਜਿਆਂ ਨੂੰ ਵੀ ਜ਼ੁਖਾਮ ਲਗਾ ਦੇਵੇਗਾ, ਦੂਜਿਆਂ ਨੂੰ disturb (ਅਸ਼ਾਂਤ) ਕਰਦਾ ਹੈ। ਉਨ੍ਹਾਂ ਨੂੰ ਖੁੰਘੇ ਕਹਿੰਦੇ ਹਨ।

3. ਤੀਜੇ ਹੁੰਦੇ ਹਨ ਸੂੰਘੇ – ਉਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਤਾਂ ਹੁੰਦਾ ਨਹੀਂ ਪਰ ਉਹ ਕੇਵਲ ਇਕ ਜਜਮੈਂਟ ਕਰਨ (ਅੰਦਾਜ਼ਾ ਲੈਣ) ਆਉਂਦੇ ਹਨ ਕਿ ਸੁਣਾਉਣ ਵਾਲਾ ਕੀ ਬੋਲਦਾ ਹੈ? ਕੈਸੇ ਬਚਨ ਕਰਦਾ ਹੈ, ਫਿਰ ਉਸ ਦੀ ਜਜਮੈਂਟ ਕਰਕੇ ਫਿਰ ਆਪ ਫੈਸਲਾ ਦਿੰਦੇ ਹਨ। ਉਨ੍ਹਾਂ ਨੂੰ ਸੂੰਘੇ ਕਿਹਾ ਜਾਂਦਾ ਹੈ, ਉਹ ਨਿਰਣੇ ਤਕ ਨਹੀਂ ਬੈਠਦੇ ਕਿ ਅਖੀਰ ਤੇ ਕੋਈ ਨਤੀਜਾ ਨਿਕਲਦਾ ਹੈ ਕਿ ਨਹੀਂ।

4. ਚੌਥੇ ਹੁੰਦੇ ਹਨ ਚੂੰਘੇ – ਇਹ ਪ੍ਰੇਮੀ ਹੁੰਦੇ ਹਨ ਜੋ ਇਕ ਇਕ ਬਚਨ ਨੂੰ ਹਿਰਦੇ ਵਿਚ ਧਾਰ ਕੇ ਪਹਿਲਾਂ ਤਾਂ ਬਹਿਰੰਗ ਸਤਿਸੰਗ ਕਰਦੇ ਹਨ, ਫਿਰ ਉਹ ਅੰਤਰੰਗ ਸਤਿਸੰਗ ਵਿਚ ਜਾ ਕੇ ਨਿਧਿਆਸਣ ਕਰਦੇ ਹਨ। ਕੇਵਲ ਉਹ ਪਰਮ ਅਧਿਕਾਰੀ ਹੁੰਦੇ ਹਨ। ਬਾਕੀ ਜਿਹੜੇ ਤਿੰਨ ਹਨ, ਉਹ ਮੱਧਮ ਤੇ ਕਨਿਸ਼ਟ ਅਧਿਕਾਰੀ ਹੁੰਦੇ ਹਨ। ਸੋ ਸ਼ਿਵ ਜੀ ਮਹਾਰਾਜ ਨੇ ਫੁਰਮਾਨ ਕੀਤਾ ਪਾਰਬਤੀ! ਕਿਉਂਕਿ ਤੂੰ ਸੌਂ ਜਾਂਦੀ ਹੈਂ, ਇਸ ਲਈ ਅਧਿਕਾਰੀ ਨਹੀਂ।

ਅਖੀਰ ਸ਼ਿਵ ਜੀ ਮਹਾਰਾਜ ਅਮਰਨਾਥ ਦੀ ਗੁਫਾ ਵਿਚ ਚਲੇ ਗਏ, ਕਹਿਣ ਲੱਗੇ ਇਹ ਇਕਾਂਤ ਥਾਂ ਹੈ, ਇਥੇ ਕੋਈ disturb (ਅਸ਼ਾਂਤ) ਕਰਨ ਵਾਲਾ ਨਹੀਂ ਹੈ, ਹੁਣ ਤੂੰ ਚੌਂਕੜਾ ਮਾਰ ਲੈ, ਰੀੜ੍ਹ ਦੀ ਹੱਡੀ ਨੂੰ ਸਿੱਧਾ ਕਰ ਲੈ, ਰੀੜ੍ਹ ਦੀ ਹੱਡੀ ਗਰਦਨ ਤੇ ਸਿਰ ਨੂੰ ਇਕ ਲਾਈਨ ਵਿਚ ਲੈ ਆ। ਗੋਡਿਆਂ



Sri Satguru Jagjit Singh Ji eLibrary NamdhariElibrary@gmail.com

ਤੇ ਹੱਥ ਰੱਖ ਕੇ ਧਿਆਨ ਨਾਲ ਬੈਠ, ਜਿਹੜੀ ਚੀਚੀ ਉਂਗਲੀ ਹੈ ਇਸ ਤੇ ਅੰਗੂਠਾ ਲਾ ਲੈ ਕਿਉਂਕਿ ਇਸ ਤਰ੍ਹਾਂ ਆਦਮੀ ਸਾਵਧਾਨ ਰਹਿੰਦਾ ਹੈ। ਜਦੋਂ ਸਮਝਾ ਦਿਤਾ ਤਾਂ ਕਿਹਾ ਕਿ ਮੈਂ ਨੇਤਰ ਬੰਦ ਕਰਕੇ ਗੱਲ ਕਰੀ ਜਾਵਾਂਗਾ ਤੇ ਤੂੰ 'ਹਾਂ ਹਾਂ' ਕਰਕੇ ਹੰਗੂਰਾ ਭਰੀ ਜਾਈਂ। ਕੁਦਰਤੀ ਉਥੇ ਇਕ ਤੋਤਾ ਬੈਠਾ ਸੀ ਜਿਹੜਾ ਉਨ੍ਹਾਂ ਨੇ ਨਾ ਦੇਖਿਆ। ਜਦੋਂ ਸ਼ਿਵ ਜੀ ਅਮਰ ਕਥਾ ਸੁਨਾਉਣ ਲੱਗੇ ਤਾਂ ਤੋਤਾ ਵੀ ਨਾਲ ਦੀ ਨਾਲ ਹੀ ਹਾਂ ਹੂੰ ਕਰਦਾ ਰਿਹਾ। ਪਾਰਬਤੀ ਸੌਂ ਗਈ, ਸ਼ਿਵ ਜੀ ਨੇ ਬ੍ਰਹਮ ਗਿਆਨ ਦੀ ਕਥਾ ਸੁਣਾ ਦਿਤੀ। ਅਮਰ ਕਥਾ ਉਸ ਨੂੰ ਕਹਿੰਦੇ ਹਨ ਜਿਸ ਨੂੰ ਸੁਣ ਕੇ ਆਦਮੀ ਫਿਰ ਕਦੀ ਮਰੇ ਨਾ, ਸਦਾ ਵਾਸਤੇ ਅਮਰ ਹੋ ਜਾਵੇ, ਉਸ ਨੂੰ ਅੰਮ੍ਰਿਤ ਕਥਾ ਵੀ ਕਹਿੰਦੇ ਹਨ, ਉਸ ਨੂੰ ਸਤਿ ਕਥਾ ਵੀ ਕਹਿੰਦੇ ਹਨ, ਬ੍ਰਹਮਗਿਆਨ ਦੀ ਕਥਾ ਵੀ ਉਸ ਨੂੰ ਕਹਿੰਦੇ ਹਨ, ਤੱਤ ਬਾਣੀ ਦੀ ਕਥਾ ਵੀ ਉਸ ਨੂੰ ਕਹਿੰਦੇ ਹਨ, ਅਨੇਕਾਂ ਨਾਮ ਰੱਖੇ ਹੋਏ ਹਨ। ਜਦੋਂ ਸ਼ਿਵ ਜੀ ਨੇ ਨੇਤਰ ਖੋਲ੍ਹੇ ਤਾਂ ਹੈਰਾਨ ਰਹਿ ਗਏ ਕਿ ਪਾਰਬਤੀ ਤਾਂ ਸੁੱਤੀ ਪਈ ਹੈ। ਚਿੱਤ ਦੀਆਂ ਪੰਜ ਬਿਰਤੀਆਂ ਹੁੰਦੀਆਂ ਹਨ, ਪੰਜ ਅਵਸਥਾ ਹੁੰਦੀਆਂ ਹਨ-

1. ਪਹਿਲੀ ਹੁੰਦੀ ਹੈ ਕਿ ਆਦਮੀ ਮੂੜ੍ਹ ਅਵਸਥਾ ਵਿਚ ਚਲਾ ਜਾਂਦਾ ਹੈ, ਸਮਾਧੀ ਲਗਾਈ ਹੋਈ ਹੈ, ਨਾਮ ਜਪ ਰਿਹਾ ਹੈ, ਬਾਹਰੋਂ ਦੇਖ ਰਹੇ ਹਨ ਕਿ ਨਾਮ ਜਪ ਰਿਹਾ ਹੈ, ਅੰਦਰੋਂ ਤੁੰਦਰਾ ਪਈ ਹੋਈ ਹੈ, ਉਸ ਨੂੰ ਟਾਈਮ ਦਾ ਵੀ ਪਤਾ ਨਹੀਂ ਲਗਦਾ। ਮੂੜ੍ਹ ਅਵਸਥਾ ਵਿਚ ਪੰਜਾਂ ਚੋਰਾਂ ਨੇ ਖੜਦੁੰਮ ਪਾਇਆ ਹੁੰਦਾ ਹੈ, ਪ੍ਰੇਮ ਨਹੀਂ ਹੁੰਦਾ।

2. ਦੂਜੀ ਹੁੰਦੀ ਹੈ ਲੈਅਤਾ; ਇਕ ਖਿਆਲ ਆ ਗਿਆ ਉਸ ਖਿਆਲ ਦੇ ਨਾਲ ਹੀ ਘੰਟਿਆਂ ਬੱਧੀ ਚਲਦਾ ਗਿਆ- ਅੱਗੇ ਹੀ ਅੱਗੇ, ਜਿਸ ਤਰ੍ਹਾਂ ਸੰਸਾਰ ਫੈਲਦਾ ਹੈ, ਇਸ ਤਰ੍ਹਾਂ ਹੀ ਫੁਰਨੇ ਦੀ ਫੈਲਾਵਟ ਹੋਈ ਜਾਂਦੀ ਹੈ। ਮੰਤਰ ਦਾ ਕੋਈ ਪਤਾ ਨਹੀਂ ਕਿਥੇ ਰਹਿ ਗਿਆ। ਲੈਅਤਾ ਵਿਚ ਹੀ ਫੁਰਨੇ ਕਰਦਾ ਰਿਹਾ।

3. ਤੀਜੀ ਹੋਇਆ ਕਰਦੀ ਹੈ ਵਿਖਸ਼ੇਪਤਾ। ਇਕ ਗੱਲ ਆ ਗਈ, ਦੂਜੀ ਆ ਗਈ, ਤੀਜੀ ਤੇ ਫੇਰ ਚੌਥੀ ਆ ਗਈ। ਏਧਰੋਂ ਸੁਣਨ ਲਗ ਪਿਆ, ਉਧਰੋਂ ਸੁਣਨ ਲਗ ਪਿਆ, ਮਨ ਦੇ ਫੁਰਨੇ ਨੂੰ ਰੋਕ ਨਾ ਸਕਿਆ, ਦੂਜੇ ਨਾਲ ਗੱਲ ਕਰਨੀ ਸ਼ੁਰੂ ਕਰ ਦਿਤੀ, ਇਸ ਨੂੰ ਵਿਖਸ਼ੇਪਤਾ ਕਹਿੰਦੇ ਹਨ।

4. ਚੌਥੀ ਹੁੰਦੀ ਹੈ ਇਕਾਗਰਤਾ। ਚਿੱਤ ਆਪਣੇ 'ਧੇਅ' ਨਾਲ ਲੱਗਿਆ ਰਹਿੰਦਾ ਹੈ, ਉਸ ਨੂੰ ਛਡਦਾ ਨਹੀਂ। ਜੇ ਨਾਮ ਦੀ ਧੁਨੀ ਨਾਲ ਲੱਗਿਆ ਹੈ ਤਾਂ ਉਸ ਵਿਚ ਹੀ ਲੀਨ ਹੈ, ਨਹੀਂ ਤਾਂ ਨਾਮ ਦੀ ਧੁਨੀ ਮੱਧਮ ਪੈ ਜਾਂਦੀ ਹੈ, ਜੇਕਰ ਇਕਾਗਰਤਾ ਨਾ ਹੋਵੇ। ਇਕਾਗਰਤਾ ਨੂੰ ਹੀ ਯੋਗ ਕਿਹਾ ਜਾਂਦਾ ਹੈ, ਯੋਗ ਨਾਮ ਹੈ ਚਿੱਤ ਦੀਆਂ ਅਨਗਿਣਤ ਬਿਰਤੀਆਂ ਨੂੰ ਸ਼ਾਂਤ ਕਰਕੇ ਮੰਤਰ ਜਾਂ ਬ੍ਰਹਮ ਚਿੰਤਨ, ਜਾਂ ਨਾਮ ਧੁਨ ਤੇ ਜਾਂ ਧਿਆਨ ਵਿਚ ਦੱਸੇ ਗੁਰੂ ਵਜੂਦ ਤੇ ਫੁਰਨੇ ਰਹਿਤ ਹੋ ਕੇ ਸੁਰਤ ਨੂੰ ਕੇਂਦਰਤ ਕਰਨਾ, ਟਿਕਾਉਣਾ। ਇਸ ਕਾਰਜ ਲਈ ਅਲਪ ਪੌਸ਼ਟਿਕ ਅਹਾਰ, ਸਮਾਨ ਨੀਂਦ ਆਦਿ ਜ਼ਰੂਰੀ ਹੁੰਦੇ ਹਨ।

5. ਪੰਜਵੀਂ ਨਿਰੁੱਧ ਅਵਸਥਾ ਹੁੰਦੀ ਹੈ। ਨਿਰੁੱਧ ਉਹ ਅਵਸਥਾ ਹੁੰਦੀ ਹੈ ਜਿਥੇ ਸਾਰੀਆਂ ਵਾਸ਼ਨਾਵਾਂ, ਪੰਜੇ ਬਿਰਤੀਆਂ ਸ਼ਾਂਤ ਹੋ ਜਾਣ, ਕੇਵਲ ਪ੍ਰਮੇਸ਼ਰ ਸਾਮ੍ਹਣੇ ਰਹਿ ਜਾਵੇ, ਸੰਸਾਰ ਵੀ ਮਿਟ ਜਾਵੇ ਤੇ ਆਪ ਵੀ ਮਿਟ ਜਾਵੇ, ਉਸ ਨੂੰ ਨਿਰੁੱਧ ਅਵਸਥਾ ਕਹਿੰਦੇ ਹਨ। ਇਸ ਅਵਸਥਾ ਵਿਚ ਮਾਇਆ ਦੇ ਪਾਏ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ, ਕੇਵਲ ਪ੍ਰਭੂ ਹੀ ਆਪਣੇ ਸਤਿ ਸਰੂਪ ਵਿਚ ਆਪਣੀ ਮਹਿਮਾ ਵਿਚ ਸਥਿਤ ਹੁੰਦਾ ਹੈ। ਇਹ ਸਮਾਧੀ, ਸਹਿਜ ਸਮਾਧੀ ਦੀ ਸੂਚਕ ਹੈ। ਕੁਝ ਭੀ ਜਾਨਣ ਲਈ ਕੋਈ ਕਰਮ ਵਿਸ਼ੇਸ਼ ਨਹੀਂ ਬਚਦਾ। ਸੱਚਾ ਹੁਕਮ ਵਰਤਦਾ ਕ੍ਰਿਆ ਦੇ ਰੂਪ ਵਿਚ ਪ੍ਰਤੱਖ ਹੁੰਦਾ ਹੈ। ਬੁਰੇ-ਭਲੇ, ਵੈਰੀ-ਮਿਤਰ, ਹਾਨ-ਲਾਭ, ਅਮੀਰ-ਗਰੀਬ, ਕੋਈ ਦ੍ਵੰਦ ਨਹੀਂ ਬਚਦਾ। ਸਤਿ ਹੀ ਸਤਿ ਰਹਿ ਜਾਂਦਾ ਹੈ। ਖੰਡ ਭੀ ਸੱਚੇ ਦਾ ਰੂਪ, ਬ੍ਰਹਿਮੰਡ ਭੀ ਸੱਚੇ ਦਾ ਰੂਪ, ਆਕਾਰ ਤੇ ਲੋਅ ਭੀ ਸੱਚੇ ਦਾ ਹੀ ਰੂਪ, ਸਤਿ ਹੀ ਸਤਿ ਆਪੇ ਆਪ ਹੁੰਦਾ ਹੈ।

ਸੋ ਪਾਰਬਤੀ ਮੂੜ੍ਹ ਅਵਸਥਾ ਵਿਚ ਚਲੀ ਗਈ, ਸ਼ਿਵ ਜੀ ਨੇ ਸੋਚਿਆ ਕਿ ਸੁਣਦਾ ਕੌਣ ਸੀ ਤਾਂ ਦੇਖਿਆ ਇਹ ਤਾਂ ਤੋਤਾ ਸੁਣ ਕੇ ਹੁੰਗਾਰਾ ਭਰ ਰਿਹਾ ਸੀ। ਤੋਤਾ ਦੇਖਦੀ ਸਾਰ ਹੀ ਉਡ ਗਿਆ। ਲੇਕਿਨ ਸੁਣਨ ਦਾ ਫਲ ਕੀ ਹੋਇਆ, ਉਸ ਤੇ ਬਹੁਤ ਪ੍ਰਭਾਵ ਹੋਇਆ ਹਾਲਾਂਕਿ ਉਹ ਇਕ ਪਰਿੰਦਾ ਸੀ। ਵੇਦ ਵਿਆਸ ਜੀ ਦੇ ਲੜਕੇ ਨੂੰ, ਜਦੋਂ ਮਾਤਾ ਦੇ ਪੇਟ ਵਿਚ ਸੀ, ਉਹ ਸਭ ਕਥਾ ਯਾਦ ਰਹੀ ਅਤੇ ਪ੍ਰਮੇਸ਼ਰ ਜੀ ਕੋਲ ਬੇਨਤੀ ਕੀਤੀ ਕਿ ਪ੍ਰਭੂ ਮੇਰੇ ਜਨਮ ਸਮੇਂ ਮਾਇਆ ਨੂੰ ਰੋਕ ਦੇਣਾ, ਉਸ ਦੀ ਬੇਨਤੀ ਪ੍ਰਵਾਨ ਹੋ ਗਈ ਤੇ ਮਾਇਆ ਥੰਮ੍ਹ ਦਿਤੀ, ਜਨਮ ਲੈਣ ਤੋਂ ਬਾਅਦ ਉਸ ਨੇ ਬਾਰਾਂ ਸਾਲ ਦੀ ਉਮਰ ਤਕ ਉਦਾਸੀ ਲੈ ਕੇ ਬਹੁਤ ਤਪ ਕੀਤਾ, ਉਸ ਦਾ ਨਾਮ ਸੁਕਦੇਵ ਸੀ। ਫਿਰ ਰਾਜੇ ਜਨਕ ਕੋਲ ਗਿਆ ਕਿਉਂਕਿ ਗਿਆਨ ਪੂਰਨ ਮਹਾਤਮਾ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ। ਜਿਸ ਨੂੰ ਵਾਹਿਗੁਰੂ ਨੇ ਅਧਿਕਾਰ ਦਿਤਾ ਹੋਇਆ ਹੈ ਕੇਵਲ ਓਹੀ ਗਿਆਨ ਦੀ ਗੱਲ ਦੂਸਰੇ ਨੂੰ ਦਸ ਸਕਦਾ ਹੈ, ਬਾਕੀ ਤਾਂ ਇਸ ਤਰ੍ਹਾਂ ਹੈ ਜਿਵੇਂ ਬੱਚੇ ਨਾਟਕ ਖੇਲ੍ਹਦੇ ਹਨ; ਇਕ ਰਾਜਾ ਬਣ ਜਾਂਦਾ ਹੈ, ਬਾਦਸ਼ਾਹ ਬਣ ਗਿਆ, ਸਿਕੰਦਰ ਬਣ ਗਿਆ ਜਾਂ ਪੋਰਸ ਬਣ ਗਿਆ ਜਾਂ ਕੋਈ ਹੋਰ ਰਾਜਾ ਬਣ ਗਿਆ, ਉਹ ਨਾਟਕ ਦੇ ਅੰਦਰ ਹੁਕਮ ਚਲਾ ਰਿਹਾ ਹੈ, ਜਦੋਂ ਉਹ ਸਾਂਗ ਖਤਮ ਹੋ ਜਾਂਦਾ ਹੈ ਫਿਰ ਉਸ ਦਾ ਹੁਕਮ ਘਰਦਿਆਂ ਤੇ ਵੀ ਨਹੀਂ ਚਲਦਾ ਕਿਉਂਕਿ ਉਹ ਇਕ ਸਾਂਗ ਕਰ ਰਿਹਾ ਸੀ। ਅਧਿਕਾਰ ਤੋਂ ਬਗੈਰ ਐਵੇਂ ਗਿਆਨ ਨਹੀਂ ਦਿਤਾ ਜਾਂਦਾ, ਗਿਆਨ ਸਮਰੱਥ ਗੁਰੂ ਤੋਂ ਬਗੈਰ ਕੋਈ ਦੇ ਨਹੀਂ ਸਕਦਾ। ਸੋ ਇਸ ਕਰਕੇ ਸੁਕਦੇਵ ਤੇ ਅਮਰ ਕਥਾ ਸੁਣਨ ਦੇ ਮਹਾਤਮ ਦਾ ਅਸਰ ਰਹਿ ਗਿਆ। ਜੰਮਦੇ ਨੇ ਹੀ ਉਦਾਸੀ ਲੈ ਲਈ ਤੇ ਬੜੀ ਤਪੱਸਿਆ ਕੀਤੀ। ਫਿਰ ਆਪਣੇ ਪਿਤਾ ਕੋਲ ਆਇਆ ਤੇ ਕਹਿਣ ਲੱਗਾ, ਪਿਤਾ ਜੀ! ਮੈਂ ਕਰਪਾਤੀ ਰਹਿੰਦਾ ਹਾਂ, ਮੇਰੇ ਕੋਲ ਕੋਈ ਚੀਜ਼ ਨਹੀਂ ਹੈ ਕੇਵਲ ਇਕ ਲੰਗੋਟੀ ਹੈ। ਮੈਂ ਜੁੱਤੀ ਨਹੀਂ ਪਾਉਂਦਾ, ਸਿਰ ਤੇ ਕੁਝ ਨਹੀਂ ਲੈਂਦਾ, ਮੈਂ ਕੋਈ ਭੇਖ ਨਹੀਂ ਬਣਾਇਆ, ਕਿਸੇ ਚੀਜ਼ ਦੀ ਮੈਨੂੰ ਲੋੜ ਨਹੀਂ ਹੈ, ਪਰ ਫਿਰ ਵੀ ਮੇਰਾ ਮਨ ਸ਼ਾਂਤ ਨਹੀਂ ਹੁੰਦਾ ਕਿਉਂਕਿ ਗਿਆਨ ਹੀ ਦੀਵਾ ਹੈ, ਜੋ ਅੰਧੇਰੇ ਨੂੰ ਦੂਰ ਕਰਦਾ ਹੈ -



Sri Satguru Jagjit Singh Ji eLibrary NamdhariElibrary@gmail.com

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥***
***ਪੰਨਾ - 463***

***ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥***
***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥***
***ਪੰਨਾ - 469***

ਗਿਆਨ ਦੀ ਗੱਲ ਕੀਤੀ ਤਾਂ ਕਹਿਣ ਲੱਗਾ, ਪਿਤਾ ਜੀ! ਗਿਆਨ ਦੀ ਗੱਲ ਤਾਂ ਮੈਂ ਪਹਿਲਾਂ ਹੀ ਕਿਤਾਬਾਂ ਵਿਚ ਪੜ੍ਹੀ ਹੋਈ ਹੈ। ਵੇਦ ਵਿਆਸ ਜੀ ਨੇ ਸੋਚ ਲਿਆ ਕਿ ਇਹਦੀ ਮੇਰੇ 'ਤੇ ਗੁਰੂ ਭਾਵਨਾ ਨਹੀਂ ਹੈ, ਕੇਵਲ ਪਿਤਾ ਭਾਵਨਾ ਹੀ ਹੈ, ਜਦੋਂ ਤਕ ਗੁਰੂ ਭਾਵਨਾ ਨਹੀਂ ਬਣਦੀ, ਓਨੀ ਦੇਰ ਤਕ ਗਿਆਨ ਨਹੀਂ ਹੋ ਸਕਦਾ। ਉਨ੍ਹਾਂ ਨੇ ਸੁਕਦੇਵ ਨੂੰ ਬ੍ਰਹਮਾ ਜੀ ਪਾਸ ਭੇਜ ਦਿਤਾ, ਜਦੋਂ ਬ੍ਰਹਮਾ ਜੀ ਨੇ ਵੀ ਗਿਆਨ ਦੇਣਾ ਚਾਹਿਆ ਤਾਂ ਕਹਿਣ ਲੱਗਾ, ਇਹ ਤਾਂ ਮੈਂ ਕਿਤਾਬਾਂ ਵਿਚ, ਵੇਦਾਂ, ਉਪਨਿਸ਼ਦਾਂ ਵਿਚ ਪੜ੍ਹ ਬੈਠਾ ਹਾਂ। ਉਨ੍ਹਾਂ ਨੇ ਕਿਹਾ ਏਸ ਵਕਤ ਗਿਆਨ ਦੀ ਕੁੰਜੀ ਰਾਜੇ ਜਨਕ ਦੇ ਹੱਥ ਵਿਚ ਹੈ -

***ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥***
***ਪੰਨਾ - 1237***

ਸੁਕਦੇਵ ਰਾਜੇ ਜਨਕ ਕੋਲ ਗਿਆ, ਉਨ੍ਹਾਂ ਨੇ ਦੋ ਤਿੰਨ ਕਸਵੱਟੀਆਂ ਲਾਈਆਂ, ਜਦੋਂ ਕਸਵੱਟੀਆਂ ਵਿਚੋਂ ਲੰਘ ਗਿਆ ਤਾਂ ਗਿਆਨ ਦੀ ਦਾਤ ਦਿਤੀ, ਸੋ ਫਿਰ ਕਿੰਨੀ ਅਵਸਥਾ ਪ੍ਰਾਪਤ ਕੀਤੀ ਸੁਣਨ ਕਰਕੇ -

***ਸੁਣਿਐ ਈਸਰੁ ਬਰਮਾ ਇੰਦੁ॥***
***ਸੁਣਿਐ ਮੁਖਿ ਸਲਾਹਣ ਮੰਦੁ॥***
***ਸੁਣਿਐ ਜੋਗ ਜੁਗਤਿ ਤਨਿ ਭੇਦ॥***
***ਸੁਣਿਐ ਸਾਸਤ ਸਿਮ੍ਰਿਤਿ ਵੇਦ॥***
***ਨਾਨਕ ਭਗਤਾ ਸਦਾ ਵਿਗਾਸੁ॥***
***ਸੁਣਿਐ ਦੂਖ ਪਾਪ ਕਾ ਨਾਸੁ॥ ਪੰਨਾ - 3***

ਕੇਵਲ ਸੁਣਨ ਦੇ ਨਾਲ ਦੁਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ। ਇਕ ਮਿਸਾਲ ਨਹੀਂ ਹੈ, ਬੇਅੰਤ ਮਿਸਾਲਾਂ ਨੇ।

ਜਹਾਂਗੀਰ ਦਾ ਵਜ਼ੀਰ, ਜਿਸ ਦਾ ਨਾਮ ਵਜੀਰਖਾਨ ਸੀ ਜੋ ਲਾਹੌਰ ਵਿਚ ਰਹਿੰਦਾ ਸੀ, ਜਲੋਧਰ ਦੀ ਬਿਮਾਰੀ ਨਾਲ ਬਿਮਾਰ ਸੀ। ਇਕ ਸਿੱਖ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਪੜ੍ਹਦਾ ਜਾ ਰਿਹਾ ਸੀ। ਵਜੀਰਖਾਨ ਨੇ ਕਿਹਾ, ਇਹ ਸੁਣ ਕੇ ਮੈਨੂੰ ਸ਼ਾਂਤੀ ਆ ਗਈ। ਚੋਬਦਾਰ ਨੇ ਦੱਸਿਆ ਕਿ ਕੋਈ ਗੁਰੂ ਦਾ ਸਿੱਖ ਹੈ ਜੋ ਕਲਾਮ ਪੜ੍ਹਦਾ ਜਾਂਦਾ ਹੈ ਤੇ ਰਾਵੀ ਵਲ ਨਹਾਉਣ ਵਾਸਤੇ ਜਾ ਰਿਹਾ ਹੈ। ਕਹਿਣ ਲੱਗਾ ਕਿ ਜਦੋਂ ਮੁੜ ਕੇ ਆਵੇ ਤਾਂ ਮੇਰੇ ਕੋਲ ਬੁਲਾਈਂ। ਕੁਝ ਦੇਰ ਸ਼ਾਂਤੀ ਰਹੀ ਤੇ ਜਦੋਂ ਵਾਪਸ ਆਇਆ, ਵਜੀਰਖਾਨ ਨੇ ਬਹੁਤ ਅਧੀਨਗੀ ਨਾਲ ਕਿਹਾ, ਗੁਰਸਿਖਾ! ਤੂੰ ਕਿਹੜਾ ਕਲਾਮ ਪੜ੍ਹਦਾ ਹੈਂ? ਗੁਰਸਿੱਖ ਨੇ ਉਤਰ ਦਿਤਾ ਕਿ ਇਹ ਮੇਰੇ ਗੁਰੂ ਦੀ ਬਾਣੀ ਹੈ- ਸੁਖਮਨੀ ਸਾਹਿਬ। ਕਹਿਣ ਲੱਗਾ ਕਿ ਤੂੰ ਮੈਨੂੰ ਇਹ ਬਾਣੀ ਸੁਣਾ ਸਕਦਾ ਹੈਂ? ਗੁਰਸਿੱਖ ਨੇ ਉਤਰ ਦਿਤਾ ਕਿ ਜ਼ਰੂਰ ਸੁਣਾਵਾਂਗਾ ਕਿਉਂਕਿ ਸਾਡੇ ਗੁਰੂ ਦਾ ਹੁਕਮ ਹੈ -

***ਆਪ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

ਆਪ ਵੀ ਜਪੇ ਤੇ ਦੂਸਰਿਆਂ ਨੂੰ ਵੀ ਜਪਾਵੇ, ਪਦਵੀ ਵੀ ਬਹੁਤ ਉਚੀ ਦਿਤੀ ਹੈ, ਸਾਡੇ ਗੁਰੂ ਨੇ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

ਸੋ ਧੰਨ ਭਾਗ ਨੇ ਆਪ ਨੇ ਇਹ ਗੱਲ ਕਹੀ ਹੈ, ਉਚਾ ਆਸਣ ਦਿਤਾ ਗਿਆ, ਆਪ ਵਜੀਰਖਾਨ ਪੂਰੀ ਸ਼ਰਧਾ ਸਹਿਤ ਧਰਤੀ ਤੇ ਬੈਠ ਗਿਆ, ਗੁਰਸਿੱਖ ਪੜ੍ਹਦਾ ਗਿਆ, ਜਿਉਂ- ਜਿਉਂ ਪੜ੍ਹਦਾ ਗਿਆ, ਉਹਦਾ ਰੋਗ ਘਟਦਾ ਗਿਆ। ਅਖੀਰ ਕਹਿਣ ਲੱਗਾ, ਗੁਰਸਿਖਾ! ਇਹ ਆਪਣੇ ਗੁਰੂ ਦਾ ਕਲਾਮ ਮੈਨੂੰ ਰੋਜ਼ ਸੁਣਾ ਦਿਆ ਕਰ। ਮੈਂ ਇਹ ਸੁਣ ਕੇ ਸੁਖ ਮਹਿਸੂਸ ਕਰ ਰਿਹਾ ਹਾਂ।

ਇਕ ਗਿਆਨੀ ਸੰਤ ਰਾਮ ਹੋਏ ਹਨ, ਉਨ੍ਹਾਂ ਕੋਲ ਕੋਈ ਕੋਹੜ ਦਾ ਮਰੀਜ਼ ਆ ਗਿਆ। ਕਹਿਣ ਲੱਗੇ ਮੈਂ ਤੈਨੂੰ ਗੁਰੂ ਦੀ ਬਾਣੀ ਸੁਣਾਉਂਦਾ ਹਾਂ, ਉਨ੍ਹਾਂ ਨੇ 21 ਦਿਨ ਬਾਵਨ ਅਖਰੀ ਸੁਣਾ ਕੇ ਉਹਦਾ ਕੋਹੜ ਦੂਰ ਕਰ ਦਿਤਾ। ਭਾਈ ਵੀਰ ਸਿੰਘ ਜੀ ਲਿਖਦੇ ਹਨ ਇਕ ਸੰਤ ਯੋਗਾ ਅਭਿਆਸ ਕਰਦਾ ਕਰਦਾ ਯੋਗ ਭ੍ਰਿਸ਼ਟ ਹੋ ਗਿਆ। ਯੋਗਾ ਅਭਿਆਸ ਇਕ ਬਹੁਤ ਔਖੀ ਚੀਜ਼ ਹੈ, ਬੰਦਾ ਚਲ ਨਹੀਂ ਸਕਦਾ, ਜੇ ਕੁੰਡਲਨੀ ਜਗਾਉਣ ਵਿਚ ਜ਼ਰਾ ਵੀ ਗਲਤੀ ਹੋ ਜਾਵੇ, ਐਸੇ ਨੁਕਸ ਪੈ ਜਾਂਦੇ ਹਨ, ਜਿਨ੍ਹਾਂ ਦਾ ਕਦੀ ਇਲਾਜ ਹੀ ਨਹੀਂ ਹੁੰਦਾ। ਉਹਦਾ ਸਾਰਾ ਸਰੀਰ ਗਲ ਗਿਆ, ਕੋਈ ਦਵਾਈ ਨਾ ਲੱਗੇ, ਉਨ੍ਹਾਂ ਨੇ ਕਿਹਾ ਮੈਂ ਤੈਨੂੰ ਦਵਾਈ ਦਸ ਦਿੰਦਾ ਹਾਂ ਪਰ ਤੂੰ ਪਹਿਲਾਂ ਭਾਈ ਵੀਰ ਸਿੰਘ ਕੋਲ ਜਾਹ। ਓਥੇ ਚਲੇ ਗਏ। ਉਨ੍ਹਾਂ ਨੇ ਸੰਤ ਕਮਾਲੀਏ ਵਾਲਿਆਂ ਕੋਲ ਭੇਜ ਦਿਤਾ। ਉਨ੍ਹਾਂ ਨੇ ਕਿਹਾ ਸਾਡੇ ਕੋਲ ਤਾਂ ਇਲਾਜ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ, ਤੂੰ ਇਸ ਤਰ੍ਹਾਂ ਕਰ, ਇਥੇ ਗੁਰਦਵਾਰੇ ਵਿਚ ਅਖੰਡ ਪਾਠ ਹੋ ਰਿਹਾ ਹੈ, ਤੂੰ ਆਸਣ ਲਗਾ ਕੇ ਬੈਠ ਜਾ, ਜਿਉਂ- ਜਿਉਂ ਸੁਣੀ ਜਾਵੇਂਗਾ, ਤਿਉਂ-ਤਿਉਂ ਠੀਕ ਹੋਈ ਜਾਏਂਗਾ। ਥੋੜ੍ਹੇ ਦਿਨਾਂ ਬਾਅਦ ਆ ਗਏ, ਕਿਸੇ ਕੋਲੋਂ ਪਛਾਣੇ ਨਾ ਜਾਣ। ਕਹਿਣ ਲੱਗੇ ਕਿ ਮੈਂ ਤਾਂ ਹੁਣ ਗੁਰੂ ਨਾਨਕ ਦਾ ਸਿੱਖੀ ਮਾਰਗ ਧਾਰਨ ਕਰ ਲਿਆ ਹੈ, ਯੋਗਾ ਅਭਿਆਸ ਛੱਡ ਦਿਤਾ। ਕਹਿਣ ਲੱਗੇ, ਮੈਂ ਓਹੀ ਹਾਂ ਜਿਸ ਦਾ ਸਾਰਾ ਸਰੀਰ ਰਸ ਰਿਹਾ ਸੀ, ਦੁਖੀ ਹੋਇਆ ਹੋਇਆ ਸੀ। ਮੈਂ ਦਵਾਈ ਲਈ ਵੱਡੇ ਡਾਕਟਰ ਦੀ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣੀ ਤੇ ਮੇਰਾ ਸਾਰਾ ਰੋਗ ਜਾਂਦਾ ਰਿਹਾ। ਸੋ ਸਾਧਸੰਗਤ ਜੀ! ਇਸ ਨੂੰ ਸਰਵਣ ਭਗਤੀ ਕਹਿੰਦੇ ਹਨ -

***ਸੁਣਿਐ ਦੂਖ ਪਾਪ ਕਾ ਨਾਸੁ॥ ਪੰਨਾ - 3***

ਦੁਖਾਂ ਦਾ ਵੀ ਤੇ ਪਾਪਾਂ ਦਾ ਵੀ ਨਾਸ ਹੋ ਜਾਂਦਾ ਹੈ।

***ਧਾਰਨਾ - ਸਾਰੇ ਦੁਖਾਂ ਦਾ ਨਾਸ ਹੋ ਜਾਵੇ,***
***ਬਾਣੀ ਸੁਣ ਕੇ ਸਤਿਗੁਰ ਦੀ।***

ਪਹਿਲੀ ਭਗਤੀ ਨੂੰ ਸਰਵਣ ਭਗਤੀ ਕਹਿੰਦੇ ਹਨ, ਦੂਜੀ ਭਗਤੀ ਕੀਰਤਨ ਭਗਤੀ ਹੈ। ਕੀਰਤਨ ਜੋ ਬੈਰਾਗ ਨਾਲ ਕੀਤਾ ਜਾਵੇ, ਸ਼ਬਦ ਵਿਚ ਲੀਨ ਹੋ ਕੇ ਕੀਤਾ ਜਾਵੇ। ਕੀਰਤਨ ਵੀ ਕਈ ਕਿਸਮ ਦਾ ਹੁੰਦਾ ਹੈ, ਇਕ ਤਾਂ ਦੂਸਰਿਆਂ ਨੂੰ ਸੁਣਾਉਣ



Sri Satguru Jagjit Singh Ji eLibrary NamdhariElibrary@gmail.com

ਵਾਸਤੇ ਹੁੰਦਾ ਹੈ, ਆਪ ਖੁਸ਼ਕ ਰਹਿ ਜਾਂਦਾ ਹੈ, ਸੁਰਤ ਨੂੰ ਅੰਦਰ ਨਹੀਂ ਲੈ ਕੇ ਜਾਂਦਾ। ਕੀਰਤਨ ਇਕ ਐਸੀ ਚੀਜ਼ ਹੈ, ਜੋ ਖਿੰਡੀ ਹੋਈ ਬਿਰਤੀ ਨੂੰ ਇਕਾਗਰ ਕਰਕੇ, ਆਤਮਾ ਦੇ ਮੰਡਲ ਤਕ ਉਡਾਰੀ ਮਾਰ ਸਕਦਾ ਹੈ। ਵੈਸੇ ਕੀਰਤਨ ਤੋਂ ਬਗੈਰ ਰੁਖਾਪਣ, ਜਿਸ ਨੂੰ ਖੁਸ਼ਕੀ ਕਹਿੰਦੇ ਹਨ, ਰੂਹਾਨੀ ਮਾਰਗ ਦੇ ਅੰਦਰ ਖੁਸ਼ਕ ਹੋ ਜਾਵੇਗਾ। ਕੀਰਤਨ ਵਿਚ ਰਸ ਹੈ, ਇਹ ਬਹੁਤ ਉਚੀ ਉਡਾਰੀ ਮਾਰਦਾ ਹੈ - ਕੀਰਤਨ ਨੂੰ ਪ੍ਰਧਾਨਗੀ ਦਿਤੀ ਹੈ -

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ - 1076***

ਪ੍ਰਧਾਨ ਮਾਰਗ ਹੋਣ ਕਰਕੇ ਗੁਰੂ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਧਾਰਨਾ - ਗਾਉ ਮੇਰੀ ਰਸਨਾ, ਕੀਰਤ ਪ੍ਰਭ ਕੀ।***
***ਕੀਰਤ ਪ੍ਰਭ ਕੀ -2, 2.***
***ਗਾਉ ਮੇਰੀ ਰਸਨਾ,...................-2.***

***ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥***
***ਅਨਿਕ ਬਾਰ ਕਰਿ ਬੰਦਨ ਸੰਤਨ***
***ਊਹਾਂ ਚਰਨ ਗੋਬਿੰਦ ਜੀ ਕੇ ਬਸਨਾ॥***
***ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ॥***
***ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ॥ਪੰਨਾ - 1298***

ਸੋ ਕੀਰਤਨ ਭਗਤੀ ਦਾ ਫਲ ਕੀ ਹੁੰਦਾ ਹੈ, ਮਹਾਰਾਜ ਜੀ ਬੇਅੰਤ ਫਲ ਦਸਦੇ ਹਨ -

***ਧਾਰਨਾ - ਸੁਣ ਗਾਵਣਹਾਰੇ ਜੀ,***
***ਕਈ ਕੋਟਕ ਜਗ ਫਲਾ।***
***ਕਈ ਕੋਟਕ ਜਗ ਫਲਾ -2, 2.***
***ਸੁਣ ਗਾਵਣਹਾਰੇ ਜੀ,.............-2.***

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਜੋ ਕੀਰਤਨ ਗਾਉਂਦੇ ਹਨ, ਸੁਣਦੇ ਹਨ ਮਹਾਰਾਜ ਨੇ ਕਈ ਕ੍ਰੋੜ ਜਗਾਂ ਦਾ ਫਲ ਦੱਸਿਆ ਹੈ। ਸੋ ਇਸ ਤਰ੍ਹਾਂ ਤੀਸਰੀ ਭਗਤੀ ਹੁੰਦੀ ਹੈ ਸੁਰਤ ਦੀ, ਸਿਮਰਨ ਦੀ। ਕੂੰਜ ਬੱਚੇ ਦੇ ਦਿੰਦੀ ਹੈ ਬਰਫਾਂ ਵਿਚ, ਆਪ ਸਰਦੀ ਕੱਟਣ ਵਾਸਤੇ ਮੈਦਾਨਾਂ ਵਿਚ ਆ ਜਾਂਦੀ ਹੈ, ਉਨ੍ਹਾਂ ਦੀ ਪਾਲਣਾ ਸੁਰਤ ਨਾਲ ਕਰਦੀ ਹੈ, ਜਿਸ ਨੂੰ ਵਾਤਸਲ ਪਿਆਰ ਕਹਿੰਦੇ ਹਨ। ਕੱਛੂ ਧਿਆਨ ਨਾਲ ਬੱਚੇ ਪਾਲਦਾ ਹੈ। ਕੂੰਜ ਸੁਰਤੀ ਨਾਲ ਪਾਲਦੀ ਹੈ, ਯਾਦ ਕਰ ਕਰ ਕੇ। ਸੋ ਸਿਮਰਨ ਦਾ ਬਾਰ ਬਾਰ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ, ਸਿਮਰਨ ਕਹਿੰਦੇ ਹਨ ਯਾਦ ਕਰਨ ਨੂੰ। ਸਿਮਰਨ ਦਾ ਜਾਪ ਹੁੰਦਾ ਹੈ ਜਿਸ ਤਰ੍ਹਾਂ ਬੱਚੇ ਪਹਾੜੇ ਯਾਦ ਕਰਦੇ ਹਨ - ਇਕ ਬੱਚਾ ਪਹਿਲਾਂ ਬੋਲਦਾ ਹੈ, ਦੂਜੇ ਪਿਛੋਂ ਬੋਲਦੇ ਹਨ। ਮੁਹਾਰਨੀ ਯਾਦ ਕਰਨ ਵਾਸਤੇ ਵੀ ਇਕ ਬੱਚਾ ਪਹਿਲਾਂ ਬੋਲਦਾ ਹੈ, ਬਾਕੀ ਪਿਛੋਂ ਬੋਲਦੇ ਹਨ। ਇਸ ਤਰ੍ਹਾਂ ਯਾਦ ਵਿਚ ਬੈਠ ਜਾਂਦੀ ਹੈ। ਇਸ ਤਰ੍ਹਾਂ ਬਾਰ-ਬਾਰ ਗੁਰਮੰਤ੍ਰ ਜਪਣ ਦੇ ਨਾਲ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਦਾ ਬਾਰ-ਬਾਰ ਜਾਪ ਕਰਨ ਨਾਲ ਜਿਸ ਨੂੰ ਯਾਦ ਕਰਦੇ ਹਾਂ, ਉਹ ਯਾਦ ਵਿਚ ਬੈਠ ਜਾਂਦਾ ਹੈ, ਫੇਰ ਇਹ ਸਿਮਰਨ ਫਲੀਭੂਤ ਹੁੰਦਾ ਹੈ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ - 262***

ਕਲ੍ਹਾ ਤੇ ਕਲੇਸ਼ ਮਨ ਵਿਚੋਂ ਮਿਟ ਜਾਂਦਾ ਹੈ -

***ਜੇ ਵਡਭਾਗ ਹੋਵਹਿ ਵਡਭਾਗੀ ਤਾ ਹਰਿ ਹਰਿ ਨਾਮੁ ਧਿਆਵੈ॥***
***ਪੰਨਾ - 880***

ਜੇਕਰ ਬਹੁਤ ਵੱਡੇ ਭਾਗ ਹੋਣ ਤਾਂ ਪ੍ਰਮੇਸ਼ਰ ਦਾ ਨਾਮ ਧਿਆਇਆ ਜਾਂਦਾ ਹੈ -

***ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿਨਾਮੇ ਨਾਮਿ ਸਮਾਵੈ॥***
***ਪੰਨਾ - 880***

ਗੁਰੂ ਨਾਨਕ ਪਾਤਸ਼ਾਹ ਨੇ ਹੱਠ ਯੋਗ ਦੀ ਥਾਂ ਤੇ ਨਾਮ ਮਾਰਗ ਪ੍ਰਵਿਰਤ ਕੀਤਾ। ਯੋਗ ਤਾਂ ਬੇਅੰਤ ਹਨ ਪਰ ਉਸ ਵੇਲੇ ਭਾਰਤ ਵਰਸ਼ ਵਿਚ ਹੱਠ ਯੋਗ ਪ੍ਰਧਾਨ ਗਿਣਿਆ ਜਾਂਦਾ ਸੀ, ਸੂਫੀ ਪੀਰ ਵੀ ਬਹੁਤ ਹੱਠ ਕਰਦੇ ਹੁੰਦੇ ਸਨ, ਬਾਬੇ ਫਰੀਦ ਨੇ ਹੱਠ ਕਰ ਕਰਕੇ ਆਪਣੇ ਸਰੀਰ ਨੂੰ ਪਿੰਜਰ ਵਰਗਾ ਬਣਾ ਲਿਆ, ਕਾਵਾਂ ਨੇ ਵੀ ਮੁਰਦਾ ਸਮਝ ਕੇ ਖਾਣਾ ਸ਼ੁਰੂ ਕੀਤਾ। ਬਾਬਾ ਫਰੀਦ ਬਹੁਤ ਹੱਠ ਕਰਕੇ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਸਾਧਨ ਕਰਦੇ ਸਨ, ਦੂਜੇ ਪਾਸੇ ਭਾਰਤ ਵਰਸ਼ ਵਿਚ ਗੋਰਖਨਾਥ ਆਦਿ ਉਹ ਵੀ ਹੱਠ ਯੋਗ ਵਿਚ ਪੈਂਦੇ ਸਨ। ਗੁਰੂ ਨਾਨਕ ਪਾਤਸ਼ਾਹ ਜਿਸ ਵੇਲੇ ਸੁਮੇਰ ਪਰਬਤ ਤੇ ਗਏ, ਉਸ ਵੇਲੇ ਗੁਰੂ ਮਹਾਰਾਜ ਨਾਲ ਬਹੁਤ ਰੂਹਾਨੀ ਵੀਚਾਰ ਹੋਈ, ਸਿੱਧਾਂ ਨੇ ਬਾਰ-ਬਾਰ ਕਿਹਾ ਕਿ ਜਿਹੜੀ ਤੂੰ ਬਾਰ-ਬਾਰ ਨਾਮ ਮਾਰਗ ਦੀ ਗੱਲ ਕਰਦਾ ਹੈਂ, ਇਹਦੇ ਵਿਚ ਕੋਈ ਸਤਿ ਤਾਂ ਨਜ਼ਰ ਨਹੀਂ ਆਉਂਦਾ ਕਿਉਂਕਿ ਚੀਜ਼ ਤਾਂ ਉਹ ਹੁੰਦੀ ਹੈ ਜਿਹੜੀ ਸਾਮ੍ਹਣੇ ਪ੍ਰਤੱਖ ਨਜ਼ਰ ਆਵੇ। ਗੁਰੂ ਨਾਨਕ ਪਾਤਸ਼ਾਹ ਨੇ ਜਵਾਬ ਦਿਤਾ, ਗੋਰਖਨਾਥ ਜੀ! ਅਸੀਂ ਸ਼ਬਦ ਸੁਰਤਿ ਦਾ ਮਾਰਗ ਲੈ ਕੇ ਆਏ ਹਾਂ -

***ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥***
***ਪੰਨਾ - 938***

ਹਰ ਬੰਦੇ ਦੇ ਅੰਦਰ ਸ਼ਬਦ ਦੀ ਧੁਨ ਵਜਦੀ ਹੈ, ਕਲਜੁਗ ਵਿਚ ਸੁਰਤ ਨੂੰ ਸ਼ਬਦ ਧੁਨ ਨਾਲ ਜੋੜਨਾ ਹੈ। ਕਲਜੁਗੀ ਜੀਵਾਂ ਵਾਸਤੇ ਹਠ ਯੋਗ ਆਦਿ ਬਹੁਤ ਮੁਸ਼ਕਿਲ ਹਨ ਉਨ੍ਹਾਂ ਦੇ ਕਰਨ ਨਾਲ ਦਿਮਾਗ ਵਿਚ ਵਿਸਫੋਟ ਹੋ ਜਾਂਦਾ ਹੈ, ਸੁਰਤੀ ਜਿਹੀ ਮਾਰੀ ਜਾਂਦੀ ਹੈ, ਅਸੀਂ ਉਸ ਨੂੰ ਕਹਿ ਦਿੰਦੇ ਹਾਂ ਕਿ ਮਸਤਾਨਾ ਹੋ ਗਿਆ ਹੈ। ਅਸਲ ਵਿਚ ਜਿਹੜੇ ਪ੍ਰਮੇਸ਼ਰ ਦੇ ਰੰਗ ਵਿਚ ਰੱਤੇ ਮਸਤਾਨੇ ਹਨ ਉਹ ਹੋਰ ਤਰ੍ਹਾਂ ਦੇ ਹੁੰਦੇ ਹਨ, ਉਹ ਤਾਂ ਸਤਿ ਅਵਸਥਾ ਹੁੰਦੀ ਹੈ, ਸੱਤਾਂ ਵਿਚੋਂ ਛੇਵੀਂ ਭੂਮਿਕਾ ਵਿਚ ਜਾ ਕੇ ਜੀਵ ਦੇ ਅੰਦਰ ਮਸਤੀ ਆਉਂਦੀ ਹੈ। ਹਰ ਬੰਦਾ ਨਹੀਂ ਲੰਘ ਸਕਦਾ ਕਿਉਂਕਿ ਪਹਿਲਾਂ ਨੇਤੀ ਧੋਤੀ ਤੇ ਨਿਉਲੀ ਆਦਿ ਕਰਮ ਹੀ ਬਹੁਤ ਔਖੇ ਹਨ। ਕੋਈ ਇਕਾਂਤ ਥਾਂ ਤੇ ਬੈਠ ਕੇ ਕਰੇ, ਫਿਰ ਸਰੀਰ ਮਜ਼ਬੂਤ ਚਾਹੀਦਾ ਹੈ, ਪੂਰਾ ਬ੍ਰਹਮਚਰੀਆ ਚਾਹੀਦਾ ਹੈ, ਹੁਣ ਤਾਂ ਬ੍ਰਹਮਚਰਯ ਹੈ ਹੀ ਨਹੀਂ, ਕਿਸੇ ਦੇ ਚਿਹਰੇ ਨੂੰ ਦੇਖ ਲਓ, ਪਿਲੱਤਨ ਪਈ ਹੋਈ ਹੈ, ਅਜਕਲ੍ਹ ਕੋਈ



Sri Satguru Jagjit Singh Ji eLibrary NamdhariElibrary@gmail.com

ਸਰੀਰ ਨੂੰ ਠੀਕ ਰਖਦਾ ਨਹੀਂ ਹੈ। ਗਲਤ ਕੰਮ ਵਿਚ ਪ੍ਰਵਿਰਤ ਹੋਏ ਹੋਏ ਹਨ, ਗਲਤ ਖਿਆਲਾਂ ਵਿਚ। ਨਤੀਜਾ ਇਹ ਹੁੰਦਾ ਹੈ ਕਿ ਸਰੀਰ ਦੀ ਸਾਰੀ ਸ਼ਕਤੀ ਨਸ਼ਟ ਹੋਈ ਹੁੰਦੀ ਹੈ, ਫੇਰ ਕਿਹੜਾ ਬੰਦਾ ਹੈ ਜੋ ਧਿਆਨ ਲਗਾ ਲਏਗਾ, ਡਰ ਲਗਣ ਲਗ ਜਾਂਦਾ ਹੈ ਕਿ ਬੰਦਾ ਕਿਧਰੇ ਕਮਲਾ ਹੀ ਨਾ ਹੋ ਜਾਵੇ, ਦਿਮਾਗ ਹੀ ਨਾ ਫਿਰ ਜਾਵੇ।

ਅਜਕਲ੍ਹ ਹਰ ਸਰੀਰ ਦੇ ਅੰਦਰ ਯੂਰੀਆ ਬਹੁਤਾ ਆ ਗਿਆ, ਘਿਓ ਵਿਚ, ਦੁੱਧ ਵਿਚ, ਸਬਜ਼ੀਆਂ ਵਿਚ ਸਭ ਯੂਰੀਆ ਹੈ, ਖਾਦ ਪੈਂਦੀ ਹੈ, ਜੋ ਪੂਰੀ ਤਰ੍ਹਾਂ exhaust (ਖਤਮ) ਨਹੀਂ ਹੁੰਦੀ। ਪੱਤੇ ਵਿਚ, ਦਾਣੇ ਵਿਚ, ਚਾਰੇ ਵਿਚ, ਹਰੇਕ ਉਪਜ ਵਿਚ ਕੁਝ ਮਾਤਰਾ ਯੂਰੀਆ ਰਹਿ ਹੀ ਜਾਂਦਾ ਹੈ। ਚਾਰਾ ਗਾਵਾਂ ਮੱਝਾਂ ਖਾਂਦੀਆਂ ਹਨ, ਉਨ੍ਹਾਂ ਦੇ ਪੇਟ ਵਿਚ ਵੀ ਪੂਰਾ ਖਪਦਾ ਨਹੀਂ, ਉਹ ਦੁੱਧ ਵਿਚ ਆ ਜਾਂਦਾ ਹੈ, ਦੁੱਧ ਵਿਚੋਂ ਮੱਖਣ ਤੇ ਘਿਓ ਨਿਕਲਦਾ ਹੈ, ਉਸ ਵਿਚ ਵੀ ਯੂਰੀਆ ਹੁੰਦਾ ਹੈ, ਸਾਡੀ ਸਾਰੀ ਖੁਰਾਕ ਤਾਂ ਖਰਾਬ ਹੋ ਗਈ, ਅਸੀਂ ਭਜਨ ਕਿਵੇਂ ਕਰ ਲਵਾਂਗੇ, ਹੁਣ ਦੀਆਂ ਚੀਜ਼ਾਂ ਤਾਂ ਸਾਰੀਆਂ ਪਾਗਲ ਕਰਨ ਵਾਲੀਆਂ ਹਨ, ਜੇ ਦਿਮਾਗ ਤੇ ਜ਼ਰਾ ਜ਼ੋਰ ਪੈ ਜਾਵੇ, ਵੈਸੇ ਹੀ ਸਾਰਾ ਸੰਸਾਰ ਪਾਗਲ ਹੋਇਆ ਫਿਰਦਾ ਹੈ। ਮਹਾਰਾਜ ਕਹਿੰਦੇ –

***ਬਿਨੁ ਸਬਦੈ ਸਭੁ ਜਗੁ ਬਉਰਾਨਾ॥ ਪੰਨਾ – 644***

ਸਾਰਾ ਜਗ ਬਉਰਾ ਹੋ ਗਿਆ, ਜਿਹੜਾ ਸਾਮ੍ਹਣੇ ਆਉਂਦਾ ਹੈ, ਉਸ ਨੂੰ ਵੱਢਣ ਨੂੰ ਪੈਂਦਾ ਹੈ। ਪ੍ਰਮੇਸ਼ਰ ਨੂੰ ਭੁੱਲ ਕੇ ਸੰਸਾਰ ਦੀ ਐਸੀ ਹਾਲਤ ਹੋ ਗਈ, ਸੰਸਾਰ ਪਾਗਲ ਹੋ ਗਿਆ, ਪਾਗਲ ਦਾ ਕੰਮ ਹੁੰਦਾ ਹੈ ਉਸ ਨੂੰ ਨਾ ਆਪਣੇ ਆਪ ਦਾ ਪਤਾ ਹੁੰਦਾ ਹੈ, ਨਾ ਬੇਗਾਨੇ ਦਾ। ਜਦੋਂ ਕਿਸੇ ਨੇ ਐਟਮਾਂ ਨੂੰ ਚਾਬੀ ਲਾ ਕੇ ਚਲਾ ਦਿਤਾ, ਬਟਨ ਦਬਾ ਦਿਤਾ, ਸੰਸਾਰ ਨੇ ਫੱਟ ਕਰਕੇ ਉਡ ਜਾਣਾ ਹੈ ਕਿਉਂਕਿ ਇਹ ਚੀਜ਼ ਪਾਗਲਾਂ ਦੇ ਹੱਥ ਵਿਚ ਆ ਗਈ। ਬੰਦਾ ਹੋਸ਼ ਵਾਲਾ ਨਹੀਂ ਰਿਹਾ, ਜਿਹੜਾ ਹੋਸ਼ ਵਾਲਾ ਹੁੰਦਾ ਹੈ, ਉਸ ਦੇ ਦਿਲ ਵਿਚ ਖਿਮਾਂ, ਦਇਆ ਹੁੰਦੀ ਹੈ, ਉਸ ਦੇ ਵਿਚ voilence (ਹਿੰਸਾ) ਨਹੀਂ ਹੁੰਦੀ, voilence (ਹਿੰਸਾ) ਕਰਨੀ ਤਾਂ ਪਾਗਲਾਂ ਦਾ ਕੰਮ ਹੁੰਦਾ ਹੈ, ਇਹ ਸਮਝਦਾਰ ਬੰਦਿਆਂ ਦਾ ਕੰਮ ਨਹੀਂ। ਮਹਾਰਾਜ ਤਾਂ ਕਹਿੰਦੇ ਹਨ –

***ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥***
***ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥***
***ਪੰਨਾ – 1378***

***ਪਰ ਕਾ ਬੁਰਾ ਨ ਰਾਖਹੁ ਚੀਤ॥***
***ਤੁਮ ਕਉ ਦੁਖੁ ਨਹੀ ਭਾਈ ਮੀਤ॥ ਪੰਨਾ – 386***

ਸੋ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਕਹਿਣ ਲੱਗੇ, "ਨਾਥ ਜੀ! ਹੁਣ ਕਲਜੁਗ ਵਿਚ ਨਾ ਤਾਂ ਸਰੀਰ ਠੀਕ ਹਨ, ਨਾ ਟਾਈਮ ਹੈ। ਸੋ ਇਸ ਕਰਕੇ ਜਿਹੜੀ ਚੀਜ਼ ਮੁਮਕਿਨ ਹੀ ਨਾ ਹੋਵੇ ਉਹ ਕਿਸ ਤਰ੍ਹਾਂ ਸਰੀਰ ਦਾ ਉਧਾਰ ਕਰ ਸਕਦੀ ਹੈ। ਤੁਸੀਂ ਚੰਗੇ ਚੰਗੇ ਰਾਜਿਆਂ ਨੂੰ ਹਠ ਜੋਗ ਵਿਚ ਲਾ ਦਿਤਾ, ਰਾਜਸੀ ਜ਼ਿੰਮੇਵਾਰੀਆਂ ਨੂੰ ਨੇਪਰੇ ਚਾੜ੍ਹਨ ਤੋਂ ਹਟਾ ਦਿਤਾ, ਉਨ੍ਹਾਂ ਨੂੰ ਗੁਫਾਵਾਂ, ਨਿਰਜਨ ਬਣਾਂ ਵਿਚ ਯੋਗ ਸਾਧਨ ਸਾਧਣ ਲਾ ਦਿਤਾ, ਰਾਣੀਆਂ ਵਿਚਾਰੀਆਂ ਪਤੀ ਦੇ ਹੁੰਦਿਆਂ ਹੀ ਰੰਡੇਪੇ ਵਰਗਾ ਦੁਖ ਭੋਗ ਰਹੀਆਂ ਹਨ, ਬੱਚੇ ਯਤੀਮ ਬਣਾ ਦਿਤੇ। ਇਹ ਨੇਕ ਰਾਜੇ ਭਰਥਰੀ, ਗੋਪੀ ਚੰਦ ਵਰਗੇ ਨਿਆਇਕਾਰ, ਸੂਰਮੇ ਸਨ। ਦੇਸ਼ ਤੋਂ ਬਾਹਰੋਂ ਫੌਜਾਂ ਲੈ ਕੇ ਆਉਣ ਵਾਲਿਆਂ ਤੇ ਦੇਸ਼ ਵਿਚ ਲੁੱਟ ਖਸੁੱਟ ਜੁਲਮ ਕਰਨ ਨੂੰ ਇਹ ਹੋੜਦੇ ਸਨ। ਤੁਸੀਂ ਜੋਗੀ ਬਣਾ ਕੇ ਨਿਕੰਮੇ ਬਣਾ ਦਿਤੇ। ਦੱਸੋ ਦੇਸ਼ ਦੀ ਪਰਜਾ ਦਾ ਰਾਖਾ ਯੋਗੀ ਬਣ ਜਾਵੇਗਾ ਜਾਂ ਸੰਸਾਰ ਨੂੰ ਮਿਥਿਆ ਮਿਥਿਆ ਕਹਿ ਕੇ ਆਪਣੇ ਫਰਜ਼ਾਂ ਤੋਂ ਮੁਖ ਮੋੜ ਲਵੇਗਾ। ਸੋ ਤੁਹਾਡਾ ਮਾਰਗ ਕਿਸੇ ਤਰ੍ਹਾਂ ਭੀ ਪ੍ਰਸੰਸਾ ਦਾ ਪਾਤਰ ਨਹੀਂ ਹੋ ਸਕਦਾ। ਤੁਸੀਂ ਆਪ ਪਰਬਤਾਂ ਤੇ ਆ ਗਏ –

***ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ॥***
***ਭਾਈ ਗੁਰਦਾਸ ਜੀ, ਵਾਰ 1/29***

ਤੁਸੀਂ ਜਗਤ ਦਾ ਧਿਆਨ ਭੁੱਲ ਗਏ, ਜਗਤ ਵਿਚ ਤਾਂ ਹਨ੍ਹੇਰ ਗੁਬਾਰ ਹੋ ਗਿਆ, ਪਾਪ ਵਰਤ ਗਿਆ, ਸੋ ਅਸੀਂ ਏਸ ਮਾਰਗ ਨੂੰ ਨਹੀਂ ਅਪਨਾਉਣਾ। ਕਹਿਣ ਲੱਗੇ, ਪ੍ਰਤੱਖ ਦਿਖਾਈਏ ਇਸ ਵਿਚ ਕੀ ਬਰਕਤਾਂ ਹਨ। ਗੁਰੂ ਨਾਨਕ ਨੂੰ ਕਹਿਣ ਲੱਗੇ, ਐਂ ਕਰ ਬਾਲਿਆ! ਕਿਉਂਕਿ ਗੁਰੂ ਨਾਨਕ ਉਨ੍ਹਾਂ ਦੇ ਸਾਮ੍ਹਣੇ ਸਰੀਰਕ ਤੌਰ ਤੇ ਬੱਚੇ ਹੀ ਸੀ, ਸਿੱਧ ਬਹੁਤ ਵੱਡੀਆਂ ਵੱਡੀਆਂ ਉਮਰਾਂ ਦੇ ਸਨ, ਗੁਰੂ ਨਾਨਕ ਨੂੰ ਕਹਿਣ ਲੱਗੇ, "ਔਹ ਸਾਮ੍ਹਣੇ ਪਾਣੀ ਹੈ, ਲੈ ਕੇ ਆ। ਨਾਥ ਨੇ ਚਿੱਪੀ ਦੇ ਦਿਤੀ। ਗੁਰੂ ਜੀ ਜਦੋਂ ਪਾਣੀ ਲੈਣ ਗਏ ਤਾਂ ਕੀ ਦੇਖਦੇ ਹਨ ਕਿ ਉਥੇ ਤਾਂ ਪਾਣੀ ਹੈ ਹੀ ਨਹੀਂ, ਕੇਵਲ ਹੀਰੇ ਜਵਾਹਰਾਤ ਪਏ ਹਨ। ਗੁਰੂ ਜੀ ਵਾਪਸ ਆ ਗਏ, ਕਹਿਣ ਲੱਗੇ ਨਾਥ ਜੀ! ਉਥੇ ਤਾਂ ਹੀਰੇ ਜਵਾਹਰਾਤ ਪਏ ਹਨ, ਪਾਣੀ ਤਾਂ ਹੈ ਹੀ ਨਹੀਂ। ਕਹਿਣ ਲੱਗੇ, ਦੇਖਿਆ ਨਾਨਕ ਜੀ! ਇਕ ਫੁਰਨੇ ਨਾਲ ਸਾਰੇ ਹੀਰੇ ਜਵਾਹਰਾਤ ਬਣਾ ਦਿਤੇ; ਦੇਖੀ ਸਾਡੇ ਮਾਰਗ ਦੀ ਵਿਸ਼ੇਸ਼ਤਾ? ਮਹਾਰਾਜ ਕਹਿਣ ਲੱਗੇ ਕਿ ਜੇਕਰ ਹੁਣ ਤੁਹਾਨੂੰ ਪਿਆਸ ਲਗ ਜਾਵੇ, ਪਾਣੀ ਨਾ ਮਿਲੇ, ਫੇਰ ਕੀ ਹੋਵੇਗਾ। ਸਾਰੇ ਪਿਆਸੇ ਮਰ ਜਾਓਂਗੇ। ਸੋ ਏਸ ਕਰਕੇ ਅਸੀਂ ਏਸ ਮਾਰਗ ਨੂੰ ਨਹੀਂ ਅਪਣਾਉਂਦੇ। ਉਨ੍ਹਾਂ ਵਿਚੋਂ ਇਕ ਨਾਥ ਸੀ ਜਿਸ ਦਾ ਨਾਮ ਚਰਪਟ ਸੀ, ਉਹ ਕਹਿਣ ਲੱਗਾ, "ਨਾਨਕ! ਤੈਨੂੰ ਪਤਾ ਹੈ ਕਿ ਇਹ ਸੰਸਾਰ ਤਰਿਆ ਨਹੀਂ ਜਾ ਸਕਦਾ, ਇਸ ਨੂੰ ਦੁਤਰ ਕਹਿੰਦੇ ਹਨ। ਤੇਰੇ ਕੋਲ ਕੋਈ ਤਰੀਕਾ ਹੈ ਜਿਸ ਨਾਲ ਇਹ ਦੁਤਰ ਸੰਸਾਰ ਸਾਗਰ ਤੋਂ ਤਰਿਆ ਜਾ ਸਕੇ? ਪਾਰ ਲੰਘਣ ਦੀ ਕੋਈ ਜੁਗਤੀ ਹੈ ਤੇਰੇ ਪਾਸ?"

***ਧਾਰਨਾ – ਦੁਨੀਆਂ ਸਾਗਰ ਦੁਤਰ ਤਰੀਐ,***
***ਕਿਉਂ ਕਰ ਪਾਈਐ ਪਾਰੋ ਜੀ – 2, 2.***
***ਕਿਉਂ ਕਰ ਪਾਈਐ ਪਾਰੋ ਜੀ – 2, 2.***
***ਦੁਨੀਆਂ ਸਾਗਰ ਦੁਤਰ ਤਰੀਐ – 2, 2.***

ਹੇ ਨਾਨਕ! ਇਹ ਸੰਸਾਰ ਕਿਸੇ ਵੀ ਤਰੀਕੇ ਨਾਲ ਤਰਿਆ ਨਹੀਂ ਜਾ ਸਕਦਾ, ਅਸੀਂ ਸੰਸਾਰ ਤੇ ਸੰਸਾਰ ਦੀਆਂ ਵਸਤੂਆਂ ਦਾ ਤਿਆਗ ਕਰਦੇ ਹਾਂ। ਗ੍ਰਿਹਸਤ ਦਾ ਤਿਆਗ ਕਰਦੇ ਹਾਂ, ਬਿਲਕੁਲ ਨਵੇਕਲੇ ਹੋ ਕੇ, ਪੱਤੇ ਖਾ ਕੇ ਗੁਜ਼ਾਰਾ ਕਰਦੇ ਹਾਂ, ਕੰਦ ਮੂਲ ਨਾਲ ਸਰੀਰ ਦਾ ਨਿਰਬਾਹ ਕਰਦੇ ਹਾਂ ਤੇ ਤੂੰ ਕਹਿੰਦਾ ਹੈਂ ਕਿ ਮੈਂ ਦੁਨੀਆਂ ਵਿਚ ਐਸਾ ਮਾਰਗ ਚਲਾਵਾਂਗਾ ਕਿ ਸੰਸਾਰ ਵਿਚ ਬੱਚੇ ਪਾਲਦਿਆਂ, ਖਾਂਦਿਆਂ



Sri Satguru Jagjit Singh Ji eLibrary NamdhariElibrary@gmail.com

ਪੀਂਦਿਆਂ, ਨੌਕਰੀਆਂ ਕਰਦਿਆਂ ਵੀ ਆਦਮੀ ਦਾ ਪਾਰ ਉਤਾਰਾ ਹੋ ਜਾਵੇਗਾ, ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਇਹ ਮੁਸ਼ਕਲ ਹੈ -

***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥***
***ਪੰਨਾ - 938***

ਇਹ ਗੱਲ ਸਾਨੂੰ ਕਰਕੇ ਦਿਖਾ, ਕਿਸ ਤਰ੍ਹਾਂ ਕਰ ਸਕਦਾ ਹੈਂ? ਮਹਾਰਾਜ ਕਹਿਣ ਲੱਗੇ, "ਨਾਥ ਜੀ! ਦੇਖੋ, ਪਾਣੀ ਦੇ ਅੰਦਰ ਇਕ ਜਾਨਵਰ ਰਹਿੰਦਾ ਹੈ, ਜਿਸ ਨੂੰ ਮੁਰਗਾਬੀ ਕਹਿੰਦੇ ਹਨ, ਉਹਦਾ ਜਿਥੇ ਜੀਅ ਕਰੇ ਪਾਣੀ ਵਿਚ ਬੈਠ ਜਾਂਦੀ ਹੈ, ਉਸ ਦੇ ਖੰਭ ਗਿੱਲੇ ਨਹੀਂ ਹੁੰਦੇ। ਏਸੇ ਤਰ੍ਹਾਂ ਦੇ ਨਾਲ ਨਾਮ ਮਾਰਗ, ਜਿਸਨੂੰ ਸ਼ਬਦ ਸੁਰਤ ਦਾ ਮਾਰਗ ਆਖਦੇ ਹਨ, ਜੋ ਸੰਤ ਆਦਿ ਤੋਂ ਲੈ ਕੇ ਆ ਰਹੇ ਹਨ, ਸੰਸਾਰ ਦਾ ਉਧਾਰ ਕਰਦੇ ਹਨ, ਉਹ ਜਿਹੜਾ ਸ਼ਬਦ ਸੁਰਤ ਦਾ ਮਾਰਗ ਹੈ, ਅਲੋਪ ਹੋ ਗਿਆ ਹੈ, ਸਖਤ ਘਾਲਣਾ, ਤਪਸਿਆ ਤੇ ਜੋਹਦ ਵਿਚ ਪੈ ਗਏ, ਅਸੀਂ ਉਹ ਮਾਰਗ ਪਰਵਿਰਤ ਕਰਕੇ ਸੰਸਾਰ ਦਾ ਉਧਾਰ ਕਰਨਾ ਹੈ -

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥***
***ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***
***ਪੰਨਾ - 938***

***ਧਾਰਨਾ - ਸੁਰਤ ਸ਼ਬਦ ਭਵਸਾਗਰ ਤਰੀਐ,***
***ਨਾਨਕ ਨਾਮ ਵਖਾਣੈ - 2, 2.***
***ਨਾਨਕ ਨਾਮ ਵਖਾਣੇ ਜੀ -2, 2.***
***ਸੁਰਤ ਸ਼ਬਦ ਭਵਸਾਗਰ ਤਰੀਐ,......-2.***

ਨਾਮ ਦਾ ਮਾਰਗ ਐਸਾ ਹੈ, ਜਿਸ ਵਿਚ ਸੁਰਤੀ ਲਾਉਣ ਦੀ ਲੋੜ ਹੈ, ਸਰੀਰ ਨੂੰ ਕੋਈ ਖੇਚਲ ਦੇਣ ਦੀ ਲੋੜ ਨਹੀਂ, ਘਰ ਛੱਡਣ ਦੀ ਲੋੜ ਨਹੀਂ। ਸੁਰਤੀ ਕਿਸੇ ਨਾ ਕਿਸੇ ਚੀਜ਼ ਨਾਲ ਹਰ ਵਕਤ ਲੱਗੀ ਰਹਿੰਦੀ ਹੈ, ਕੇਵਲ ਇਸਨੂੰ ਬਦਲਣ ਦੀ ਲੋੜ ਹੈ।

ਇਕ ਵਾਰੀ ਭਗਤ ਨਾਮਦੇਵ ਜੀ ਦਾ ਬੜਾ ਜਸ ਹੋ ਰਿਹਾ ਸੀ। ਵਾਹਿਗੁਰੂ ਜੀ ਨੇ 72 ਵਾਰੀ ਸਾਕਾਰ ਰੂਪ ਧਾਰ ਕੇ ਉਸ ਨੂੰ ਦਰਸ਼ਨ ਦਿਤੇ, ਉਹਦੇ ਕੰਮ ਵੀ ਕੀਤੇ, ਕਿਧਰੇ ਛਪਰੀ ਬਣਾਈ, ਕਿਧਰੇ ਮਰੀ ਹੋਈ ਗਊ ਜਿਉਂਦੀ ਕੀਤੀ, ਕਿਤੇ ਦੇਹੁਰਾ ਫੇਰਿਆ, ਕਿਤੇ ਆ ਕੇ ਦੁਧ ਪੀਤਾ, ਅਨੇਕ ਕੌਤਕ ਕੀਤੇ। ਇਕ ਭਗਤ ਤ੍ਰਿਲੋਚਨ ਸੀ, ਉਸ ਨੇ ਸੁਣਿਆ ਕਿ ਨਾਮਦੇਵ ਕਿਸ ਤਰ੍ਹਾਂ ਭਗਤੀ ਕਰਦਾ ਹੈ, ਸਾਨੂੰ ਤਾਂ ਰੱਬ ਅਜੇ ਤਕ ਨਹੀਂ ਮਿਲਿਆ, ਉਹ ਹਰ ਵੇਲੇ ਸਮਾਧੀ ਵਿਚ ਰਹਿੰਦਾ ਹੋਣਾ ਹੈ। ਅੱਖਾਂ ਤਾਂ ਖੋਲ੍ਹਦਾ ਹੀ ਨਹੀਂ ਹੋਣਾ। ਬਹੁਤ ਪ੍ਰੇਮੀਆਂ ਨੂੰ ਇਹ ਭਰਮ ਹੁੰਦਾ ਹੈ ਕਿ ਜਿਹੜਾ ਕਾਰੋਬਾਰ ਕਰਦਾ ਹੈ, ਉਹ ਨਾਮ ਕਿਵੇਂ ਜਪ ਲੈਂਦਾ ਹੈ? ਨਾਮ ਜਪਣ ਵਾਲੇ ਤਾਂ ਹਰ ਵੇਲੇ ਅੱਖਾਂ ਮੀਟ ਕੇ ਹੀ ਬੈਠੇ ਰਹਿੰਦੇ ਹੋਣਗੇ। ਸਾਧਸੰਗਤ ਜੀ! ਪਹਿਲਾਂ ਪਹਿਲਾਂ ਇਸ ਤਰ੍ਹਾਂ ਹੀ ਹੁੰਦਾ ਹੈ। ਇਹ ਨਾਮ ਰਸਨਾ ਤੋਂ ਸੁਆਸ ਤੇ ਆ ਜਾਂਦਾ ਹੈ, ਪਰਾ ਬਾਣੀ ਵਿਚ ਚਲਾ ਜਾਂਦਾ ਹੈ, ਪਸੰਤੀ ਤੋਂ ਪਰਾ ਵਿਚ ਚਲਾ ਜਾਂਦਾ ਹੈ, ਪਰਾ ਤੋਂ ਅਨਹਦ ਦੇ ਨਾਲ ਜਾ ਰਲਦਾ ਹੈ, ਆਗਿਆ ਚੱਕਰ ਵਿਚ ਨਾਮ ਜਪ ਹੁੰਦਾ ਹੈ, ਤ੍ਰਿਕੁਟੀ ਵਿਚ ਜਪ ਹੁੰਦਾ ਹੈ, ਰੋਮ ਰੋਮ ਵਿਚ ਜਪਿਆ ਜਾਂਦਾ ਹੈ, ਵਣ ਤ੍ਰਿਣ ਵਿਚ ਜਪਿਆ ਜਾਂਦਾ ਹੈ, ਜਿਹੜੀਆਂ ਵੀ ਅਵਾਜ਼ਾਂ ਆਉਂਦੀਆਂ ਹਨ ਸਭ ਦੇ ਨਾਲ ਰਲਾ ਕੇ ਵੀ ਨਾਮ ਜਪ ਹੁੰਦਾ ਹੈ, ਉਸ ਵੇਲੇ ਖਾਸ ਅੱਖਾਂ ਮੀਟਣ ਦੀ ਲੋੜ ਨਹੀਂ ਰਹਿੰਦੀ, ਕਿਉਂਕਿ ਜਿਧਰ ਦੇਖਦੈ ਨਾਮ, ਜਿਧਰ ਸੁਣਦੈ ਨਾਮ, ਜਿਸ ਚੀਜ਼ ਨਾਲ ਧਿਆਨ ਲਾਉਂਦਾ ਹੈ, ਨਾਮ ਹੀ ਸੁਣਦਾ ਹੈ, ਨਾਮ ਦੀ ਅਵਸਥਾ ਬਦਲ ਕੇ ਆਤਮ ਗਿਆਨ ਵਿਚ ਆ ਜਾਂਦਾ ਹੈ।

ਸੋ ਤ੍ਰਿਲੋਚਨ ਨੇ ਸੋਚਿਆ ਕਿ ਬੈਠਾ ਰਹਿੰਦਾ ਹੋਣਾ ਹੈ ਪਰ ਫੇਰ ਮੈਂ ਇਹ ਵੀ ਸੁਣਿਆ ਹੈ ਕਿ ਨਾਮਦੇਵ ਗਰੀਬ ਆਦਮੀ ਹੈ। ਕਪੜੇ ਵੀ ਧੋਂਦਾ ਹੈ, ਛਾਪਦਾ ਵੀ ਹੈ, ਉਹ ਕਾਰੋਬਾਰ ਕਿਸ ਤਰ੍ਹਾਂ ਕਰਦਾ ਹੈ, ਗ੍ਰਿਹਸਤ ਦਾ ਨਿਰਬਾਹ ਕਿਸ ਤਰ੍ਹਾਂ ਕਰਦਾ ਹੈ। ਭਗਤ ਤ੍ਰਿਲੋਚਨ ਚਲ ਕੇ ਨਾਮਦੇਵ ਜੀ ਪਾਸ ਆ ਗਿਆ, ਨਾਮਦੇਵ ਜੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਪਤਾ ਲੱਗਾ ਕਿ ਸਾਮ੍ਹਣੇ ਬੈਠੇ ਕੰਮ ਕਰ ਰਹੇ ਹਨ, ਚੰਦੇ ਛਾਪ ਰਹੇ ਹਨ। ਸਰਦੀ ਦਾ ਮਹੀਨਾ ਸੀ, ਬਹੁਤ ਸਾਰੇ ਬੰਦੇ ਕੋਲ ਖੜ੍ਹੇ ਹਨ। ਕੋਈ ਬੀਬੀ ਕਹਿ ਰਹੀ ਹੈ, ਭਗਤ ਜੀ! ਸਾਡੇ ਮਹਿਮਾਨ ਆ ਗਏ ਹਨ, ਸਾਡਾ ਚੰਦਾ ਪਹਿਲਾਂ ਛਾਪ ਦਿਓ, ਅੱਜ ਰਾਤ ਨੂੰ ਹੀ ਰਜਾਈ ਚਾਹੀਦੀ ਹੈ; ਕੋਈ ਕੁਝ ਕਹਿ ਰਿਹਾ ਹੈ, ਕੋਈ ਕੁਝ। ਭਗਤ ਜੀ ਸਾਰਿਆਂ ਨੂੰ ਟਾਈਮ ਦੇ ਰਹੇ ਹਨ, ਤੂੰ ਸਵੇਰੇ ਲੈ ਲਈਂ, ਤੂੰ ਸ਼ਾਮ ਨੂੰ ਲੈ ਲਈਂ, ਤੈਨੂੰ ਰਾਤ ਨੂੰ ਦੇ ਦਿਆਂਗੇ। ਤ੍ਰਿਲੋਚਨ ਨੇ ਸੋਚਿਆ ਕਿ ਇਹ ਨਾਮਦੇਵ ਓਹੀ ਹੈ ਜਿਸ ਦੇ ਬਾਰੇ ਮੈਂ ਸੁਣਦਾ ਹਾਂ? ਆਪਣੇ ਬਾਰੇ ਗਿਆਨ ਦਿਤਾ ਕਿ ਮੈਂ ਤਾਂ ਸਵੇਰ ਤੋਂ ਲੈ ਕੇ ਸਾਰਾ ਦਿਨ ਸਮਾਧੀ ਖੋਲ੍ਹਦਾ ਹੀ ਨਹੀਂ, ਮੈਂ ਤਾਂ ਕੋਈ ਕਾਰੋਬਾਰ ਨਹੀਂ ਕਰਦਾ ਜਾਂ ਪੂਜਾ ਕਰਦਾ ਹਾਂ ਜਾਂ ਸਮਾਧੀ ਲਗਾਉਂਦਾ ਹਾਂ, ਮੈਨੂੰ ਇਸ ਤਰ੍ਹਾਂ ਲਗਦਾ ਹੈ ਨਾਮਦੇਵ ਦੀ ਭਗਤੀ ਬਾਰੇ ਗਲਤ ਖਬਰਾਂ ਹਨ ਜੋ ਲੋਕ ਐਵੇਂ ਉਡਾ ਦਿੰਦੇ ਹਨ, ਇਹ ਤਾਂ ਮਾਇਆਧਾਰੀ ਬੰਦਾ ਹੈ -

***ਧਾਰਨਾ - ਨਾਮਾ ਮਾਇਆ ਮੋਹਿਆ,***
***ਕਹੇ ਤ੍ਰਿਲੋਚਨ ਮੀਤ - 2, 2.***
***ਕਹੇ ਤ੍ਰਿਲੋਚਨ ਮੀਤ -2, 2.***
***ਨਾਮਾ ਮਾਇਆ ਮੋਹਿਆ,..................-2.***

ਮੈਂ ਦੇਖਿਆ ਕਿ ਤੂੰ ਤਾਂ ਮਾਇਆ ਵਿਚ ਫਸਿਆ ਹੈਂ, ਤੈਨੂੰ ਉਪਦੇਸ਼ ਦੇਣਾ ਹੀ ਪਵੇਗਾ, ਤੈਨੂੰ 72 ਵਾਰੀ ਰੱਬ ਨੇ ਕਿਸ ਤਰ੍ਹਾਂ ਦਰਸ਼ਨ ਦੇ ਦਿਤੇ, ਤੂੰ ਰਾਮ ਦੇ ਨਾਮ ਨਾਲ ਤਾਂ ਚਿੱਤ ਨਹੀਂ ਲਾਉਂਦਾ। ਮੈਂ ਜਦੋਂ ਦਾ ਬੈਠਾਂ, ਇਹੀ ਦੇਖ ਰਿਹਾ ਹਾਂ ਕਿ ਬਸ ਲੋਕਾਂ ਨਾਲ ਗੱਲਾਂ ਕਰੀ ਜਾਂਦਾ ਹੈਂ। ਭਗਤ ਨਾਮਦੇਵ ਜੀ ਮੁਸਕਰਾਉਣ ਲਗ ਪਏ ਤੇ ਕਹਿਣ ਲੱਗੇ, ਨਾਮ ਵਿਚ ਕਿਹੜਾ ਵਿਘਨ ਪੈ ਗਿਆ? ਨਾਮ ਇਕ ਹੈ ਜਾਂ ਦੋ? ਕਹਿਣ ਲੱਗਾ, "ਹੈ ਤਾਂ ਇਕੋ ਹੀ, ਫੇਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਤੂੰ ਨਾਮ ਵੀ ਜਪਦਾ ਹੈਂ, ਠੱਪੇ ਵੀ ਲਾਈ ਜਾਂਦਾ ਹੈਂ, ਕੰਮ ਵੀ ਕਰੀ ਜਾਂਦਾ ਹੈਂ, ਮੇਰੇ ਖਿਆਲ ਵਿਚ ਤੂੰ ਨਾਮ ਨਹੀਂ ਜਪਦਾ।" ਨਾਮਦੇਵ ਜੀ ਕਹਿਣ ਲੱਗੇ ਕਿ ਮਨ ਦੀਆਂ ਪੜਤਾਂ ਹੁੰਦੀਆਂ ਹਨ, ਜੇ ਮਨ ਡੂੰਘਾ ਚਲਾ ਜਾਵੇ, ਜੇ ਕੋਈ ਫੁਰਨਾ ਆ ਜਾਵੇ, ਜੇ ਕੋਈ ਦੁਖ ਆ ਜਾਵੇ, ਔਕੜ ਆ ਜਾਵੇ, ਜਿੰਨਾਂ ਮਰਜ਼ੀ ਜ਼ੋਰ ਲਾ ਲਵੋ, ਨਾਮ ਨਹੀਂ ਜਪਿਆ ਜਾਵੇਗਾ ਕਿਉਂਕਿ ਮਨ ਵਿਚ ਘਟਨਾ ਦਾ ਅਸਰ ਡੂੰਘਾ



Sri Satguru Jagjit Singh Ji eLibrary NamdhariElibrary@gmail.com

ਚਲਿਆ ਗਿਆ, ਡੂੰਘਿਆਈ ਵਿਚ ਹੀ ਰਹਿੰਦਾ ਹੈ, ਮਨ ਧੁੰਧਲਾ ਪਿਆ ਹੈ। ਪੇਤਲੇ ਨਾਮ ਨੂੰ ਮਨ ਨਹੀਂ ਫੜਦਾ, ਡੂੰਘਿਆਈ ਵਾਲੇ ਫੁਰਨੇ ਨੂੰ ਫੜਦਾ ਹੈ। ਕੋਈ ਮੁਕਦਮਾ ਹੋਵੇ, ਕੋਈ ਦੁਸ਼ਮਣ ਹੋਵੇ, ਹਰ ਵੇਲੇ ਉਹਦਾ ਹੀ ਭਜਨ ਹੋਈ ਜਾਂਦਾ ਹੈ, ਨੌਕਰੀ ਨਾ ਲਗਦੀ ਹੋਵੇ, ਹਰ ਵੇਲੇ ਅਫਸਰਾਂ ਦੇ ਦੁਆਲੇ ਹੀ ਘੁੰਮੇਗਾ; ਕਿਸੇ ਨਾਲ ਵੈਰ ਹੋਵੇ, ਹਰ ਵੇਲੇ ਉਸ ਕੋਲੋਂ ਡਰਦਾ ਰਹੇਗਾ; ਮਨ ਨੇ ਜਿਹੜੀ ਗੱਲ ਡੂੰਘੀ ਲੈ ਲਈ, ਮਨ ਉਥੇ ਹੀ ਰਿਹਾ ਕਰਦਾ ਹੈ, ਬਾਕੀ ਗੱਲਾਂ ਤਾਂ ਉਪਰੋਂ ਉਪਰੋਂ ਕਰਦਾ ਹੈ। ਕਹਿਣ ਲੱਗੇ, ਇਹ ਗੱਲ ਨਹੀਂ ਹੈ–

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥***
***ਪੰਨਾ - 1376***

***ਧਾਰਨਾ - ਚਿਤ ਹਰੀ ਦੇ ਨਾਮ ਨਾਲ ਲਾਈਏ,***
***ਹੱਥੀਂ ਪੈਰੀਂ ਕੰਮ ਕਰੀਏ - 2, 2.***
***ਹਥੀਂ ਪੈਰੀਂ ਜੀ ਕੰਮ ਕਰੀਏ -2, 2.***
***ਚਿਤ ਹਰੀ ਦੇ ਨਾਮ ਨਾਲ ਲਾਈਏ,.....-2.***

ਤਿਰਲੋਚਨ ਜੀ ਇਹ ਦੱਸੋ ਕਿ ਨਾਮ ਚਿਤ ਨੇ ਜਪਣਾ ਹੈ ਜਾਂ ਹੱਥਾਂ ਪੈਰਾਂ ਨੇ। ਹੱਥਾਂ ਪੈਰਾਂ ਨੂੰ ਤਾਂ ਆਪਣਾ ਕੰਮ ਕਰਨ ਦਿਓ, ਚਿੱਤ ਨੂੰ ਵਾਹਿਗੁਰੂ ਨਾਲ ਜੋੜ ਦਿਓ। ਕਹਿਣ ਲੱਗੇ, "ਕਿਸ ਤਰ੍ਹਾਂ ਲਗ ਸਕਦਾ ਹੈ?" ਨਾਮਦੇਵ ਜੀ ਨੇ ਪੰਜ ਮਿਸਾਲਾਂ ਦਿਤੀਆਂ। ਪਹਿਲੀ ਇਹ ਕਿ ਇਕ ਬੱਚਾ ਕਾਗਜ਼ ਲਿਆ ਕੇ ਉਸਦੀ ਪਤੰਗ ਬਣਾਉਂਦਾ ਹੈ, ਕੋਠੇ ਤੇ ਚੜ੍ਹ ਕੇ ਨਾਲ ਦੇ ਸਾਥੀਆਂ ਨਾਲ ਗੱਲਾਂ ਵੀ ਕਰੀ ਜਾਂਦਾ ਹੈ, ਦੂਜੇ ਪਾਸੇ ਆਪਣੀ ਪਤੰਗ ਦਾ ਵੀ ਧਿਆਨ ਰਖਦਾ ਹੈ ਕਿ ਕਿਧਰੇ ਗੋਤਾ ਨਾ ਖਾ ਜਾਵੇ। ਦੂਜੀ ਮਿਸਾਲ ਹੈ ਕਿ ਇਕ ਬੀਬੀ ਪਾਣੀ ਲੈਣ ਵਾਸਤੇ ਜਾਂਦੀ ਹੈ, ਪਿਛਲੇ ਵਕਤਾਂ ਵਿਚ ਪਾਣੀ ਬਾਹਰੋਂ ਲਿਆਇਆ ਜਾਂਦਾ ਸੀ, ਸਹੇਲੀਆਂ ਵੀ ਨਾਲ ਹਨ, ਕਈ ਕਈ ਘੜੇ ਚੁੱਕ ਲਿਆਉਂਦੀਆਂ ਸਨ, ਨਾਲ ਨਾਲ ਸਹੇਲੀਆਂ ਨਾਲ ਗੱਲਾਂ ਵੀ ਕਰੀ ਜਾਂਦੀ ਹੈ ਪਰ ਧਿਆਨ ਘੜੇ ਤੇ ਪਾਣੀ ਵਿਚ ਹੈ। ਤੀਜੀ ਮਿਸਾਲ ਹੈ ਇਕ ਗਹਿਣੇ ਬਣਾਉਣ ਵਾਲੇ ਦੀ, ਉਹ ਗਹਿਣੇ ਵੀ ਬਣਾਈ ਜਾਂਦਾ ਹੈ ਤੇ ਗਾਹਕਾਂ ਨਾਲ ਗੱਲਾਂ ਵੀ ਕਰੀ ਜਾਂਦਾ ਹੈ, ਉਹਦਾ ਅਸਲ ਵਿਚ ਚਿਤ ਤਾਂ ਗਹਿਣਿਆਂ ਵਿਚ ਹੈ, ਉਪਰੋਂ ਉਪਰੋਂ ਗੱਲਾਂ ਕਰੀ ਜਾਂਦਾ ਹੈ। ਚੌਥੀ ਮਿਸਾਲ ਹੈ ਇਕ ਬੀਬੀ ਦੀ ਜਿਸ ਨੇ ਬੱਚਾ ਪੰਘੂੜੇ ਵਿਚ ਪਾਇਆ ਹੈ, ਕੰਮ ਵੀ ਕਰੀ ਜਾਂਦੀ ਹੈ, ਥੋੜ੍ਹੀ ਥੋੜ੍ਹੀ ਦੇਰ ਬਾਅਦ ਬੱਚੇ ਨੂੰ ਝੂਟਾ ਵੀ ਦੇ ਜਾਂਦੀ ਹੈ, ਚਿੱਤ ਵਿਚ ਬੱਚੇ ਦਾ ਧਿਆਨ ਰਖਦੀ ਹੈ ਕਿ ਕਿਧਰੇ ਜਾਗ ਕੇ ਗਿਰ ਨਾ ਜਾਵੇ। ਇਹ ਤਾਂ ਬੰਦਿਆਂ ਦੀ ਗੱਲ ਹੈ। ਪੰਜਵੀਂ ਮਿਸਾਲ ਜਾਨਵਰ ਦੀ ਦਿਤੀ ਹੈ ਕਿ ਇਕ ਗਊ ਸੱਜਰ ਸੂਈ ਹੈ, ਬਾਹਰ ਚੁਗਣ ਵਾਸਤੇ ਛੱਡ ਦਿਤੀ, ਚਾਰਨ ਵਾਸਤੇ ਦੂਰ ਲੈ ਗਿਆ, ਉਹ ਉਥੇ ਚੁਗਦੀ ਵੀ ਹੈ ਪਰ ਥੋੜ੍ਹੀ ਦੇਰ ਬਾਅਦ ਆਪਣੇ ਬੱਚੇ ਨੂੰ ਯਾਦ ਕਰਕੇ ਰੰਭਣ ਲਗ ਜਾਂਦੀ ਹੈ। ਸੋ ਇਸ ਤਰ੍ਹਾਂ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ ਨੂੰ ਦਸਣ ਲੱਗੇ ਕਿ ਜਿਸ ਨੇ ਨਾਮ ਜਪਣਾ ਹੈ, ਕੋਈ ਵਿਘਨ ਨਹੀਂ, ਕੇਵਲ ਮਨ ਨੂੰ ਮਨਾਉਣ ਦੀ ਗੱਲ ਹੈ। ਜਿਹੜਾ ਸਾਈਕਲ ਤੇ ਜਾਂਦਾ ਹੈ-ਸੱਜੇ ਪੈਰ ਨਾਲ ਸਤਿਨਾਮ, ਖੱਬੇ ਨਾਲ ਵਾਹਿਗੁਰੂ, ਨਾਲੇ ਸਫਰ ਤਹਿ ਹੋ ਜਾਂਦਾ ਹੈ, ਨਾਲੇ ਭਜਨ ਹੋਈ ਜਾਂਦਾ ਹੈ। ਟਰੈਕਟਰ ਚਲਾਉਂਦਾ ਹੈ, ਧੁਕ ਧੁਕ ਸੁਣਦੀ ਹੈ, ਨਾਲ ਵਾਹਿਗੁਰੂ ਵਾਹਿਗੁਰੂ ਕਰੀ ਚੱਲੋ। ਪਾਣੀ ਦੇ ਰਿਹਾ ਹੈ ਉਹਦੇ ਨਾਲ ਇੰਜਨ ਦੀ ਅਵਾਜ਼ ਆਉਂਦੀ ਹੈ, ਉਹਦੇ ਨਾਲ ਵਾਹਿਗੁਰੂ ਜੋੜ ਲਓ। ਇਸ ਤਰ੍ਹਾਂ ਬੰਦਾ ਹਰ ਕੰਮ ਕਰਦਾ ਹੋਇਆ ਬੰਦਗੀ ਕਰ ਸਕਦਾ ਹੈ, ਇਹ ਸਿਮਰਨ ਭਗਤੀ ਕਹਾਉਂਦੀ ਹੈ, ਸਾਰੇ ਕਾਰੋਬਾਰ ਵੀ ਹੋਈ ਜਾਂਦੇ ਹਨ –

***ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***
***ਪੰਨਾ - 522***

ਸੋ ਗੁਰੂ ਨਾਨਕ ਸਾਹਿਬ ਨੇ ਕਿਹਾ, "ਨਾਥ ਜੀ! ਅਸੀਂ ਸੰਸਾਰ ਵਾਸਤੇ ਐਸਾ ਮਾਰਗ ਲਿਆਏ ਹਾਂ, ਸਿਮਰਨ ਮਾਰਗ, ਸੁਰਤ ਸਬਦ ਦਾ ਮਾਰਗ - ਇਹ ਮਾਰਗ ਬੜੀ ਵਿਆਖਿਆ ਦਾ ਮੁਹਤਾਜ ਹੈ। ਸੋ ਜਿਨ੍ਹਾਂ ਨੂੰ ਕਰਨ ਦਾ ਸ਼ੌਕ ਹੈ ਉਨ੍ਹਾਂ ਨੂੰ ਆਪੇ ਹੀ ਇਸ ਦੇ ਲਾਭ ਦਿਸੀ ਜਾਂਦੇ ਹਨ, ਅੱਗੇ ਅੱਗੇ ਟੁਰੀ ਜਾਂਦੇ ਹਨ। ਸੋ ਅਖੀਰ ਪ੍ਰਮੇਸ਼ਰ ਦਾ ਅਨੁਭਵ ਹੋ ਜਾਂਦਾ ਹੈ, ਇਹ ਸਿਮਰਨ ਭਗਤੀ ਹੈ। ਇਸ ਤੋਂ ਬਾਅਦ ਹੈ ਪਾਦ ਸੇਵਨ ਜੋ ਦੋ ਤਰ੍ਹਾਂ ਦੀ ਹੁੰਦੀ ਹੈ। ਗੁਰੂ ਪ੍ਰਤੱਖ ਹੋਵੇ ਤਾਂ ਹੱਥਾਂ ਪੈਰਾਂ ਨਾਲ ਸੇਵਾ ਕਰਨੀ, ਜੇ ਦੂਰ ਰਹਿੰਦਾ ਹੈ ਤਾਂ ਮਾਨਸਕ ਤੌਰ ਤੇ ਕਰਨੀ, ਇਸ ਦਾ ਤਰੀਕਾ ਹੁੰਦਾ ਹੈ ਕਿ ਕਿਸ ਤਰ੍ਹਾਂ ਮੈਂ ਮਾਨਸਿਕ ਤੌਰ ਤੇ ਪਾਦ ਸੇਵਨ ਭਗਤੀ ਕਰ ਸਕਦਾ ਹਾਂ -

***ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈਕੂ ਦੇਸਾ॥***
***ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ***
***ਪ੍ਰਭ ਮਿਲਉ ਦੇਹੁ ਉਪਦੇਸਾ॥ ਪੰਨਾ - 612***

ਸੋ ਐਸ ਤਰ੍ਹਾਂ ਬੇਅੰਤ ਮਿਸਾਲਾਂ ਹਨ, ਇਸ ਵੇਲੇ ਹੁਣ ਸਮਾਂ ਨਹੀਂ ਹੈ ਕਿ ਮੈਂ ਇਕੱਲੀ ਇਕੱਲੀ ਭਗਤੀ ਦਾ ਵਿਸਥਾਰ ਕਰਾਂ। ਸੋ ਇਹਦੇ ਵਿਚ ਬਹੁਤ ਵੱਡਾ ਫਲ ਹੋਇਆ ਕਰਦਾ ਹੈ ਕਿ ਚਰਨਾਂ ਦਾ ਧਿਆਨ ਕਰਨਾ, ਧਿਆਨ ਦੇ ਨਾਲ ਹੀ ਮਾਨਸਿਕ ਸੇਵਾ ਕਰਨੀ, ਗੁਰੂ ਨੂੰ ਚੌਰ ਕਰਨਾ, ਮੁੱਠੀ ਚਾਪੀ ਕਰਨੀ, ਹੋਰ ਅਨੇਕ ਤਰ੍ਹਾਂ ਦੀ ਸੇਵਾ ਕਰਨੀ। ਸੇਵਾ ਸਰੀਰਕ ਤੌਰ ਤੇ ਅਤੇ ਮਾਨਸਕ ਤੌਰ ਤੇ ਹੁੰਦੀ ਹੈ। ਸੋ ਚਰਨਾਂ ਦੇ ਧਿਆਨ ਦੀ ਸੇਵਾ ਦਾ ਫਲ ਬਹੁਤ ਵੱਡਾ ਹੈ, ਚਰਨਾਂ ਦੀ ਧੂੜੀ ਦਾ ਫਲ ਕਿੰਨਾ ਦੱਸਿਆ ਹੈ।

ਇਕ ਵਾਰੀ ਇਕ ਬੀਬੀ ਲਾਹੌਰ ਵਿਚ ਸਮਨ ਬੁਰਜ ਦੇ ਨੇੜੇ ਰਹਿੰਦੀ ਸੀ। ਬਾਦਸ਼ਾਹ ਸ਼ਾਹਜਹਾਨ ਦਾ ਕੋਈ ਵੱਡਾ ਅਧਿਕਾਰੀ ਆਪਣੇ ਮਹਿਲ ਵਿਚ ਉਪਰ ਖੜ੍ਹਾ ਸੀ, ਉਸ ਬੀਬੀ ਦਾ ਮਕਾਨ ਕਾਫੀ ਨੇੜੇ ਸੀ, ਬੜੇ ਸ਼ਾਹੂਕਾਰ ਦੀ ਪਤਨੀ ਸੀ। ਉਸ ਨਵਾਬ ਦੇ ਮਨ ਵਿਚ ਆਇਆ ਕਿ ਇਹ ਬਹੁਤ ਸੁੰਦਰ ਹੈ, ਇਸ ਨੂੰ ਆਪਣੀ ਬੇਗਮ ਬਣਾ ਲਵਾਂ, ਪਰ ਉਹ ਬੀਬੀ ਪਤੀਵਰਤਾ ਸੀ। ਨਵਾਬ ਨੇ ਬੀਬੀ ਨੂੰ ਸੁਨੇਹਾ ਭੇਜਿਆ ਕਿ ਉਹ ਮੇਰੇ ਕੋਲ ਆਵੇ। ਉਸ ਨੇ ਕਿਹਾ, ਮੇਰਾ ਪਤੀ ਤਾਂ ਬਾਹਰ ਗਿਆ ਹੋਇਆ ਹੈ ਅਤੇ ਮੈਂ ਪਤੀਵਰਤਾ ਇਸਤ੍ਰੀ ਹਾਂ, ਮੈਂ ਨਹੀਂ ਜਾਣਾ, ਮੈਨੂੰ ਇਹ ਗੱਲ ਸੋਭਾ ਨਹੀਂ ਦਿੰਦੀ। ਜਾਨ ਚਲੀ ਜਾਏਗੀ ਪਰ ਮੇਰਾ ਧਰਮ ਨਹੀਂ ਜਾਣਾ ਚਾਹੀਦਾ। ਜੋ ਬੁਲਾਉਣ ਗਏ ਸੀ, ਉਨ੍ਹਾਂ ਨੇ ਆ ਕੇ ਨਵਾਬ ਨੂੰ ਦੱਸਿਆ ਕਿ ਬੀਬੀ


Sri Satguru Jagjit Singh Ji eLibrary NamdhariElibrary@gmail.com

ਤਾਂ ਇਹ ਜਵਾਬ ਦਿੰਦੀ ਹੈ। ਉਥੇ ਇਕ ਤਾਂਤਰੀ, ਕਾਜੀ ਬੈਠਾ ਸੀ। ਕਹਿਣ ਲੱਗਿਆ ਅਸੀਂ ਮੰਤਰ ਦੇ ਬਲ ਨਾਲ ਬੁਲਾ ਦਿੰਦੇ ਹਾਂ। ਇਨ੍ਹਾਂ ਨੇ ਮੰਤਰ ਪੜ੍ਹ ਕੇ ਇਕ ਤਵੀਜ਼ ਮੰਜੇ ਦੇ ਪਾਵੇ ਹੇਠਾਂ ਰੱਖਿਆ, ਬੀਬੀ ਦੇ ਮਨ ਵਿਚ ਖਿਆਲ ਆਇਆ ਕਿ ਕਿਤੇ ਮੇਰੇ ਪੁੱਤਰ ਜਾਂ ਪਤੀ ਨੂੰ ਨਾ ਮਰਵਾ ਦੇਵੇ। ਨਵਾਬ ਜ਼ੋਰ ਵਾਲਾ ਹੈ, ਮੈਂ ਚਲੀ ਹੀ ਜਾਵਾਂ ਤਾਂ ਚੰਗਾ ਹੈ। ਸੋ ਇਸ ਬੀਬੀ ਨੇ ਵਸਤਰ ਵਗੈਰਾ ਪਹਿਨਣੇ ਸ਼ੁਰੂ ਕਰ ਦਿਤੇ, ਜਾਣ ਲਈ ਸੋਚਣਾ ਸ਼ੁਰੂ ਕਰ ਦਿਤਾ। ਜਦੋਂ ਦੂਜਾ ਤਵੀਜ਼ ਮੰਜੇ ਦੇ ਪਾਵੇ ਥੱਲੇ ਦਬਾਇਆ ਤਾਂ ਜਾਣ ਦੀ ਪੂਰੀ ਤਿਆਰੀ ਕਰ ਲਈ। ਜਦੋਂ ਤੀਜਾ ਤਵੀਜ਼ ਦਬਾਇਆ ਤਾਂ ਓਸੇ ਵੇਲੇ ਘਰ ਨੂੰ ਤਾਲਾ ਲਗਾ ਕੇ ਤੁਰ ਪਈ। ਰਸਤੇ ਵਿਚ ਇਕ ਬਹੁਤ ਉਚ ਕੋਟੀ ਦੇ ਮਹਾਤਮਾ ਰਹਿੰਦੇ ਸਨ ਜਿਸ ਕੋਲੋਂ ਸ਼ਾਹਜਹਾਂ ਵੀ ਡਰਿਆ ਕਰਦਾ ਸੀ। ਉਸ ਦਾ ਤਪ ਤੇਜ਼ ਬਹੁਤ ਸੀ, ਬੀਬੀ ਨੇ ਸੋਚਿਆ ਮੈਂ ਰਸਤੇ ਵਿਚ ਨਮਸ਼ਕਾਰ ਕਰਦੀ ਜਾਵਾਂ, ਪਤਾ ਨਹੀਂ ਮੈਨੂੰ ਉਹ ਤੁਰਕ ਬਣਾ ਲਵੇ, ਮੇਰੀ ਜਾਤ ਬਦਲ ਜਾਵੇ। ਪਤਾ ਨਹੀਂ ਕੀ ਭਾਵੀ ਵਰਤ ਜਾਵੇ। ਸੋ ਜਾਂਦੀ ਜਾਂਦੀ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਤਾਂ ਕਰਦੀ ਜਾਵਾਂ। ਜਦੋਂ ਮਹਾਂਪੁਰਸ਼ਾਂ ਕੋਲ ਆਈ ਤਾਂ ਸੰਤ ਕਹਿਣ ਲੱਗੇ, "ਬੇਟਾ! ਤੇਰਾ ਪਤੀ ਤਾਂ ਇਥੇ ਹੈ ਨਹੀਂ ਫਿਰ ਤੂੰ ਹਾਰ ਸ਼ਿੰਗਾਰ ਕਰੀ ਕਿਥੇ ਜਾ ਰਹੀ ਹੈਂ?" ਰੋਣ ਲਗ ਗਈ। ਬੀਬੀ ਨੇ ਸਾਰੀ ਗੱਲ ਮਹਾਂਪੁਰਸ਼ਾਂ ਨੂੰ ਦੱਸੀ ਕਿ ਮੇਰੀ ਤਾਂ ਡਰਦੀ ਮਾਰੀ ਦੀ ਬੁੱਧੀ ਹੀ ਭ੍ਰਿਸ਼ਟ ਹੋ ਗਈ। ਮਹਾਂਪੁਰਸ਼ਾਂ ਨੇ ਦੱਸਿਆ ਕਿ ਤੈਨੂੰ ਤਾਂ ਮੰਤਰ ਦੇ ਬਲ ਨਾਲ ਖਿਚਿਆ ਜਾ ਰਿਹਾ ਸੀ। ਓਸੇ ਵੇਲੇ ਮਹਾਂਪੁਰਸ਼ਾਂ ਨੇ ਆਪਣੇ ਚਰਨਾਂ ਦੇ ਹੇਠਾਂ ਤੋਂ ਥੋੜ੍ਹੀ ਜਿਹੀ ਧੂੜ ਚੁੱਕੀ ਤੇ ਬੀਬੀ ਦੇ ਮੱਥੇ ਤੇ ਮਲ ਦਿਤੀ, ਓਸੇ ਵੇਲੇ ਬੀਬੀ ਨੂੰ ਹੋਸ਼ ਆ ਗਈ ਤੇ ਕਹਿਣ ਲੱਗੀ ਕਿ ਮੈਂ ਤਾਂ ਗਲਤ ਪਾਸੇ ਜਾ ਰਹੀ ਸੀ, ਹੁਣ ਤਾਂ ਭਾਵੇਂ ਮੇਰੀ ਜਾਨ ਚਲੀ ਜਾਵੇ, ਮੈਂ ਨਹੀਂ ਜਾਵਾਂਗੀ; ਘਰ ਨੂੰ ਵਾਪਸ ਮੁੜ ਗਈ। ਉਧਰ ਉਹ ਲੋਕ ਬੀਬੀ ਦਾ ਇੰਤਜ਼ਾਰ ਕਰ ਰਹੇ ਸਨ, ਮੰਤਰ ਕਰਨ ਵਾਲਿਆਂ ਨੂੰ ਪੁਛਿਆ ਕਿ ਤੁਹਾਡੇ ਮੰਤਰ ਕੀ ਕਰ ਰਹੇ ਹਨ, ਕਹਿਣ ਲੱਗੇ ਬੀਬੀ ਤਾਂ ਆ ਗਈ ਸੀ, ਪਰ ਰਸਤੇ ਵਿਚ ਕੋਈ ਵੱਡਾ ਵਲੀ ਮਿਲ ਗਿਆ, ਜਿਸ ਨੇ ਉਸ ਨੂੰ ਰੋਕ ਦਿਤਾ।

***ਸੰਤ ਕੀ ਧੂਰਿ ਮਿਟੇ ਅਘ ਕੋਟ॥ ਪੰਨਾ - 188***

ਸੋ ਚਰਨਾਂ ਦੀ ਭਗਤੀ ਕਰੋੜਾਂ ਪਾਪਾਂ ਦਾ ਨਾਸ਼ ਕਰਦੀ ਹੈ, ਚਰਨਾਂ ਦੀ ਭਗਤੀ ਭਾਈ ਗੋਂਦੇ ਨੇ ਕੀਤੀ, ਗੁਰੂ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਪ੍ਰੇਮ ਭਰੀਆਂ ਡੋਰੀਆਂ ਨਾਲ ਬੰਨ੍ਹ ਕੇ ਬਿਠਾ ਦਿਤਾ -

***ਅਵਰਿ ਉਪਾਵ ਸਭਿ ਮੀਤ ਬਿਸਾਰਹੁ॥***
***ਚਰਨ ਕਮਲ ਰਿਦ ਮਹਿ ਉਰਿਧਾਰਹੁ॥ ਪੰਨਾ - 288***

ਇਸ ਤੋਂ ਬਾਅਦ ਹੈ ਅਰਚਣ ਭਗਤੀ, ਇਹ ਅਰਚਣਾਂ ਭਗਤੀ ਸੋਲ੍ਹਾਂ ਪ੍ਰਕਾਰ ਦੀ ਹੁੰਦੀ ਹੈ, ਗੁਰੂ ਦੀ ਸੇਵਾ ਨੂੰ ਅਰਚਣਾ ਭਗਤੀ ਕਹਿੰਦੇ ਹਨ, 16 ਪ੍ਰਕਾਰ ਦੀ ਗੁਰੂ ਦੀ ਸੇਵਾ ਹੁੰਦੀ ਹੈ, ਜਿਸ ਦਾ ਵਿਸਥਾਰ ਬਹੁਤ ਹੈ। ਇਸ ਦਾ ਫਲ ਇਹ ਹੁੰਦਾ ਹੈ ਕਿ ਦਰਗਾਹ ਦੇ ਅੰਦਰ ਮਾਣ ਦੀ ਪ੍ਰਾਪਤੀ ਹੁੰਦੀ ਹੈ–

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26***

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦਾ - 2, 2.***
***ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦਾ - 2, 2.***
***ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ - 2, 2.***

ਜਿਹੜਾ ਸੀਸ ਗੁਰਾਂ ਦੇ ਚਰਨਾਂ ਵਿਚ ਜਾ ਕੇ ਨਹੀਂ ਝੁਕਦਾ, ਉਸ ਬਾਰੇ ਮਹਾਰਾਜ ਦਾ ਫੁਰਮਾਨ ਹੈ -

***ਧਾਰਨਾ - ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,***
***ਧ੍ਰਿਗ ਤੇਰਾ ਸੀਸ ਬੰਦਿਆ - 2, 2.***
***ਮੇਰੇ ਪਿਆਰੇ, ਧ੍ਰਿਗ ਤੇਰਾ ਸੀਸ ਬੰਦਿਆ-2,2***
***ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,......-2.***

***ਧ੍ਰਿਗੁ ਸਿਰੁ ਜੋ ਗੁਰੁ ਨਾ ਨਿਵੈ ਗੁਰ ਲਗੈ ਨ ਚਰਣੀ।***
***ਭਾਈ ਗੁਰਦਾਸ ਜੀ, ਵਾਰ 27/10***

ਇਹ ਨਮਸਕਾਰ ਡੰਡਉਤ ਭਗਤੀ ਹੁੰਦੀ ਹੈ ਜਿਸ ਦੇ ਅੱਠ ਅੰਗ ਧਰਤੀ ਤੇ ਲਗਦੇ ਹਨ ਉਸ ਨੂੰ ਬੰਦਨ ਆਖਿਆ ਜਾਂਦਾ ਹੈ, ਜਿਸ ਦੇ ਮਨ ਵਿਚ ਅਤੀ ਸ਼ਰਧਾ ਹੋਵੇ, ਉਸ ਤੋਂ ਹੀ ਕਿਰਿਆ ਹੋਇਆ ਕਰਦੀ ਹੈ। ਇਸ ਤਰ੍ਹਾਂ ਇਸ ਭਗਤੀ ਨੂੰ ਨਮਸਕਾਰ ਭਗਤੀ ਕਹਿੰਦੇ ਹਨ। ਇਸ ਤੋਂ ਬਾਅਦ ਦਾਸਾ ਭਾਵ ਭਗਤੀ ਹੁੰਦੀ ਹੈ, ਆਪਣੇ ਆਪ ਨੂੰ ਗੁਲਾਮ ਬਣਾ ਲੈਣਾ, ਆਪਣੀ ਮਰਜ਼ੀ ਛੱਡ ਦੇਣੀ -

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥***
***ਪੰਨਾ - 991***

***ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥***
***ਪੰਨਾ - 757***

***ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥***
***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥***
***ਪੰਨਾ - 811***

ਇਕ ਵਾਰੀ ਬਲਖ ਬੁਖਾਰੇ ਦਾ ਬਾਦਸ਼ਾਹ ਇਬਰਾਹੀਮ ਆਦਮ ਸੀ, ਉਸ ਨੇ ਇਕ ਗੁਲਾਮ ਖਰੀਦਿਆ, ਉਹ ਬੜਾ ਅਜੀਬ ਸੀ, ਉਸ ਨੇ ਗੁਲਾਮ ਨੂੰ ਬੁਲਾ ਕੇ ਪੁਛਿਆ, "ਐ ਗੁਲਾਮ! ਤੇਰੀ ਹਰ ਹਰਕਤ ਕੁਝ ਵਚਿੱਤਰ ਹੈ, ਦੂਜਿਆਂ ਨਾਲੋਂ ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਤੇਰੇ ਅੰਦਰ ਜੀਵਨ ਕਣੀ ਹੈ ਤੇ ਮੈਨੂੰ ਤੇਰੇ ਤੇ ਤਰਸ ਆ ਰਿਹਾ ਹੈ ਤੇ ਮੇਰੇ ਮਨ ਵਿਚ ਕੁਝ ਐਸ ਤਰ੍ਹਾਂ ਖਿਆਲ ਆਉਂਦਾ ਹੈ ਕਿ ਮੈਂ ਤੇਰਾ ਕੁਝ ਸਤਿਕਾਰ ਰੱਖਾਂ। ਤੂੰ ਆਪਣਾ ਨਾਮ ਦਸ, ਤੂੰ ਕੈਸੇ ਕਪੜੇ ਪਾਉਣੇ ਚਾਹੁੰਦਾ ਹੈਂ, ਕੈਸਾ ਖਾਣਾ ਖਾਣਾ ਪਸੰਦ ਕਰੇਂਗਾ, ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਉਠਣਾ ਚਾਹੇਂਗਾ।" ਗੁਲਾਮ ਨੇ ਕਿਹਾ, "ਹਜ਼ੂਰ, ਜਦੋਂ ਮੈਂ ਆਜ਼ਾਦ ਸੀ ਮੈਂ ਸਭ ਕੁਝ ਮਰਜ਼ੀ ਨਾਲ ਕਰਦਾ ਸੀ ਹੁਣ ਮੈਂ ਗੁਲਾਮ ਹਾਂ, ਗੁਲਾਮ ਦਾ ਕੋਈ ਹੱਕ ਨਹੀਂ ਹੋਇਆ ਕਰਦਾ। ਤੁਸੀਂ ਜਿਸ ਤਰ੍ਹਾਂ ਦਾ ਵੀ ਮੇਰਾ ਨਾਮ ਰੱਖਣਾ ਚਾਹੁੰਦੇ ਹੋ, ਟਿੱਟੂ, ਬਿੱਟੂ, ਕਾਲਾ, ਗੋਰਾ ਜੋ ਵੀ ਰਖਣਾ ਚਾਹੁੰਦੇ ਹੋ ਉਹ ਰੱਖ ਲਓ, ਜਿਹੜਾ ਤੁਹਾਨੂੰ ਸੁਖਾਲਾ ਲਗਦਾ ਹੈ ਉਹ ਰਖ ਲਓ, ਕਿਉਂਕਿ ਨਾਮ ਰੱਖਣ ਦਾ ਤੇ



Sri Satguru Jagjit Singh Ji eLibrary NamdhariElibrary@gmail.com

ਬਦਲਣ ਦਾ ਹੱਕ ਆਜ਼ਾਦ ਆਦਮੀ ਨੂੰ ਹੁੰਦਾ ਹੈ, ਗੁਲਾਮ ਨੂੰ ਨਹੀਂ ਹੁੰਦਾ ਕਿਉਂਕਿ ਗੁਲਾਮ ਦੀ ਜ਼ਮੀਰ ਤੇ ਹਕੂਕ ਖਤਮ ਹੋ ਜਾਂਦੇ ਹਨ, ਜਿਹੜੇ ਕਪੜੇ ਤੁਹਾਡੀਆਂ ਅੱਖਾਂ ਨੂੰ ਠੀਕ ਲਗਦੇ ਹਨ ਓਹੇ ਜਿਹੇ ਪਹਿਨਾ ਦਿਆ ਕਰੋ, ਜੋ ਕੁਝ ਖਾਣ ਨੂੰ ਦੇ ਦਿਓਂਗੇ, ਉਹ ਖਾ ਲਵਾਂਗਾ। ਮੇਰੀ ਕੋਈ ਵਿਸ਼ੇਸ਼ ਮੰਗ ਨਹੀਂ ਹੈ, ਜਦੋਂ ਕਹੋਂਗੇ ਤੂੰ ਸੌਂ ਜਾ, ਮੈਂ ਸੌਂ ਜਾਵਾਂਗਾ, ਜਦੋਂ ਕਹੋਂਗੇ ਉਠ ਜਾ, ਮੈਂ ਉਠ ਜਾਵਾਂਗਾ, ਮੇਰਾ ਧਰਮ ਕੇਵਲ ਸੁਆਮੀ ਸੇਵਾ ਦਾ ਰਹਿ ਗਿਆ ਹੈ ਕਿਉਂਕਿ ਮੈਂ ਮੁੱਲ ਖਰੀਦਿਆ ਗਿਆ ਹਾਂ, ਮੇਰਾ ਹੁਣ ਕਾਹਦਾ ਨਾਉਂ ਹੈ? ਗੁਲਾਮ ਦੀ ਮੰਗ ਹੀ ਕੋਈ ਨਹੀਂ ਰਹਿੰਦੀ।

***ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,***
***ਮੇਰਾ ਨਾਉ ਸੁਭਾਗਾ ਜੀ - 2, 2.***
***ਮੇਰੇ ਨਾਉ ਸੁਭਾਗਾ ਜੀ - 2, 2.***
***ਮੁੱਲ ਖਰੀਦੀ ਲਾਲਾ ਗੋਲਾ,........2***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥***
***ਪੰਨਾ - 991***

ਸੋ ਸਾਧ ਸੰਗਤ ਜੀ! ਇਹ ਦਾਸਾ ਭਾਵ ਭਗਤੀ ਹੁੰਦੀ ਹੈ। ਨੌਂਵੀਂ ਭਗਤੀ ਹੁੰਦੀ ਹੈ 'ਸਖਾ ਭਗਤੀ' ਜਾਂ ਪਤੀਵਰਤਾ ਪਤਨੀ ਵਰਗੀ ਆਗਿਆਕਾਰ ਰਹਿਣ ਵਾਲੀ ਭਗਤੀ। ਉਸਦਾ ਆਪਣੇ ਪਤੀ ਨਾਲ ਪਿਆਰ ਹੁੰਦਾ ਹੈ, ਪਤੀ ਦੀ ਰਜ਼ਾ ਵਿਚ ਰਾਜ਼ੀ ਰਹਿੰਦੀ ਹੈ, ਕੋਈ ਗਿਲਾ ਸ਼ਿਕਵਾ ਨਹੀਂ ਕਰਦੀ। ਪਤੀ ਤੋਂ ਬਗੈਰ ਕਿਸੇ ਹੋਰ ਪਰਪੁਰਸ਼ ਦੀ ਕੋਈ ਕਾਣ ਨਹੀਂ ਰੱਖੀ ਜਾਂਦੀ, ਸਾਰੇ ਦੁਖ, ਸੁਖ, ਪਤੀ ਨਾਲ ਪ੍ਰਸੰਨ ਚਿੱਤ ਰਹਿਣਾ, ਕੋਈ ਸ਼ਿਕਵਾ ਕੋਈ ਉਲਾਂਭਾ ਨਹੀਂ ਦੇਣਾ। ਪਤੀ ਦਾ ਵਿਛੋੜਾ ਨਾ ਝੱਲ ਸਕਣਾ ਤੇ ਨਾਲ ਹੀ ਪਿਆਰ ਵਿਚ ਪ੍ਰਾਣ ਤਿਆਗ ਦੇਣੇ, ਬਿਰਹੇ ਚੋਟ ਨਾ ਸਹਾਰ ਸਕਣੀ, ਸਤੀ ਰਹਿਣਾ। ਇਨ੍ਹਾਂ ਨੌਂ ਕਿਸਮ ਦੀਆਂ ਭਗਤੀਆਂ ਨੂੰ ਫਲ ਲਗਦਾ ਹੈ, ਪਿਆਰ ਦਾ, ਜਿਸ ਨੂੰ ਪ੍ਰੇਮਾ ਭਗਤੀ ਕਹਿੰਦੇ ਹਨ।

***ਸਾਚ ਕਹੋਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***
***(ਸ੍ਵਯੇ ਪਾ. ੧੦)***

ਇਹ ਲੰਮੀ ਚੌੜੀ ਵਿਆਖਿਆ ਇਸ ਵਾਸਤੇ ਕੀਤੀ ਹੈ ਕਿ ਜਿਹੜਾ ਪ੍ਰੇਮ ਹੈ, ਇਹ ਆਪੇ ਨਹੀਂ ਲਗਦਾ -

***ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥***
***ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥***
***ਪੰਨਾ - 1378***

ਪਿਆਰ ਕੋਈ ਆਪਣੇ ਵੱਸ ਦੀ ਗੱਲ ਨਹੀਂ ਹੁੰਦੀ, ਹੌਲੀ ਹੌਲੀ ਲੱਗਿਆ ਕਰਦਾ ਹੈ। ਇਹ 'ਨੌਧਾ ਭਗਤੀ' ਕਹਾਉਂਦੀ ਹੈ। ਜਦੋਂ ਪਿਆਰ ਲਗ ਜਾਂਦਾ ਹੈ, ਓਦੋਂ ਪ੍ਰਮੇਸ਼ਰ ਤੇ ਪ੍ਰੇਮੀ ਵਿਚ ਭੇਦ ਖਤਮ ਹੋ ਜਾਂਦਾ ਹੈ, ਬਿਲਕੁਲ ਇਸ ਤਰ੍ਹਾਂ ਹੋ ਜਾਂਦੇ ਹਨ ਜਿਵੇਂ ਇਕੋ ਹੀ ਹੁੰਦੇ ਹਨ।

***ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ॥***
***ਪੰਨਾ - 1095***

ਕਿਉਂਕਿ ਸੰਸਾਰ ਨੂੰ ਤਾਂ ਪਦਾਰਥਾਂ ਦੀ ਭੁੱਖ ਲੱਗੀ ਹੋਈ ਹੈ, ਤਰੱਕੀਆਂ ਦੀ ਭੁੱਖ ਲੱਗੀ ਹੈ, ਮਾਣ ਦੀ, ਹੋਰ ਅਨੇਕਾਂ ਚੀਜ਼ਾਂ ਦੀ ਭੁੱਖ ਲੱਗੀ ਹੋਈ ਹੈ ਪਰ ਪ੍ਰਮੇਸ਼ਰ ਨੂੰ ਕੇਵਲ ਪਿਆਰ ਦੀ ਭੁੱਖ ਹੈ।

***ਧਾਰਨਾ - ਭਾਓ ਭਗਤ ਦਾ ਭੁੱਖਾ,***
***ਗੋਬਿੰਦ ਭਾਉ ਭਗਤ ਦਾ ਭੁੱਖਾ - 2, 2.***
***ਗੋਬਿੰਦ ਭਾਓ ਭਗਤ ਦਾ ਭੁੱਖਾ -2, 2.***
***ਭਾਓ ਭਗਤ ਦਾ ਭੁੱਖਾ,............-2.***

ਇਸ ਨੂੰ ਭਾਉ ਕਹਿੰਦੇ ਹਨ, ਭਗਤੀ ਕਹਿੰਦੇ ਹਨ -

***ਬਿਨੁ ਤੇਲ ਦੀਵਾ ਕਿਉ ਜਲੈ॥ ਪੰਨਾ - 25***

ਕੀ ਤੇਲ ਤੋਂ ਬਗੈਰ ਦੀਵਾ ਜਲ ਸਕਦਾ ਹੈ? ਮਹਾਰਾਜ ਕਹਿੰਦੇ ਨੇ ਹਾਂ ਭਾਈ!

***ਪੋਥੀ ਪੁਰਾਣ ਕਮਾਈਐ॥***
***ਭਉ ਵਟੀ ਇਤੁ ਤਨਿ ਪਾਈਐ॥ ਪੰਨਾ - 25***

ਇਹਦੇ ਵਿਚ ਭਗਤੀ ਦੀ ਬੱਤੀ ਪਾਈ ਹੈ -

***ਸਚੁ ਬੂਝਣੁ ਆਣਿ ਜਲਾਈਐ॥ ਪੰਨਾ - 25***

ਗਿਆਨ ਨਾਲ ਇਹ ਦੀਪ ਜਲ ਜਾਵੇਗਾ।

***ਇਹੁ ਤੇਲੁ ਦੀਵਾ ਇਉ ਜਲੈ॥***
***ਕਰਿ ਚਾਨਣੁ ਸਾਹਿਬ ਤਉ ਮਿਲੈ॥ ਪੰਨਾ - 25***

ਵਾਹਿਗੁਰੂ ਨੂੰ ਮਿਲਣ ਲਈ, 'ਸੁਰਤੀ' ਰੂਪੀ ਦੀਵਾ ਜਲਾਉਣ ਲਈ ਭਗਤੀ ਜ਼ਰੂਰੀ ਹੈ ਜਿਸ ਨੂੰ ਪਿਆਰ ਕਹਿੰਦੇ ਹਨ- ਪਿਆਰ, ਭਉ। ਭਾਈ ਗੁਰਦਾਸ ਜੀ ਦੁਆਪਰ ਯੁੱਗ ਦੀ ਮਿਸਾਲ ਦਿੰਦੇ ਹਨ।

ਜਦੋਂ ਇਕ ਵਾਰੀ ਪਾਂਡਵਾਂ ਤੇ ਕੌਰਵਾਂ ਦਾ ਵਿਵਾਦ ਪੈ ਗਿਆ, ਬਹੁਤ ਯਤਨ ਕੀਤੇ, ਪਾਂਡਵ ਆਪਣਾ ਹੱਕ ਮੰਗਦੇ ਸੀ ਕਿ ਭਾਵੇਂ ਤੂੰ ਸਾਨੂੰ ਰਾਜ ਨਾ ਦੇ, ਪਰ ਰਾਜ ਤੇ ਸਾਡਾ ਹੱਕ ਸੀ, ਸਾਡਾ ਪਿਤਾ ਵੱਡਾ ਸੀ, ਇਸ ਕਰਕੇ ਹੱਕ ਵੀ ਸਾਡਾ ਬਣਦਾ ਹੈ ਪਰ ਦੁਰਯੋਧਨ! ਤੂੰ ਛਲ ਕਰਕੇ ਰਾਜ ਸਾਡੇ ਕੋਲੋਂ ਖੋਹ ਲਿਆ। ਹੁਣ ਤੂੰ ਇਸ ਤਰ੍ਹਾਂ ਕਰ, ਅਸੀਂ ਤੇਰੀਆਂ ਸਾਰੀਆਂ ਸ਼ਰਤਾਂ ਵੀ ਪੂਰੀਆਂ ਕਰ ਦਿਤੀਆਂ, 12 ਸਾਲ ਬਨਵਾਸ ਵੀ ਕੱਟ ਲਿਆ, ਇਕ ਸਾਲ ਗੁਪਤ ਰਹਿ ਕੇ, ਗੋਲੇ ਬਣ ਕੇ, ਦਾਸ ਬਣ ਕੇ, ਸੇਵਾ ਕਰਕੇ ਵੀ ਕੱਟ ਆਏ, ਹੁਣ ਤੂੰ ਸਾਨੂੰ ਘੱਟ ਤੋਂ ਘੱਟ ਰਹਿਣ ਜੋਗਾ ਥਾਂ ਦੇ ਦੇ। ਅਸੀਂ ਬਹੁਤਾ ਨਹੀਂ ਮੰਗਦੇ, ਸਾਨੂੰ ਕੇਵਲ ਪੰਜ ਪਿੰਡ ਦੇ ਦੇ, ਤਾਂ ਕਿ ਅਸੀਂ ਆਪਣਾ ਨਿਰਵਾਹ ਕਰ ਸਕੀਏ। ਦੁਰਯੋਧਨ ਐਡੇ ਵੱਡੇ ਹਿੰਦੁਸਤਾਨ ਵਿਚੋਂ ਪੰਜ ਪਿੰਡ ਵੀ ਦੇਣੇ ਨਹੀਂ ਸੀ ਮੰਨਦਾ। ਅਖੀਰ ਵਿਚ ਸਿਆਣੇ ਬੰਦੇ ਵਿਚ ਪਏ, ਬਾਰ-ਬਾਰ ਸਮਝਾਉਣ ਦੀ ਕੋਸ਼ਿਸ਼ ਕੀਤੀ। ਕ੍ਰਿਸ਼ਨ ਮਹਾਰਾਜ ਜੀ ਦੀ ਦੋਨਾਂ ਨਾਲ ਸਾਂਝੀ ਰਿਸ਼ਤੇਦਾਰੀ ਸੀ। ਜਦੋਂ ਉਨ੍ਹਾਂ ਕੋਲ ਗੱਲ ਪਹੁੰਚੀ ਤਾਂ ਉਨ੍ਹਾਂ ਨੇ ਸੋਚਿਆ ਕਿ ਪਾਂਡਵਾਂ ਦਾ ਤਾਂ ਅੱਗੇ ਹੀ ਹਾਲ ਖਰਾਬ ਹੈ, ਜੇ ਹੋ ਸਕੇ ਤਾਂ ਇਨ੍ਹਾਂ ਦਾ ਸਮਝੌਤਾ ਹੀ ਕਰਾਉਣਾ ਚਾਹੀਦਾ ਹੈ। ਕ੍ਰਿਸ਼ਨ ਮਹਾਰਾਜ ਨੇ ਦੁਰਯੋਧਨ ਨੂੰ ਸੁਨੇਹਾ ਭੇਜਿਆ ਕਿ ਅਸੀਂ ਆ ਕੇ ਗੱਲਬਾਤ ਕਰਾਂਗੇ। ਜਦੋਂ ਕ੍ਰਿਸ਼ਨ ਮਹਾਰਾਜ ਨੇੜੇ ਆਏ ਤਾਂ ਦੁਰਯੋਧਨ ਨੇ ਸੋਚਿਆ ਕਿ ਜੇ ਇਹ ਦਰਬਾਰ ਵਿਚ ਆਏ ਤਾਂ ਸਾਡੇ ਦਰਬਾਰ ਨੂੰ ਆਦਰ ਕਰਨਾ



Sri Satguru Jagjit Singh Ji eLibrary NamdhariElibrary@gmail.com

ਪਵੇਗਾ ਕਿਉਂਕਿ ਕ੍ਰਿਸ਼ਨ ਮਹਾਰਾਜ ਦੁਆਪਰ ਯੁਗ ਦੇ ਸੋਲ੍ਹਾਂ ਕਲਾ ਸੰਪੂਰਨ ਅਵਤਾਰ ਸਨ, ਫੇਰ ਮੈਨੂੰ ਵੀ ਖੜ੍ਹਾ ਹੋਣਾ ਪਵੇਗਾ। ਪਰ ਮੇਰੀ ਏਸ ਗੱਲ ਵਿਚ ਹਤਕ ਹੈ ਕਿ ਮੈਂ ਰਾਜ ਕੁਰਸੀ ਤੋਂ ਉਠ ਕੇ ਉਨ੍ਹਾਂ ਦਾ ਸਤਿਕਾਰ ਕਰਾਂ। ਕੁਝ ਘਿਰਨਾ ਸੀ ਉਸ ਦੇ ਮਨ ਵਿਚ। ਉਸ ਨੇ ਕਿਹਾ ਜਦੋਂ ਕ੍ਰਿਸ਼ਨ ਮਹਾਰਾਜ ਆਉਣ, ਮੈਨੂੰ ਪਹਿਲਾਂ ਦਸ ਦੇਣਾ। ਮੈਂ ਘੋੜਿਆਂ ਦੇ ਤਬੇਲੇ ਵਲ ਜਾਂਦਾ ਹਾਂ, ਜੇ ਤਾਂ ਉਥੇ ਹੀ ਉਹ ਆਏ ਤਾਂ ਕ੍ਰਿਸ਼ਨ ਖੜ੍ਹਾ ਹੋਏਗਾ, ਮੈਂ ਵੀ ਖੜ੍ਹਾ ਹੋਵਾਂਗਾ, ਉਸ ਵਿਚ ਮੇਰੀ ਕੋਈ ਬੇਇਜ਼ਤੀ ਨਹੀਂ, ਜੇਕਰ ਮੇਰੇ ਆਉਣ ਤੇ ਆ ਕੇ ਬਹਿ ਗਏ ਫੇਰ ਸਾਰੀ ਸਭਾ ਖੜ੍ਹੀ ਹੋਏਗੀ, ਨਿਯਮ ਦੇ ਮੁਤਾਬਿਕ ਉਸ ਨੂੰ ਵੀ ਖੜ੍ਹਾ ਹੋਣਾ ਪਵੇਗਾ, ਸੋ ਇਸ ਗੱਲ ਵਿਚ ਮੇਰਾ ਹੱਥ ਉਪਰ ਹੋਏਗਾ।

ਸੋ ਕ੍ਰਿਸ਼ਨ ਮਹਾਰਾਜ ਕੋਲ ਦੁਰਯੋਧਨ ਦੀ ਭਾਵਨਾ ਪਹੁੰਚ ਗਈ, ਦਿਲ ਦੀ ਗੱਲ ਦਿਲ ਵਿਚ ਪਹੁੰਚ ਗਈ। ਬਿਦਰ ਜੋ ਇਨ੍ਹਾਂ ਦਾ ਚਾਚਾ ਲਗਦਾ ਸੀ, ਖਜ਼ਾਨੇ ਵਿਚੋਂ ਇਕ ਪੈਸਾ ਵੀ ਨਹੀਂ ਸੀ ਲਿਆ ਕਰਦਾ ਕਿਉਂਕਿ 'ਰਾਜ ਅੰਸ' ਮਤ ਨੂੰ ਮਲੀਨ ਕਰ ਦਿੰਦਾ ਹੈ। ਕਈ ਬਾਦਸ਼ਾਹ ਐਸੇ ਹੋਏ ਹਨ ਜਿਨ੍ਹਾਂ ਨੇ ਖਜ਼ਾਨੇ 'ਚੋਂ ਪੈਸਾ ਨਹੀਂ ਲਿਆ, ਖੁਦ ਮਿਹਨਤ ਕਰਕੇ ਆਪਣਾ ਗੁਜ਼ਾਰਾ ਕੀਤਾ ਹੈ, 'ਰਾਜ ਅੰਸ' ਤੇ ਪੂਜਾ ਦਾ ਧਾਨ - ਇਹ ਦੋ ਚੀਜ਼ਾਂ ਬੰਦੇ ਨੂੰ ਗਿਰਾ ਦਿੰਦੀਆਂ ਹਨ, ਇਹ ਖਾ ਕੇ ਬੰਦਾ ਗਿਰ ਜਾਂਦਾ ਹੈ। ਜਦੋਂ ਕ੍ਰਿਸ਼ਨ ਮਹਾਰਾਜ ਨੇੜੇ ਆਏ ਤਾਂ ਬਿਦਰ ਦੀ ਝੌਂਪੜੀ ਵਲ ਨੂੰ ਚਲੇ ਗਏ, ਜਾ ਕੇ ਰਾਤ ਕੱਟੀ, ਐਸਾ ਪ੍ਰੇਮ ਦੇਖਿਆ ਕਿ ਅਵਾਜ਼ ਸੁਣਦੇ ਹੀ ਬਿਦਰ ਦੇ ਘਰੋਂ ਬੀਬੀ ਬੇਸੁਧ ਹੋ ਗਈ, ਹਾਲਾਂਕਿ ਅੰਦਰ ਇਸ਼ਨਾਨ ਕਰ ਰਹੀ ਸੀ, ਜਲਦੀ ਜਲਦੀ ਬਾਹਰ ਆਈ, ਮਸਤਾਨੀ ਹੋ ਗਈ, ਕ੍ਰਿਸ਼ਨ ਜੀ ਨੇ ਆਪਣਾ ਪੀਤੰਬਰ ਵਸਤਰ ਉਸ ਦੇ ਸਰੀਰ ਉਪਰ ਪਾ ਕੇ ਢੱਕਿਆ। ਖਾਣ ਪੀਣ ਵਾਸਤੇ ਪੁਛਿਆ, ਸਫ ਤੇ ਬੈਠ ਗਈ, ਕਹਿਣ ਲੱਗੀ, ਮਹਾਰਾਜ! ਕੁਝ ਖਾਓ। ਕੇਲੇ ਖੁਆਉਣ ਲਗ ਪਈ, ਕੇਲੇ ਦਾ ਫਲ ਤਾਂ ਬਾਹਰ ਕੂੜੇ ਵਾਲੀ ਟੋਕਰੀ ਵਿਚ ਸੁੱਟੀ ਜਾਵੇ ਤੇ ਛਿਲਕੇ ਕ੍ਰਿਸ਼ਨ ਮਹਾਰਾਜ ਨੂੰ ਖਲਾਈ ਜਾਵੇ, ਕ੍ਰਿਸ਼ਨ ਮਹਾਰਾਜ ਬੜੇ ਪਿਆਰ ਨਾਲ ਛਕੀ ਜਾਣ, ਨਾਲੇ ਬਚਨ ਕਰੀ ਜਾਣ। ਦਰਸ਼ਨ ਹੋਣ ਤੇ 'ਸੁਧ ਕੀ ਨਾ ਸੁਧ ਰਹੀ।' ਸੁਧ ਹੀ ਵਿਸਰ ਜਾਇਆ ਕਰਦੀ ਹੈ। ਐਨੀ ਦੇਰ ਵਿਚ ਬਿਦਰ ਜੀ ਆ ਗਏ, ਦੇਖਿਆ ਕਿ ਇਹ ਕੀ ਕਰ ਰਹੀ ਹੈ। ਪ੍ਰਸੰਨ ਤਾਂ ਉਹ ਵੀ ਬਹੁਤ ਹੋਏ, ਕ੍ਰਿਸ਼ਨ ਮਹਾਰਾਜ ਨੂੰ ਦੇਖ ਕੇ। ਕਹਿਣ ਲੱਗੇ ਕੇਲੇ ਮੈਨੂੰ ਫੜਾ ਏਧਰ, ਬਿਦਰ ਨੇ ਛਿਲਕਾ ਟੋਕਰੀ ਵਿਚ ਸੁੱਟ ਦਿਤਾ ਤੇ ਕੇਲਾ ਖਾਣ ਵਾਸਤੇ ਕ੍ਰਿਸ਼ਨ ਮਹਾਰਾਜ ਨੂੰ ਦੇ ਦਿਤਾ। ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ ਕਿ ਬਿਦਰ ਜੀ! ਤੁਸੀਂ ਛਿਲੜ ਤਾਂ ਬਾਹਰ ਸੁੱਟ ਦਿਤਾ ਹੈ, ਪਰ ਜੋ ਪਿਆਰ ਪਹਿਲੇ ਛਿਲੜਾਂ ਵਿਚ ਸੀ ਉਹ ਹੁਣ ਇਸ ਕੇਲੇ ਦੇ ਗੁਦੇ ਵਿਚੋਂ ਨਹੀਂ ਆਇਆ। ਪਹਿਲਾਂ ਕੋਈ ਅਜੀਬ ਰਸ ਸੀ, ਕੋਈ ਪਿਆਰ ਦਾ ਰਸ ਸੀ, ਨਾ ਮੈਨੂੰ ਪਤਾ ਲੱਗਿਆ ਸੀ ਕਿ ਮੈਂ ਕੀ ਖਾ ਰਿਹਾ ਹਾਂ, ਨਾ ਦੇਣ ਵਾਲੇ ਨੂੰ ਪਤਾ ਲਗ ਰਿਹਾ ਸੀ ਕਿ ਉਹ ਕੀ ਖਲਾ ਰਿਹਾ ਹੈ। ਹੁਣ ਤੂੰ ਹੋਸ਼ ਹਵਾਸ ਨਾਲ ਦਿਤਾ ਹੈ ਪਰ ਪਹਿਲਾਂ ਵਰਗਾ ਸੁਆਦ ਨਹੀਂ ਆਇਆ। ਸੋ ਉਸ ਤੋਂ ਬਾਅਦ ਪ੍ਰਸ਼ਾਦਾ ਬਣਾਇਆ ਪਰ ਨਮਕ ਪਾਉਣਾ ਭੁੱਲ ਗਈ, ਅਲੂਣਾ ਸਾਗ ਹੀ ਖਲਾ ਦਿਤਾ। ਜਦੋਂ ਸ਼ੀਤ ਪ੍ਰਸ਼ਾਦ ਲੈ ਕੇ ਆਪ ਖਾਣ ਲੱਗੀ ਤਾਂ ਬੜਾ ਪਸ਼ਚਾਤਾਪ ਕਰਨ ਲੱਗੀ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਸਾਨੂੰ ਤਾਂ ਪਤਾ ਹੀ ਨਹੀਂ ਲੱਗਾ ਕਿ ਸਾਗ ਅਲੂਣਾ ਹੈ ਜਾਂ ਲੂਣ ਵਾਲਾ ਹੈ।

ਸੋ ਸਾਧਸੰਗਤ ਜੀ! ਇਹ ਪਿਆਰ ਦੀਆਂ ਬਾਤਾਂ ਹਨ, ਪਿਆਰ ਚੀਜ਼ ਹੀ ਹੋਰ ਹੈ, ਜਿਸ ਨੇ ਇਸ ਰਸ ਨੂੰ ਪੀਤਾ ਹੈ, ਕੇਵਲ ਉਸੇ ਨੂੰ ਹੀ ਪਤਾ ਹੁੰਦਾ ਹੈ, ਬਾਕੀ ਸੰਸਾਰ ਨੂੰ ਨਹੀਂ ਪਤਾ ਹੁੰਦਾ।

***ਧਾਰਨਾ - ਪ੍ਰੇਮ ਠਗੌਰੀ ਜਿਨ ਕਉ ਪਾਈ,***
***ਤਿਨ ਰਸ ਪੀਓ ਭਾਰੀ ਜੀ -2, 2.***
***ਤਿਨ ਰਸ ਪੀਓ ਭਾਰੀ ਜੀ -2, 2.***
***ਪ੍ਰੇਮ ਠਗੌਰੀ ਜਿਨ ਕਉ ਪਾਈ,.........-2.***

ਉਸ ਨੇ ਪਿਆਰ ਦਾ ਭਾਰੀ ਰਸ ਪੀਤਾ ਹੈ -

***ਤਾ ਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮ੍ਾਰੀ॥***
***ਪੰਨਾ - 702***

ਕਿਸ ਵਿਚ ਸ਼ਕਤੀ ਹੈ ਜਿਹੜਾ ਪਿਆਰ ਦੇ ਰਸ ਨੂੰ ਵਰਨਣ ਕਰ ਦੇਵੇ, ਅਲੂਣੇ ਸਾਗ ਮਿੱਠੇ ਲਗ ਰਹੇ ਹਨ, ਕੇਲਿਆਂ ਦੇ ਛਿੱਲੜ ਮਿੱਠੇ ਲਗ ਰਹੇ ਹਨ।

***ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥***
***ਪੰਨਾ - 1105***

ਸ੍ਰੀ ਰਾਮ ਚੰਦਰ ਜੀ ਨੂੰ ਜਦੋਂ ਭੀਲਣੀ ਨੇ ਬੇਰ ਖਲਾਏ, ਉਨ੍ਹਾਂ ਨੂੰ ਜੂਠਿਆਂ ਦਾ ਖਿਆਲ ਹੀ ਨਹੀਂ, ਉਨ੍ਹਾਂ ਨੂੰ ਬੜੇ ਚੰਗੇ ਲਗ ਰਹੇ ਸਨ।

ਸੋ ਸਾਧ ਸੰਗਤ ਜੀ! ਪਿਆਰ ਦੀ ਗੱਲ ਹੋਰ ਹੁੰਦੀ ਹੈ। ਪਹਿਲੇ ਜ਼ਮਾਨਿਆਂ ਵਿਚ ਸਾਰੇ ਗੁਰਦਵਾਰਿਆਂ ਵਿਚ ਹਨੂਮਾਨ ਨਾਟਕ ਪੜ੍ਹਾਉਂਦੇ ਹੁੰਦੇ ਸੀ। ਭਾਈ ਹਿਰਦੇ ਨਾਥ ਨੇ ਲਿਖਿਆ ਕਿ ਜਦੋਂ ਸੀਤਾ ਜੀ ਦਾ ਪਤਾ ਨਹੀਂ ਸੀ ਲਗਦਾ ਤਾਂ ਰਾਮ ਚੰਦਰ ਜੀ ਨੇ ਹਨੂਮਾਨ ਨੂੰ ਭੇਜਿਆ ਕਿ ਜਾ ਕੇ ਲੰਕਾ ਦੇ ਰਾਜੇ ਰਾਵਣ ਬਾਰੇ ਸੁਣਿਆ ਹੈ, ਉਥੋਂ ਸੀਤਾ ਜੀ ਦਾ ਕੁਛ ਪਤਾ ਲਿਆ। ਜਦੋਂ ਹਨੂੰਮਾਨ ਪਤਾ ਕਰਕੇ ਆਇਆ ਤੇ ਆ ਕੇ ਬੈਠ ਗਿਆ ਤਾਂ ਉਸ ਵੇਲੇ ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ -

"ਔਹ ਹਨੂਮਾਨ! ਕਹਿਓ ਰਘੁਬੀਰ! ਕੁਛ ਸੁਧ ਹੈ ਸੀਅ ਕੀ ਛਿਤ ਮਾਹਿ?"

ਪੁਛਣ ਲੱਗੇ ਕਿ ਲੰਕਾ ਵਿਚ ਕੁਝ ਸੀਤਾ ਜੀ ਦਾ ਪਤਾ ਲੱਗਿਆ? ਹਨੂੰਮਾਨ ਜੀ ਨੇ ਕਿਹਾ, "ਹਾਂ।'

"ਹੈ ਪ੍ਰਭ, ਲੰਕ ਕਲੰਕ ਬਿਨਾ ਬਸਹਿ ਤਰ ਰਾਵਣ ਬਾਗ ਕੇ ਮਾਹੀ।"

ਮਹਾਰਾਜ! ਸੀਤਾ ਲੰਕਾ ਵਿਚ ਅਜੇ ਕਲੰਕ ਤੋਂ ਬਿਨਾਂ ਹੈ। ਬਾਗ ਵਿਚ ਉਸ ਦਾ ਨਿਵਾਸ ਕੀਤਾ ਹੋਇਆ ਹੈ, ਓਥੇ ਰਹਿੰਦੀ ਹੈ। ਸਵਾਲ ਕੀਤਾ ਕਿ ਜੀਵਤ ਹੈ? ਸੀਤਾ ਜਿਉਂਦੀ ਹੈ?


Sri Satguru Jagjit Singh Ji eLibrary NamdhariElibrary@gmail.com

ਹਨੂੰਮਾਨ ਜੀ ਨੇ ਕਿਹਾ -

"ਕਹਿਬੇ ਹੀ ਕੋ ਨਾਥ।"

ਜਿਉਂਦੀ ਤਾਂ ਹੈ ਪਰ ਕਹਿਣ ਵਾਸਤੇ ਹੀ ਹੈ, ਕੇਵਲ ਲਗਦੀ ਹੀ ਹੈ ਜਿਉਂਦੀ।

"ਸੋ ਮਰ ਕਿਉਂ ਨਾ ਗਈ ਹਮਰੇ ਬਿਛਰਾਹੀ।"

ਰਾਮਚੰਦਰ ਜੀ ਕਹਿਨ ਲੱਗੇ, "ਸਾਡੇ ਬਗੈਰ ਮਰੀ ਕਿਉਂ ਨਾ?"

ਹਨੂੰਮਾਨ ਜੀ ਕਹਿਣ ਲੱਗੇ, ਮਹਾਰਾਜ! ਏਸ ਕਰਕੇ ਨਹੀਂ ਮਰੀ-

"ਪ੍ਰਾਨ ਬਸੈ ਪਗ ਪੰਕਜ ਮਹਿ, ਜਮ ਆਵਤ ਹੈ ਪਰ ਪਾਵਤ ਨਾਹੀ।"

ਤੁਹਾਡੇ ਚਰਨਾਂ ਵਿਚ ਉਹਦੇ ਪ੍ਰਾਣਾਂ ਦਾ ਵਾਸਾ ਹੋਇਆ ਹੋਇਆ ਹੈ। ਧਰਮਰਾਜ ਦੇ ਦੂਤ ਲੈਣ ਵਾਸਤੇ ਆਉਂਦੇ ਹਨ ਪਰ ਸਰੀਰ ਵਿਚੋਂ ਲੱਭਦੀ ਨਹੀਂ, ਏਸ ਕਰਕੇ ਕਹਿਣ ਵਾਸਤੇ ਹੀ ਜਿਉਂਦੀ ਹੈ। ਮਹਾਰਾਜ! ਤੁਹਾਡੇ ਚਰਨਾਂ ਵਿਚ ਉਸ ਦੇ ਪ੍ਰਾਣ ਵਸ ਰਹੇ ਹਨ, ਇਸ ਕਰਕੇ ਨਹੀਂ ਮਰੀ। ਜਮਦੂਤ ਆਉਂਦੇ ਹਨ ਉਸ ਨੂੰ ਸਰੀਰ ਵਿਚ ਨਾ ਦੇਖ ਕੇ ਮੁੜ ਜਾਂਦੇ ਹਨ। ਸੋ ਇਸ ਤਰ੍ਹਾਂ ਸਾਧ ਸੰਗਤ ਜੀ ਇਹ ਪਿਆਰ ਦੀਆਂ ਬਾਤਾਂ ਹਨ -

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥*** ***ਪੰਨਾ - 1412***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਸੋ ਇਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਜੀ ਦੀ ਬਿਦਰ ਨਾਲ ਪਿਆਰ ਦੀ ਰਾਤ ਲੰਘੀ। ਦੂਜੇ ਦਿਨ ਜਿਸ ਵਕਤ ਕ੍ਰਿਸ਼ਨ ਮਹਾਰਾਜ ਦਰਬਾਰ ਵਿਚ ਗਏ, ਉਸ ਵੇਲੇ ਦੁਰਯੋਧਨ ਬੜਾ ਨਰਾਜ਼ ਹੋਇਆ, ਬਹੁਤ ਰੁਖਾ ਬੋਲਿਆ, ਕਹਿਣ ਲੱਗਿਆ, ਕ੍ਰਿਸ਼ਨ! ਮੈਂ ਸਮਝਿਆ ਸੀ ਕਿ ਤੂੰ ਹੁਣ ਵੱਡਾ ਹੋ ਗਿਆ, ਜ਼ਿੰਮੇਵਾਰ ਹੋ ਗਿਆ ਪਰ ਤੇਰੀਆਂ ਗੁਆਲਿਆਂ ਵਾਲੀਆਂ ਆਦਤਾਂ ਨਹੀਂ ਗਈਆਂ, ਓਹੋ ਹੀ ਗੱਲਾਂ ਨੇ ਤੇਰੇ ਅੰਦਰ, ਭੁੰਜੇ ਜਾ ਕੇ ਸੌਂ ਗਿਆ, ਇਥੇ ਤਾਂ ਤੂੰ ਮਹਿਲਾਂ ਵਿਚ ਰਹਿਣਾ ਸੀ।

***ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।***
***ਭਾਈ ਗੁਰਦਾਸ ਜੀ, ਵਾਰ 10/7***

ਤੂੰ ਦੱਸ ਤਾਂ ਸਹੀ ਓਥੇ ਜਾ ਕੇ ਤੈਨੂੰ ਕੀ ਸੁਖ ਪ੍ਰਾਪਤ ਹੋਇਆ, ਗੋਲੇ ਦੇ ਘਰ ਵਿਚ, ਛਪਰੀ ਵਿਚ ਰਿਹਾ ਤੂੰ, ਭੁੰਜੇ ਸੁੱਤਾ। ਉਸਦੇ ਕੋਲ ਤਾਂ ਮੰਜਾ ਵੀ ਨਹੀਂ ਹੈ, ਖਾਣ ਵਾਸਤੇ ਵੀ ਕੁਝ ਨਹੀਂ ਹੈ।

***ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ॥***
***ਭਾਈ ਗੁਰਦਾਸ ਜੀ, ਵਾਰ 10/7***

ਐਂ ਸਾਰੇ ਕਿੱਡੇ-ਕਿੱਡੇ ਵੱਡੇ ਬੰਦੇ, ਭੀਸ਼ਮ ਪਿਤਾਮਾ ਵਰਗੇ ਬਾਲ ਜਤੀ, ਬ੍ਰਹਮਚਾਰੀ ਤੇ ਕਰਣ ਵਰਗੇ, ਹੋਰ ਸਾਰੇ ਸਭਾ ਦੇ ਸ਼ਿੰਗਾਰ, ਇਨ੍ਹਾਂ ਸਾਰਿਆਂ ਨੇ ਤੇਰੇ ਨਾਲ ਗੱਲਾਂਬਾਤਾਂ ਕਰਨੀਆਂ ਸਨ, ਤੇਰੇ ਮਨ ਪਰਚਾਵੇ ਵਾਸਤੇ ਕੋਈ ਨਾਚ ਗਾਉਣੇ ਦਾ ਅਸੀਂ ਪ੍ਰਬੰਧ ਕਰਦੇ, ਸਾਨੂੰ ਦਸ, ਇਹ ਸਾਰੇ ਛੱਡ ਕੇ -

***ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ॥***
***ਭਾਈ ਗੁਰਦਾਸ ਜੀ, ਵਾਰ 10/7***

ਤੂੰ ਝੁੱਗੀ ਵਿਚ ਜਾ ਕੇ ਪੈ ਗਿਆ, ਸਾਡੇ ਸਾਰਿਆਂ ਦੇ ਮਨ ਵਿਚ ਧੁਕ ਧੁਕੀ ਲੱਗੀ ਰਹੀ। ਜਿਸ ਵੇਲੇ ਇਹ ਗੱਲ ਕਹੀ ਤਾਂ -

***ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ॥***
***ਭਾਈ ਗੁਰਦਾਸ ਜੀ, ਵਾਰ 10/7***

ਕ੍ਰਿਸ਼ਨ ਜੀ ਬੋਲੇ, ਰਾਜਨ! ਤੂੰ ਸਾਡੇ ਵਲ ਟੇਢਾ ਮੋਢਾ ਕਰਕੇ ਨਾ ਗੱਲ ਕਰ, ਤੂੰ ਮੇਰੇ ਨਾਲ ਨੇਤਰ ਨਹੀਂ ਮਿਲਾਉਂਦਾ, ਕਹਿੰਦੇ ਸਨਮੁਖ ਹੋ ਕੇ ਗੱਲ ਕਰ, ਤੂੰ ਇਧਰ ਦੇਖ ਕੇ ਗੱਲ ਕਰ, ਤੈਨੂੰ ਪਤਾ ਹੈ ਤੂੰ ਮਨ ਵਿਚ ਕੀ ਲੈ ਕੇ ਬੈਠਾ ਸੀ ਕਿ ਕ੍ਰਿਸ਼ਨ ਘੋੜਿਆਂ ਦੇ ਤਬੇਲੇ ਵਿਚ ਆਵੇ -

***ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ॥***
***ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ॥***
***ਗੋਬਿੰਦ ਭਾਉ ਭਗਤਿ ਦਾ ਭੁਖਾ॥***
***ਭਾਈ ਗੁਰਦਾਸ ਜੀ, ਵਾਰ 10/7***

ਤੇਰੇ ਕੋਲ ਮੈਂ ਤਾਂ ਆਉਂਦਾ ਜੇਕਰ ਮੈਨੂੰ ਕੋਈ ਦੁਖ ਪਿਆ ਹੁੰਦਾ ਤੇ ਮੈਂ ਤੇਰੇ ਕੋਲੋਂ ਨਵਿਰਤ ਕਰਾਉਣਾ ਹੁੰਦਾ, ਮੈਂ ਤਾਂ ਇਕ ਪਰਉਪਕਾਰ ਕਰਨ, ਇਕ ਖਾਨਦਾਨੀ ਝਗੜਾ ਮਿਟਾਉਣ ਲਈ ਕੁਝ ਜਤਨ ਕਰਨ, ਸੁਮੱਤ ਦੇਣ ਲਈ ਆਇਆ ਹਾਂ। ਤੇਰੇ ਮਨ ਵਿਚ ਤਾਂ ਐਨਾ ਰੁਖਾਪਨ ਸੀ ਅਤੇ ਮੈਨੂੰ ਕੀ ਕੋਈ ਅਪਦਾ ਪਈ ਹੋਈ ਸੀ ਜਾਂ ਮੈਂ ਤੇਰੇ ਕੋਲ ਆ ਕੇ ਕੁਝ ਲੈਣਾ ਸੀ ਜੋ ਤੇਰੇ ਪਾਸ ਆਉਂਦਾ? ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਰਾਜਨਾ! ਅਸੀਂ ਤੇਰੇ ਕਾਹਨੂੰ ਆਉਣਾ ਸੀ,***
***ਸਾਨੂੰ ਲਗਦੇ ਬਿਦਰ ਜੀ ਪਿਆਰੇ।***
***ਸਾਨੂੰ ਲਗਦੇ ਬਿਦਰ ਜੀ ਪਿਆਰੇ - 2, 2.***
***ਰਾਜਨਾ! ਅਸੀਂ ਤੇਰੇ ਕਾਹਨੂੰ ਆਉਣਾ ਸੀ,...-2.***

***ਰਾਜਨ ਕਉਨੁ ਤੁਮਾਰੈ ਆਵੈ॥***
***ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥***
***ਪੰਨਾ - 1105***

ਕਹਿਣ ਲੱਗੇ, ਤੇਰੇ ਕੋਲ ਤਾਂ ਪਿਆਰ ਹੀ ਨਹੀਂ ਸੀ -

***ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥***
***ਪੰਨਾ - 1105***

ਕਹਿਣ ਲੱਗੇ, ਤੂੰ ਤਾਂ ਆਪਣੇ ਰਾਜ ਦੇ ਹੰਕਾਰ ਵਿਚ ਭੁੱਲਿਆ ਹੋਇਆ ਹੈਂ, ਮਾਨ ਅਪਮਾਨ ਦੀਆਂ ਗੱਲਾਂ, ਦਿਖਾਵੇ ਦੀਆਂ ਗੱਲਾਂ, ਉਪਰੋਂ ਤੂੰ ਹੋਰ ਹੈਂ, ਅੰਦਰੋਂ ਤੇਰਾ ਮਨ ਹੋਰ ਹੈ, ਇਸ ਲਈ ਤੇਰੇ ਕੋਲ ਆ ਕੇ ਕੀ ਕਰਨਾ ਸੀ? ਮੈਨੂੰ ਤਾਂ ਕੋਈ ਲੋੜ ਨਹੀਂ ਸੀ, ਲੋੜ ਵਾਲਾ ਬੰਦਾ ਆਉਂਦਾ ਹੈ। ਬਾਕੀ ਤੂੰ ਕਹਿੰਦਾ ਹੈਂ, ਮੈਂ ਤੇਰੇ ਪਰਸ਼ਾਦੇ ਨਹੀਂ ਛਕੇ। ਪ੍ਰਸ਼ਾਦੇ ਤਾਂ ਤਿੰਨ ਬੰਦੇ ਛਕਿਆ ਕਰਦੇ ਹਨ, ਇਕ ਤਾਂ ਅਥਿਤੀ ਛਕਿਆ ਕਰਦੇ



Sri Satguru Jagjit Singh Ji eLibrary NamdhariElibrary@gmail.com

ਹਨ, ਜੋ ਅਚਾਨਕ ਆ ਜਾਵੇ ਤੇ ਭੁੱਖਾ ਹੋਵੇ; ਦੂਜਾ ਉਹ ਛਕਿਆ ਕਰਦਾ ਹੈ ਜਿਸ ਨਾਲ ਕੋਈ ਪ੍ਰੇਮ ਹੋਵੇ, ਪ੍ਰੇਮ ਨਾਲ ਗੱਲਬਾਤ ਕਰਦਾ ਹੋਵੇ, ਉਹਦਾ ਵੀ ਨਿਉਤਾ ਮੰਨ ਲਿਆ ਜਾਂਦਾ ਹੈ, ਤੀਜਾ ਉਹ ਹੁੰਦਾ ਹੈ ਜਿਹੜਾ ਪ੍ਰੀਤਵਾਨ ਮਿਤਰ ਹੋਵੇ, ਉਹ ਅਚਾਨਕ ਆ ਜਾਵੇ, ਉਹ ਪ੍ਰਸ਼ਾਦਾ ਛਕ ਲੈਂਦਾ ਹੈ। ਤੇਰੇ ਵਿਚ ਤਾਂ ਤਿੰਨੋ ਚੀਜ਼ਾਂ ਹੀ ਨਹੀਂ ਸਨ। ਸੋ ਮੈਂ ਤੈਰਾ ਪ੍ਰਸ਼ਾਦਾ ਕਿਸ ਤਰ੍ਹਾਂ ਛਕਦਾ, ਤੇਰੇ ਵਧੀਆ ਖਾਣੇ, ਦੁੱਧ ਵਗੈਰਾ ਮੇਰੇ ਕਿਸੇ ਕੰਮ ਨਹੀਂ ਸਨ।

***ਧਾਰਨਾ - ਦੁਧ ਤੇਰਾ ਜੀ, ਕਿਸੇ ਕੰਮ ਨਾ,***
***ਅੰਮ੍ਰਿਤ ਲੱਗਿਆ ਬਿਦਰ ਦਾ ਪਾਣੀ!***
***ਦੁਧ ਤੇਰਾ ਜੀ,...............-2.***

***ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥***
***ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥***
***ਪੰਨਾ - 1105***

ਤੇਰੇ ਕੋਲ ਕੀ ਹੋਣਾ ਸੀ, ਨਿੰਦਿਆ, ਚੁਗਲੀ, ਈਰਖਾ, ਦ੍ਵੈਤ ਦੀਆਂ ਗੱਲਾਂ! ਉਥੇ ਅਸੀਂ ਕੀ ਕੀਤਾ! ਸਾਰੀ ਰਾਤ ਪ੍ਰਭੂ ਦਾ ਜਸ ਕੀਤਾ -

***ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥***
***ਪੰਨਾ - 1105***

ਕ੍ਰਿਸ਼ਨ ਮਹਾਰਾਜ ਦੁਰਯੋਧਨ ਨੂੰ ਕਹਿਣ ਲੱਗੇ ਕਿ ਇਹ ਤੇਰਾ ਸ਼ਿਕਵਾ ਗਲਤ ਹੈ -

***'ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ'*** ਮੈਨੂੰ ਕੋਈ ਦੁਖ ਨਹੀਂ ਸੀ, ਤੇਰੇ ਕੋਲ ਕੋਈ ਪਿਆਰ ਨਹੀਂ ਸੀ। ***'ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ॥ ਗੋਬਿੰਦ ਭਾਉ ਭਗਤਿ ਦਾ ਭੁਖਾ॥'*** ਵਾਹਿਗੁਰੂ ਨੂੰ ਜੇ ਭੁੱਖ ਲੱਗੀ ਹੋਈ ਹੈ ਤਾਂ ਕੇਵਲ ਪਿਆਰ ਦੀ ਹੈ, ਦਿਖਾਵੇ ਦੀ ਭੁੱਖ ਨਹੀਂ ਹੈ। ਸੋ ਏਸ ਕਰਕੇ ਸਾਧਸੰਗਤ ਜੀ! ਜੋ ਪ੍ਰੇਮਾ ਭਗਤੀ ਹੈ ਇਹ ਸਭ ਤੋਂ ਸ੍ਰੇਸ਼ਟ ਭਗਤੀ ਹੋਇਆ ਕਰਦੀ ਹੈ। ਪ੍ਰੇਮਾ ਭਗਤੀ ਤੋਂ ਬਾਅਦ ਪਰਾ ਭਗਤੀ ਹੁੰਦੀ ਹੈ, ਜਿਸ ਵਿਚ ਆਦਮੀ ਆਪਣਾ ਸਭ ਕੁਝ ਅਰਪਨ ਕਰ ਦਿੰਦਾ ਹੈ -

***ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,***
***ਮੈ ਕਿਛੁ ਨਾਹੀ -2, 2.***
***ਮੈਂ ਕਿਛੁ ਨਾਹੀ -4, 2.***
***ਪ੍ਰਭ ਸਭ ਕਿਛ ਤੇਰਾ ਜੀ ........... -2.***

***ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥***
***ਪੰਨਾ - 827***

ਸੋ ਸਾਰੇ ਬਾਹਰ ਵੀ, ਅੰਦਰ ਵੀ ਇਕੋ ਹੀ ਨਜ਼ਰ ਆਉਂਦਾ ਹੈ। ਜਦੋਂ ਇਕ ਨਜ਼ਰ ਆ ਗਿਆ ਤਾਂ ਆਪੇ ਹੀ ਠਾਕੁਰ, ਆਪੇ ਸੇਵਕ ਹੈ। ਉਸ ਵੇਲੇ ਆਪਣਾ ਆਪ ਪ੍ਰਮੇਸ਼ਰ ਦੇ ਅਰਪਣ ਕਰ ਦਿਤਾ, ਹਉਮੈ ਦਾ ਨਾਸ਼ ਹੋ ਗਿਆ। ਪ੍ਰੇਮਾ ਭਗਤੀ ਤੋਂ ਬਾਅਦ ਫੇਰ ਹਉਮੈ ਦਾ ਨਾਸ਼ ਹੁੰਦਾ ਹੈ, ਜਿਸ ਨੂੰ ਪਰਾ ਭਗਤੀ ਕਹਿੰਦੇ ਹਨ। ਸੋ ਪਰਾ ਭਗਤੀ ਤੋਂ ਬਾਅਦ ਅਪਰਾ ਭਗਤੀ ਹੈ -

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

ਉਹਦੇ ਵਿਚ ਕੀ ਹੁੰਦਾ ਹੈ, ਅੱਠ ਗੰਢਾਂ -

***ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥***
***ਪੰਨਾ - 146***

ਆਦਮੀ ਦੇ ਹਿਰਦੇ ਵਿਚ ਅੱਠ ਗੰਢਾਂ ਪਈਆਂ ਹਨ ਤੇ ਪੰਜ ਕਿਸਮ ਦੇ ਭਰਮ ਪਏ ਹੋਏ ਹਨ, ਇਹ ਸਾਰੀਆਂ ਚੀਜ਼ਾਂ ਦਾ ਨਾਸ਼ ਹੋ ਕੇ, ਇਹ ਜੋ ਸ਼ੰਕਾ ਸੀ ਕਿ ਇਹ ਸੰਸਾਰ ਵਾਹਿਗੁਰੂ ਦਾ ਹੈ ਕਿ ਦੁਸ਼ਟਾਂ ਦੇ ਰਹਿਣ ਦਾ ਥਾਂ ਹੈ, ਆਪਣਾ ਵੀ ਤੇ ਸੰਸਾਰ ਦਾ ਵੀ, ਦੋਵੇਂ ਭੇਦ ਖਤਮ ਹੋ ਗਏ, ਸ਼ੰਕੇ ਦਾ ਨਾਸ਼ ਹੋ ਗਿਆ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਸ਼ੰਕਾ ਮੇਰੀ ਓ ਨਾਸ਼ ਹੋ ਗਈ - 2, 2.***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ - 2, 2.***
***ਸ਼ੰਕਾ ਮੇਰੀ ਓ ਨਾਸ਼ ਹੋ ਗਈ,........।***

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***
***ਲੋਗਾ ਭਰਮਿ ਨ ਭੂਲਹੁ ਭਾਈ॥ ਪੰਨਾ - 1349***

ਪੰਜ ਕਿਸਮ ਦੇ ਭਰਮ ਹੁੰਦੇ ਹਨ, ਪੰਜਾਂ ਭਰਮਾਂ ਵਿਚ ਨਾ ਭੁੱਲੋ, ਭਾਈ! ਮਨ ਦੇ ਅੰਦਰ ਆਈਆਂ ਹੋਈਆਂ ਅੱਠ ਕਿਸਮ ਦੀਆਂ ਗੰਢਾਂ ਹੁੰਦੀਆਂ ਹਨ, ਉਹ ਵੀ ਹੌਲੀ ਹੌਲੀ ਖੋਲ੍ਹ ਲਓ - ਗੁਰਬਾਣੀ ਦਾ ਅਧਿਐਨ ਕਰਕੇ -

***ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥***
***ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥***
***ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥***
***ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥***
***ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥***
***ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥***
***ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥***
***ਪੰਨਾ - 1350***

ਜਦੋਂ ਅਪਰਾ ਭਗਤੀ ਵਿਚ ਆਇਆ, ਹੈਰਾਨ ਰਹਿ ਗਿਆ ਕਿ ਇਹ ਕੀ ਹੋ ਗਿਆ, ਇਥੇ ਤਾਂ ਸਿਰਫ ਵਾਹਿਗੁਰੂ ਹੀ ਹੈ-

***ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ॥***
***ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ॥***
***ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ॥***
***ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ॥***
***ਪੰਨਾ - 206***

ਕਿਤੇ ਤਿਆਗੀ ਬਣਿਆ ਹੋਇਆ ਹੈ, ਕਿਤੇ ਲੈ ਰਿਹਾ ਹੈ। ਏਸ ਤਰ੍ਹਾਂ ਦਸਵੇਂ ਪਾਤਸ਼ਾਹ ਫੁਰਮਾਉਂਦੇ ਹਨ -

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***


Sri Satguru Jagjit Singh Ji eLibrary NamdhariElibrary@gmail.com

*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਗੀਤ ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ॥*
***ਅਕਾਲ ਉਸਤਤਿ***

ਮਹਾਰਾਜ ਭਗਤ ਕਾਹਨਾ ਨੂੰ ਕਹਿਣ ਲੱਗੇ ਕਿ ਨਰਾਜ਼ ਨਾ ਹੋਵੋ, ਇਹ ਜਿਹੜਾ ਤੁਹਾਡਾ ਗਿਆਨ ਹੈ –

*ਮੈਂ ਹੀ ਬ੍ਰਹਮ ਸਰਬ ਕਾ ਕਰਤਾ ਸਕਲ ਜਗਤ ਮੇਰੇ ਤੇ ਜਾਨ,*
*ਸਕਲ ਅਰਾਧੇ ਮੇਰੇ ਤਾਂਈ ਅਬ ਮੈਂ ਹੋਇਆ ਕਾਹਨਾਂ।*

ਇਹ ਤਾਂ ਠੀਕ ਨਹੀਂ ਹੈ। ਅਸੀਂ ਜੋ ਸੰਸਾਰ ਦੇ ਅੰਦਰ ਗਿਆਨ ਲਿਆਂਦਾ ਹੈ, ਏਸ ਤਰ੍ਹਾਂ ਦਾ ਗਿਆਨ ਨਹੀਂ ਲਿਆਂਦਾ। ਕਰਮ ਉਪਾਸ਼ਨਾ, ਗਿਆਨ – ਵਿਗਿਆਨ, ਸੰਸਾਰ ਦੇ ਅੰਦਰ ਬਰਤਨ ਬੈਰਾਗ ਦੀ ਸਿਖਾਈ ਹੈ। ਭਗਤੀ ਨੂੰ ਮੁੱਖ ਰੱਖਿਆ ਹੈ, ਨਿਹਚੇ ਵਿਚ ਗਿਆਨ ਰੱਖਿਆ ਹੈ, ਪਰ ਜੇ ਏਸ ਤਰ੍ਹਾਂ ਦਾ ਗਿਆਨ, ਹੰਕਾਰੀ ਆਦਮੀ ਨੂੰ ਹੋਵੇ ਉਸ ਦਾ ਅਭਿਮਾਨ ਵਧ ਜਾਏਗਾ ਤੇ ਵਧਿਆ ਹੋਇਆ ਅਭਿਮਾਨ ਪ੍ਰਮੇਸ਼ਰ ਨਾਲ ਜੁੜਨ ਨਹੀਂ ਦਿੰਦਾ, ਸੋ ਇਹ ਹਉਮੈ ਦੀ ਗੰਢ ਅਸੀਂ ਤੋੜਨੀ ਹੈ, ਇਹ ਵਧਾਉਣੀ ਨਹੀਂ, ਏਸ ਕਰਕੇ ਸਾਧ ਸੰਗਤ ਜੀ!

*ਸਾਚ ਕਹੌਂ ਸੁਨ ਲੇਹੁ ਸਭੈ,*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

ਸੋ ਵਾਹਿਗੁਰੂ ਨੂੰ ਮਿਲਣ ਦਾ ਇਕੋ ਹੀ ਤਰੀਕਾ ਹੈ ਕਿ ਨੌਧਾ ਭਗਤੀ ਰਾਹੀਂ ਪਿਆਰ ਦੀ ਅਵਸਥਾ ਵਿਚ ਪਹੁੰਚ ਕੇ, ਪਰਾ ਤੇ ਅਪਰਾ ਭਗਤੀ ਵਿਚੋਂ ਹੋ ਕੇ, ਕੀ ਹੁੰਦਾ ਹੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥*
***ਪੰਨਾ – 1375***

ਜਦੋਂ ਆਪਣਾ ਆਪ ਹੀ dissolve (ਅਭੇਦ) ਹੋ ਗਿਆ, ਇਕ ਮਣ ਨਮਕ ਬੰਨ੍ਹ ਕੇ ਸਮੁੰਦਰ ਵਿਚ ਸੁੱਟ ਦਿਤਾ ਤੇ ਨਮਕ ਨੂੰ ਕਿਹਾ ਕਿ ਸਮੁੰਦਰ ਦਾ ਪਤਾ ਕਰਕੇ ਆ ਕਿ ਸਮੁੰਦਰ ਕੀ ਹੈ। ਨਮਕ ਕਿਥੇ ਰਹਿ ਗਿਆ ਸਾਧਸੰਗਤ ਜੀ! ਉਹ ਤਾਂ ਸਮੁੰਦਰ ਦੇ ਵਿਚੇ ਹੀ ਘੁਲ ਗਿਆ ਸੋ –

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ ਪੰਨਾ – 846*

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
***ਪੰਨਾ – 846***

ਸਾਰਾ ਪਸਾਰਾ ਵਾਹਿਗੁਰੂ ਦਾ ਹੈ, ਨੇਤਰ ਖੁਲ੍ਹਣ ਦੀ ਦੇਰ ਹੈ। ਸੋ ਸਾਧਸੰਗਤ ਜੀ! ਇਹ ਗੁਰਮਤਿ ਦਾ ਮਾਰਗ ਹੈ, ਇਸ ਤੇ ਚਲ ਕੇ ਆਪਣੇ ਜੀਵਨ ਨੂੰ ਸਫਲ ਕਰਨ ਵਾਸਤੇ ਆਪਾਂ ਨੇ ਵੀਚਾਰ ਕੀਤੀ ਹੈ –

*ਮੇਰਾ ਮਨੁ ਲੋਚੈ ਗੁਰਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਪੰਨਾ – 96*

*ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ*
*ਜਿਉ ਤ੍ਰਿਖਾਵੰਤੁ ਬਿਨੁ ਨੀਰ॥ ਪੰਨਾ – 861*

ਸੋ ਏਸ ਮਨ ਦੀ ਤਪਸ, ਭਗਤੀ ਤੇ ਗਿਆਨ ਰਾਹੀਂ ਬੁਝ ਜਾਂਦੀ ਹੈ, ਫੇਰ ਸਾਰੇ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ, ਬਾਕੀ ਕੋਈ ਰਹਿੰਦਾ ਹੀ ਨਹੀਂ –

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥ ਪੰਨਾ – 407*

ਸੋ ਇਸ ਤਰ੍ਹਾਂ ਆਪਣੇ ਜੀਵਨ ਨੂੰ ਪ੍ਰੈਕਟੀਕਲ ਸ਼ਕਲ ਵਿਚ ਲਿਆਓ, ਥਿਊਰੈਟੀਕਲ ਜਿਹੜਾ ਸੁਣਨਾ ਹੈ, ਸੁਣ ਕੇ ਮੰਨਣਾ ਚਾਹੀਦਾ ਹੈ –

*ਸੁਣਿਆ ਮੰਨਿਆ ਮਨਿ ਕੀਤਾ ਭਾਉ॥*
*ਅੰਤਰਗਤਿ ਤੀਰਥਿ ਮਲਿ ਨਾਉ॥ ਪੰਨਾ – 4*

ਸੋ ਸੁਣਨਾ ਇਕ ਸਟੇਜ ਹੈ, ਸੁਣ ਕੇ ਫਿਰ ਮੰਨਣਾ, ਮੰਨਣ ਤੋਂ ਬਾਅਦ ਨਿਧਿਆਸਣ, ਫੇਰ ਹੁੰਦਾ ਹੈ ਆਤਮ ਤੱਤ ਨੂੰ ਅੰਦਰ ਵੀਚਾਰ ਕਰਨਾ, ਆਤਮ ਤੱਤ ਵਿਚ ਆ ਕੇ ਭਜਨ ਬਦਲ ਜਾਇਆ ਕਰਦਾ ਹੈ। ਜੀਵਨ ਦਾ ਕੋਈ ਪਤਾ ਨਹੀਂ ਹੁੰਦਾ ਕਿ ਕਿਸ ਵੇਲੇ ਕਾਲ ਦਾ ਗੁਲੇਲਾ ਪੈ ਜਾਵੇ ਤੇ ਸਰੀਰ ਛੱਡ ਜਾਈਏ।

ਹੁਣ ਸਮਾਂ ਇਜ਼ਾਜਤ ਨਹੀਂ ਦਿੰਦਾ ਸੋ ਮੈਂ ਇਥੇ ਹੀ ਸਮਾਪਤ ਕਰਦਾ ਹਾਂ। ਗੁਰੂ ਮਹਾਰਾਜ ਸਭ ਨੂੰ ਸਿੱਖੀ ਸਿਦਕ, ਨਾਮ ਦਾਨ, ਆਪਣਾ ਪਿਆਰ ਬਖਸ਼ਣ, ਸੂਝ ਬਖਸ਼ਣ, ਨੇਤਰਾਂ ਦੇ ਵਿਚ ਗਿਆਨ ਦੀ ਜੋਤ ਬਖਸ਼ਣ, ਇਹੀ ਵੱਡਾ ਮਨੋਰਥ ਹੁੰਦਾ ਹੈ, ਸਭ ਤੋਂ ਵੱਡੀ ਮੰਗ ਹੈ –

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥*
***ਪੰਨਾ – 958***

ਜਿੰਨੀ ਦੇਰ ਤਕ ਨਾਮ ਦੀ ਮੰਗ ਦੀ ਜਾਚ ਨਹੀਂ ਆਉਂਦੀ, ਓਨੀ ਦੇਰ ਤਕ ਮਹਾਰਾਜ ਤੋਂ ਜੋ ਮੰਗੋ, ਦੇਈ ਜਾਂਦੇ ਹਨ। ਲੈਣ ਵਾਲੇ ਥੱਕ ਜਾਂਦੇ ਹਨ। ਵਾਹਿਗੁਰੂ ਦਾ ਨਾਮ ਧਿਆਵੋ, ਜਪੋ –

*ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥*
***ਪੰਨਾ – 714***

ਦੁਨੀਆਂ ਵਿਚ ਜਦੋਂ ਤਕ ਆਦਮੀ ਦੀ ਮੰਗ ਕਾਇਮ ਹੈ, ਭਜਨ ਨਹੀਂ ਹੋ ਸਕਦਾ। ਮੰਗ ਵੀ ਪੂਰੀ ਕਰ ਲਓ ਪਰ –

*ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਪੰਨਾ – 676*

ਦਾਤਾਂ ਮਿਲਦੀਆਂ ਹਨ, ਦਾਤੇ ਨੂੰ ਪਿਆਰ ਕਰੋ। ਭੁੱਲ ਨਾ ਜਾਇਓ – ਦਾਤਾਂ ਦੇਣ ਵਾਲੇ ਨੂੰ। ਯਾਦ ਰੱਖੋ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਦੀ। ਉਦਮ ਕਰੋ, ਸਤਿਸੰਗ ਪ੍ਰਭੂ ਦਾ ਮੁੱਖ ਦੁਆਰ ਹੈ ਇਸ ਵਿਚੀਂ ਹੋ ਕੇ ਮਾਰਗ ਤੇ ਵਧਦੇ ਜਾਓ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

**L L L L L L**



Sri Satguru Jagjit Singh Ji eLibrary NamdhariElibrary@gmail.com

# ਕਿਤੁ ਕਿਤੁ ਦੁਖਿ ਬਿਨਸਿ ਜਾਈ।।

*ਮੂਲ ਵਿਚਾਰ - ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ*

ਵਾਹਿਗੁਰੂ ਸਦਾ ਹੀ ਸਤਿ ਚਿਤ ਅਨੰਦ ਹੈ ਜਿਸ ਬਾਰੇ ਗੁਰੂ ਮਹਾਰਾਜ ਦੇ ਅਨੇਕਾਂ ਫੁਰਮਾਨ ਹਨ ਜਿਵੇਂ -

***ਸਤਿ ਸੁਹਾਣੁ ਸਦਾ ਮਨਿ ਚਾਉ॥ ਪੰਨਾ - 4***

***ਜੜ੍ਹ ਤੜ੍ਹ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਤਾਂ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਇਹ ਦੁਖ ਕਿਧਰੋਂ ਆ ਗਿਆ? ਸ੍ਰਿਸ਼ਟੀ ਦੀ ਹਰ ਸ਼ੈਅ ਭਾਵੇਂ ਜੜ੍ਹ ਹੈ ਭਾਵੇਂ ਚੇਤਨ ਹੈ, ਦੁਖਾਂ ਦੀ ਭਰੀ ਹੋਈ ਹੈ ਜਦ ਕਿ ਵਾਹਿਗੁਰੂ ਜੀ ਨੇ ਤਾਂ ਦੁਖ ਪੈਦਾ ਹੀ ਨਹੀਂ ਕੀਤਾ। ਵਾਹਿਗੁਰੂ ਤਾਂ ਪ੍ਰਿਅ ਹੈ, ਸਭ ਨਾਲ ਪਿਆਰ ਕਰਦਾ ਹੈ, ਸਭ ਦੀ ਰੱਖਿਆ ਕਰਦਾ ਹੈ, ਸਭ ਨੂੰ ਰਿਜ਼ਕ ਦਿੰਦਾ ਹੈ। ਵਾਹਿਗੁਰੂ ਦਾ ਸੁਭਾਵ ਕਿਸੇ ਨੂੰ ਦੁਖ ਦੇਣਾ ਨਹੀਂ ਹੈ ਤੇ ਨਾ ਹੀ ਉਹ ਕਿਸੇ ਨੂੰ ਦੁਖ ਦਿੰਦਾ ਹੈ। ਦੁਖ ਜੀਵ ਦੀ ਆਪਣੀ ਕਿਰਤ ਹੈ। ਵਾਹਿਗੁਰੂ ਜੀ ਨੇ ਆਪਣੀ ਆਗਿਆ ਅਨੁਸਾਰ ਬ੍ਰਹਿਮੰਡ ਰਚ ਦਿਤੇ ਅਤੇ ਪ੍ਰਕਿਰਤੀ ਰਚ ਦਿਤੀ ਜਿਸ ਨੂੰ ਮਾਇਆ ਵੀ ਆਖਦੇ ਹਨ। ਜਿਸ ਦਾ ਰੂਪ, ਰੰਗ, ਚੱਕਰ ਚਿਹਨ ਹੈ ਜਿਸ ਨੂੰ ਛੂਹਿਆ ਜਾ ਸਕਦਾ ਹੈ ਇਹ ਸਭ ਮਾਇਆ ਹੈ, ਭਾਵ ਪ੍ਰਕ੍ਰਿਤੀ ਹੈ। ਇਸ ਬਾਰੇ ਵੱਖ-ਵੱਖ ਸ਼ਾਸਤਰਾਂ ਦੇ ਅਲੱਗ ਅਲੱਗ ਖਿਆਲ ਹਨ ਜਿਵੇਂ ਕਿ ਨਿਆਇ ਸਾਸ਼ਤਰ ਤੇ ਸਾਂਖ ਸ਼ਾਸਤਰ ਅਨੁਸਾਰ ਮਾਇਆ ਅਨਾਦੀ ਹੈ। ਅਨਾਦੀ ਤੋਂ ਭਾਵ ਹੈ ਅਨੰਤ ਕਾਲ ਤੋਂ, ਜਦ ਤੋਂ ਵਾਹਿਗੁਰੂ ਹੈ ਉਦੋਂ ਤੋਂ ਹੀ ਮਾਇਆ ਵੀ ਹੈ। ਪਾਤੰਜਲ ਤੇ ਵਿਸੇਸ਼ਕ ਸਾਸ਼ਤਰ ਕਹਿੰਦੇ ਹਨ ਕਿ ਇਹ ਬਣਾਈ ਗਈ ਹੈ। ਵੇਦਾਂਤ ਸਾਸ਼ਤਰ ਇਸ ਬਾਰੇ ਚੁਪ ਹੈ ਤੇ ਇਸ ਨੂੰ ਅਨਰਬਚਨੀ ਕਹਿ ਕੇ ਸੰਬੋਧਨ ਕੀਤਾ ਹੈ ਜਿਵੇਂ ਮੁਰਗੀ ਤੇ ਆਂਡੇ ਬਾਰੇ ਨਹੀਂ ਕਿਹਾ ਜਾ ਸਕਦਾ ਕਿ ਪਹਿਲਾਂ ਮੁਰਗੀ ਪੈਦਾ ਹੋਈ ਜਾਂ ਪਹਿਲਾਂ ਆਂਡਾ ਬਣਿਆ? ਗੁਰਮਤਿ ਵਿਚ ਇਸ ਬਾਰੇ ਸਪਸ਼ਟ ਕਿਹਾ ਹੈ ਕਿ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***
***ਪੰਨਾ - 537***

ਜਦੋਂ ਪ੍ਰਕ੍ਰਿਤੀ ਉਤੇ ਚੇਤਨ ਦਾ ਪਰਛਾਵਾਂ ਪਿਆ ਜਾਂ ਇੰਜ ਕਿਹਾ ਜਾ ਸਕਦਾ ਹੈ ਕਿ ਇਸ ਦੀ ਚੇਤਨ ਨਾਲ ਸੰਧੀ ਹੋਈ, ਇਸ ਵਿਚ ਹਿਲਜੁਲ ਹੋਈ, ਜਿਵੇਂ ਜੇਕਰ ਚੁੰਬਕ ਨੂੰ ਲੋਹੇ ਦੇ ਛੋਟੇ ਟੁਕੜਿਆਂ ਦੇ ਉਤੋਂ ਦੀ ਘੁੰਮਾਈਏ ਤਾਂ ਉਹ ਟੁਕੜੇ ਵੀ ਹਰਕਤ ਵਿਚ ਆ ਜਾਂਦੇ ਹਨ। ਪ੍ਰਕ੍ਰਿਤੀ ਵਿਚ ਤਿੰਨ ਸੁਭਾਅ ਹਨ : ਇਸ ਵਿਚ ਜਾਗਰਤ ਹੈ, awareness ਹੈ, ਦੂਸਰਾ ਇਹ ਕ੍ਰਿਆਸ਼ੀਲ ਹੈ, ਪ੍ਰਵਰਤਨਸ਼ੀਲ ਹੈ ਅਤੇ ਹਰ ਸਕਿੰਟ ਦੇ ਕਰੋੜਵੇਂ ਹਿੱਸੇ ਤੋਂ ਵੀ ਘੱਟ ਸਮੇਂ ਵਿਚ ਇਸ ਵਿਚ ਬਦਲਾਓ ਹੁੰਦਾ ਰਹਿੰਦਾ ਹੈ; ਤੀਸਰਾ ਇਸ ਦਾ ਸੁਭਾਅ ਹੈ ਕਿ ਇਹ ਨਿਯਮਬੱਧ ਤਰੀਕੇ ਨਾਲ ਕੁਦਰਤ ਦੇ ਕਾਨੂੰਨ ਅੰਦਰ ਬੱਝੀ ਹੋਈ ਹੈ ਜਿਵੇਂ ਅੱਗ ਦਾ ਸੁਭਾਅ ਸਾੜਨਾ ਹੈ, ਪਾਣੀ ਦਾ ਸੁਭਾਅ ਗਿੱਲਾ ਕਰਨ ਦਾ ਹੈ ਅਤੇ ਹਵਾ ਦਾ ਸੁਭਾਵ ਸਪਰਸ਼ ਹੈ। ਇਸੇ ਤਰ੍ਹਾਂ ਆਕਾਸ਼ ਦਾ ਸੁਭਾਅ ਅਸੰਗਤਾ ਹੈ ਅਤੇ ਮਿੱਟੀ ਦਾ ਸੁਭਾਵ ਸਥੂਲਤਾ ਹੈ। ਇਹ ਤਾਂ ਇਸ ਦੇ ਕੁਦਰਤੀ ਨਿਯਮ ਹਨ ਅਤੇ ਇਸ ਤੋਂ ਇਲਾਵਾ ਮਾਇਆ ਦੇ ਤਿੰਨ ਗੁਣ ਵੀ ਇਸ ਵਿਚ ਪ੍ਰਵੇਸ਼ ਕਰ ਗਏ ਉਹ ਹਨ ਰਜੋ, ਸਤੋ ਤੇ ਤਮੋ। ਕੁਦਰਤੀ ਤੌਰ ਤੇ ਇਸ ਤੋਂ ਬਣੇ ਜੀਵਾਂ ਦੇ ਸੁਭਾਅ ਵੀ ਇਸ ਵਿਧਾਨ ਅਨੁਸਾਰ ਹੀ ਮੰਨੇ ਜਾਣਗੇ।

ਜਦੋਂ ਇਸ ਵਿਚ awareness ਆਈ ਭਾਵ ਗਿਆਨ ਆ ਗਿਆ ਤਾਂ ਪਹਿਲੀ ਚੀਜ਼ ਇਸ ਵਿਚ 'ਮੈਂ' ਆ ਗਈ ਜਿਸ ਨੂੰ ਹਉਮੈ ਕਹਿੰਦੇ ਹਨ। ਇਸ ਤੋਂ ਜੀਵ ਤਾਂ ਕੀ, ਵੱਡੇ-ਵੱਡੇ ਦੇਵਤੇ ਬ੍ਰਹਮਾ, ਬਿਸ਼ਨ, ਮਹੇਸ਼ ਵੀ ਨਾ ਬਚ ਸਕੇ, ਜਨਮ ਤੇ ਮਰਨ ਦਾ ਚੱਕਰ ਸ਼ੁਰੂ ਹੋ ਗਿਆ ਤੇ ਇਸ ਨੇ ਜੋ ਵੀ ਕਰਮ ਕੀਤੇ ਇਸ ਨੇ ਕਿਹਾ ਕਿ ਇਹ ਮੈਂ ਕੀਤੇ ਹਨ ਅਤੇ ਇਹ ਬੰਨ੍ਹਿਆ ਗਿਆ।

ਇਸੇ ਕਰਕੇ ਹੀ ਸਿੱਧਾਂ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਇਹ ਸਵਾਲ ਕੀਤਾ ਸੀ ਕਿ ਜੇ ਵਾਹਿਗੁਰੂ ਸਤ ਚਿਤ ਅਨੰਦ ਹੈ ਤਾਂ ਇਹ ਦੁਖ ਕਿਥੋਂ ਆ ਗਿਆ ਤੇ ਇਸ ਤੋਂ ਛੁਟਕਾਰਾ ਕਿਵੇਂ ਹੋਵੇ ਤਾਂ ਇੰਜ ਫੁਰਮਾਨ ਕੀਤਾ -

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ।। ਪੰਨਾ - 946***

ਅਤੇ ਗੁਰੂ ਮਹਾਰਾਜ ਜੀ ਨੇ ਇਸ ਦਾ ਉਤਰ ਦਿਤਾ -

***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ।।***
***ਪੰਨਾ - 946***

ਵਾਹਿਗੁਰੂ ਚੇਤਨ ਦੇ ਪ੍ਰਕਾਸ਼ ਦੀ ਨਿਰਮਲ ਬੂੰਦ ਦੁਆਰਾ ਇਸ ਵਿਚ ਚੇਤਨਤਾ ਆਈ ਪਰੰਤੂ ਇਸ ਪ੍ਰਕ੍ਰਿਤੀ ਵਿਚ ਆ ਕੇ ਰਲ ਗਈ ਅਤੇ ਹੁਣ ਜਦ ਤਕ ਇਹ ਨਿਰਮਲ ਬੂੰਦ ਨੂੰ ਪ੍ਰਕ੍ਰਿਤੀ ਤੋਂ ਅਲਹਿਦਾ ਨਹੀਂ ਕਰ ਲੈਂਦਾ ਅਤੇ ਇਹ ਨਿਰਮਲ ਬੂੰਦ ਵਾਹਿਗੁਰੂ ਰੂਪ ਵਿਚ ਸਮਾਅ ਨਹੀਂ ਜਾਂਦੀ ਉਦੋਂ ਤਕ ਇਸ ਦਾ ਛੁਟਕਾਰਾ ਨਹੀਂ ਹੋ ਸਕਦਾ। ਇਹ ਕੇਵਲ ਪ੍ਰਕ੍ਰਿਤੀ ਵਿਚ ਰਲੀ ਹੀ ਨਹੀਂ ਸਗੋਂ ਵਿਸ਼ੇ ਵਿਕਾਰਾਂ ਦੀ ਭੱਠੀ ਵਿਚ ਸੜ ਕੇ ਸੁਆਹ ਦੀ ਨਿਆਈ ਹੋ ਗਈ। ਇਸ ਬਾਰੇ ਗੁਰਬਾਣੀ ਵਿਚ ਸੰਕੇਤ ਹੈ -

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ।।***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ।।***
***ਪੰਨਾ - 1375***

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ।।***



Sri Satguru Jagjit Singh Ji eLibrary NamdhariElibrary@gmail.com

***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥***
***ਪੰਨਾ - 1375***

ਹੁਣ ਇਸ ਚੇਤਨ ਸੱਤਾ ਦੀਆਂ ਵੱਖ-ਵੱਖ ਹਾਲਤਾਂ ਬਣ ਗਈਆਂ, ਇਹ ਨਿਰੋਲ ਪ੍ਰਮਾਤਮ ਰੂਪ ਆਤਮਾ ਤੋਂ ਜੀਵ ਆਤਮਾ ਬਣ ਗਈ ਤੇ ਉਸ ਤੋਂ ਹੋਰ ਹੇਠਾਂ ਡਿੱਗੀ ਤੇ ਜੀਵ ਬਣ ਗਈ। ਉਦਾਹਰਣ ਦੇ ਤੌਰ ਤੇ ਇੰਜ ਸਮਝ ਲਈਏ ਕਿ ਜਿਵੇਂ ਰੋਸ਼ਨੀ ਵਾਲੇ ਬਲਬ ਉਪਰ ਪਹਿਲਾਂ ਕਾਲੇ ਰੰਗ ਦਾ ਪੇਂਟ ਕਰ ਦਿਤਾ ਜਾਵੇ ਤਾਂ ਰੋਸ਼ਨੀ ਮੱਧਮ ਹੋ ਜਾਵੇਗੀ ਅਤੇ ਉਸ ਦੇ ਉਪਰ ਕੋਈ ਬਰਤਨ ਮੂਧਾ ਮਾਰ ਦਿਤਾ ਜਾਵੇ ਫੇਰ ਤਾਂ ਲਾਈਟ ਦਿਸਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਪਹਿਲਾਂ ਇਹ ਜੀਵ ਆਤਮਾ ਬਣੀ ਤੇ ਫਿਰ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਸਮਝਣ ਲੱਗ ਪਈ। ਦੇਹ ਦੀਆਂ ਲੋੜਾਂ ਦੇ ਅਧੀਨ ਹੋ ਕੇ ਰਹਿ ਗਈ ਅਤੇ ਇਸ ਦੇ ਦੁਖਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਕਰਕੇ ਮਹਾਤਮਾ ਬੁੱਧ ਨੂੰ ਕਹਿਣਾ ਪਿਆ ਕਿ ਸੰਸਾਰ ਦੁੱਖਾਂ ਦਾ ਘਰ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਇਸ ਦੁਖ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਵਾਂ ਤੇ ਬਾਰ-ਬਾਰ ਜ਼ਿਕਰ ਕੀਤਾ ਹੈ ਅਤੇ ਇਸ ਦੁਖ ਤੋਂ ਛੁਟਕਾਰਾ ਪਾਉਣ ਦੇ ਸਾਧਨ ਵੀ ਦੱਸੇ ਹਨ -

***ਬਾਲੀ ਰੋਵੈ ਨਾਹਿ ਭਤਾਰੁ॥***
***ਨਾਨਕ ਦੁਖੀਆ ਸਭੁ ਸੰਸਾਰੁ॥ ਪੰਨਾ - 954***

ਵਾਹਿਗੁਰੂ ਜੀ ਨੇ ਜਦੋਂ ਇੱਛਾ ਪ੍ਰਗਟ ਕੀਤੀ ਤਾਂ ਓਅੰ ਅੱਖਰ ਦੀ ਧੁਨ ਹੋਈ ਤੇ ਸਾਰੇ ਬ੍ਰਹਿਮੰਡ ਰਚ ਦਿਤੇ ਅਤੇ ਨਿਰਗੁਣ ਤੋਂ ਸਾਕਾਰ ਦਾ ਪਸਾਰਾ ਕਰ ਦਿਤਾ। ਵਾਹਿਗੁਰੂ ਜੀ ਦਾ ਆਦਿ ਤੇ ਅੰਤ ਨਹੀਂ। ਇਸੇ ਤਰ੍ਹਾਂ ਮਾਇਆ ਵੀ infinity ਹੈ। ਜਦੋਂ ਫੈਲਦੀ ਹੈ ਤਾਂ ਵੀ infinity ਹੈ ਅਤੇ ਜਦੋਂ compress (ਸੁੰਗੜਦੀ) ਹੁੰਦੀ ਹੈ ਉਦੋਂ ਵੀ infinity ਹੈ ਜਿਵੇਂ ਕਿ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ -

***ਜਬ ਉਦਕਰਖ ਕਰਾ ਕਰਤਾਰਾ॥***
***ਪ੍ਰਜਾ ਧਰਤ ਤਬ ਦੇਹ ਅਪਾਰਾ॥***
***ਜਬ ਆਕਰਖ ਕਰਤ ਹੋ ਕਬਹੂੰ॥***
***ਤੁਮ ਮੈਂ ਮਿਲਤ ਦੇਹ ਧਰ ਸਭਹੂੰ॥***
***ਕਬਯੋ ਬਾਚ ਬੇਨਤੀ ਚੌਪਈ***

ਸੋ ਇਹ ਦੁਖ ਜੋ ਜੀਵ ਭੋਗ ਰਿਹਾ ਹੈ ਇਹ ਖਤਮ ਕਿਵੇਂ ਹੋਵੇ? ਜਦੋਂ ਤਕ ਇਹ ਮੁੜ ਕੇ ਫਿਰ ਆਪਣੇ ਅਸਲ ਵਿਚ ਲੀਨ ਨਹੀਂ ਹੋ ਜਾਂਦਾ, ਉਸ ਪਰਮ ਆਪੇ ਵਿਚ ਨਹੀਂ ਸਮਾਅ ਜਾਂਦਾ, ਉਦੋਂ ਤਕ ਇਸ ਦੇ ਦੁਖਾਂ ਦਾ ਖਾਤਮਾ ਨਹੀਂ ਹੋ ਸਕਦਾ। ਇਸ ਦੇ ਸਾਧਨ ਹਨ ਜੋ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਤੋਂ ਪ੍ਰਾਪਤ ਹੁੰਦੇ ਹਨ। ਹੁਣ ਇਹ ਸਿੱਧ ਹੋ ਗਿਆ ਕਿ ਉਸ ਵਾਹਿਗੁਰੂ ਦੀ ਜੋਤ ਅੰਦਰ ਵੀ ਹੈ ਅਤੇ ਬਾਹਰ ਵੀ ਕਣ ਕਣ ਵਿਚ ਫੈਲੀ ਹੈ। ਜਿਵੇਂ ਕਿ -

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਕਹੁ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥***
***ਪੰਨਾ - 684***

ਇਸ ਦੁਖ ਦੇ ਖਾਤਮੇ ਲਈ ਪਹਿਲਾਂ ਆਪਣੇ ਸਰੀਰ ਨੂੰ ਸਮਝਣਾ ਪਵੇਗਾ। ਇਹ ਪੰਜ ਤੱਤਾਂ ਦਾ ਤੇ ਪੱਚੀ ਪ੍ਰਕ੍ਰਿਤੀਆਂ ਦਾ ਬਣਿਆ ਹੋਇਆ ਹੈ ਅਤੇ ਇਸ ਵਿਚ ਚਤੁਸ਼ਟਾ ਅੰਤਸ਼ਕਰਣ ਹੈ ਜਿਸ ਨੂੰ ਮਨ ਚਿਤ ਬੁੱਧ ਤੇ ਅਹੰਭਾਵ ਕਹਿੰਦੇ ਹਨ, ਹੰਗਤਾ ਤੇ ਮਮਤਾ, ਆਸਾ, ਅੰਦੇਸਾ ਤੇ ਤ੍ਰਿਸ਼ਨਾ ਦੀਆਂ ਡੈਣਾਂ ਹਨ, ਪੰਜ ਪ੍ਰਾਨ ਇਸ ਸਰੀਰ ਨੂੰ ਆਪੋ ਆਪਣੀ ਕ੍ਰਿਆ ਰਾਹੀਂ ਜੀਵਤ ਰਖਦੇ ਹਨ। ਇਸ ਸਰੀਰ ਦਾ ਢਾਂਚਾ ਘਟਦਾ ਤੇ ਵਧਦਾ ਰਹਿੰਦਾ ਹੈ ਅਤੇ ਇਹ ਕੈਮੀਕਲ ਐਕਸ਼ਨ ਰਾਹੀਂ ਖੁਰਾਕ ਦੇ ਤੱਤ ਇਸ ਵਿਚ ਰਸ ਪੈਦਾ ਕਰਦੇ ਹਨ ਅਤੇ ਲਹੂ ਦੇ ਸੈਲ ਪੈਦਾ ਕਰਦੇ ਰਹਿੰਦੇ ਹਨ। ਇਸ ਦਾ ਸਰੀਰ ਤੇ ਸੁਭਾਵ ਪ੍ਰਕ੍ਰਿਤਕ ਹੋਣ ਕਰਕੇ ਇਹ ਪ੍ਰਕ੍ਰਿਤੀ ਦੇ ਅੰਦਰ ਹੀ ਗੱਡ-ਮੱਡ ਹੋਇਆ ਰਹਿੰਦਾ ਹੈ ਅਤੇ ਇਸ ਨੂੰ ਆਪਣੇ ਪਰਮ ਆਪੇ ਬਾਰੇ ਸੋਚਣ ਦੀ, ਜਾਨਣ ਦੀ ਰੁਚੀ ਬਹੁਤ ਘੱਟ ਹੈ। ਇਸ ਕਰਕੇ ਇਹ ਬਾਰ-ਬਾਰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਹੀ ਸਮਝਦਾ ਰਹਿੰਦਾ ਹੈ ਕਿ ਮੈਂ ਸਰੀਰ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਮੇਰਾ ਪਰਿਵਾਰ ਹੈ, ਮੇਰੀ ਧਨ ਦੌਲਤ ਹੈ, ਪ੍ਰਾਪਰਟੀ ਹੈ, ਮੈਂ ਸਿੱਖ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਈਸਾਈ ਹਾਂ, ਮੈਂ ਭਾਰਤੀ ਹਾਂ, ਮੈਂ ਈਰਾਨੀ ਹਾਂ ਤੇ ਮੈਂ ਅਮਰੀਕਨ ਹਾਂ ਆਦਿ। ਮਹਾਰਾਜ ਜੀ ਬਾਰ-ਬਾਰ ਸਮਝਾਉਂਦੇ ਹਨ ਕਿ ਭਾਈ ਤੂੰ ਸਰੀਰ ਨਹੀਂ, ਤੂੰ ਪਰਮ ਜੋਤੀ ਹੈਂ ਅਤੇ ਤੈਨੂੰ ਇਹ ਭਰਮ ਪੈ ਗਿਐ ਜੋ ਟੁੱਟਣ ਵਿਚ ਨਹੀਂ ਆਉਂਦਾ। ਜਿਵੇਂ ਹਨ੍ਹੇਰੇ ਵਿਚ ਰੱਸੀ ਸੱਪ ਜਾਪਦੀ ਸੀ ਅਤੇ ਸਾਰੀ ਰਾਤ ਡਰਦੇ ਰਹੇ ਕਿ ਹੇਠਾਂ ਨਾ ਉਤਰੀਏ, ਕਿਤੇ ਡੱਸ ਨਾ ਲਵੇ ਪਰ ਜਦੋਂ ਦਿਨ ਚੜ੍ਹਿਆ, ਪ੍ਰਕਾਸ਼ ਹੋਇਆ ਤੇ ਪਤਾ ਲੱਗਾ ਕਿ ਇਹ ਤਾਂ ਰੱਸੀ ਸੀ। ਜਿਸ ਤਰ੍ਹਾਂ ਪਹਿਲਾਂ ਦੱਸਿਆ ਸੀ ਕਿ ਇਸ ਦੇ ਅੰਦਰਲਾ ਪ੍ਰਕਾਸ਼ ਅਲੋਪ ਹੋ ਗਿਆ ਤੇ ਉਸ ਨੂੰ ਮੁੜ ਪ੍ਰਕਾਸ਼ਿਤ ਕਰਨ ਦੀ ਲੋੜ ਹੈ। ਜਦੋਂ ਤਕ ਇਹ ਅੰਧਕਾਰ ਵਿਚ ਘੁੰਮੇਗਾ, ਬਾਰ-ਬਾਰ ਠੇਡੇ ਖਾਂਦਾ ਰਹੇਗਾ -

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਪੰਨਾ - 325***

ਇਸ ਤਰ੍ਹਾਂ ਬਾਰ-ਬਾਰ ਜੰਮਣ ਮਰਨ ਦੇ ਚੱਕਰ ਵਿਚ ਪਿਆ ਰਹੇਗਾ ਅਤੇ ਇਸ ਦੇ ਦੁਖਾਂ ਵਿਚ ਵਾਧਾ ਹੁੰਦਾ ਰਹੇਗਾ ਅਤੇ ਮਨਮੁਖ ਦੀ ਪਦਵੀ ਤੇ ਹੀ ਟਿਕਿਆ ਰਹੇਗਾ ਸਗੋਂ ਇਸ ਤੋਂ ਵੀ ਥੱਲੇ ਵਲ ਨੂੰ ਇਸ ਦਾ ਸਫਰ ਸ਼ੁਰੂ ਹੋ ਜਾਵੇਗਾ ਤੇ ਜਿਹੜੀਆਂ ਜੂਨੀਆਂ ਤੋਂ ਬੜੀ ਮੁਸ਼ਕਲ ਨਾਲ ਇਸ ਨੂੰ ਮਨੁੱਖਾ ਸਰੀਰ ਪ੍ਰਾਪਤ ਹੋਇਆ ਸੀ, ਫੇਰ ਤ੍ਰਿਗਦ ਜੂਨੀਆਂ ਭੋਗੇਗਾ ਕਿਉਂਕਿ ਐਸਾ ਹੀ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ॥ ਪੰਨਾ - 1073***

ਹੁਣ ਇਸ ਦੇ ਜੀਵਨ ਦੇ ਦੋ ਪੱਖ ਹੋ ਗਏ - ਇਕ ਹੈ ਗੁਰਮੁਖ, ਜੋ 'ਮੈਂ-ਮੇਰੀ' ਤੋਂ ਮੁਕਤ ਹੋ ਕੇ ਗੁਰੂ ਆਸਰੇ ਰਹਿੰਦਾ ਹੈ, ਗੁਰੂ ਵਲ ਉਹਦਾ ਮੂੰਹ ਹੈ। ਦੂਜਾ ਹੈ ਮਨਮੁਖ - ਇਸ ਨੇ



Sri Satguru Jagjit Singh Ji eLibrary NamdhariElibrary@gmail.com

ਆਪਣਾ ਮੁਖ ਗੁਰੂ ਤੋਂ ਫੇਰ ਲਿਆ ਹੈ ਤੇ ਉਸ ਸਰੋਤ ਤੋਂ ਟੁੱਟ ਗਿਆ ਹੈ ਜਿਸ ਤੋਂ ਇਸ ਨੂੰ ਪ੍ਰਕਾਸ਼ ਮਿਲ ਰਿਹਾ ਸੀ। ਜਿਵੇਂ ਸੂਰਜ ਵਲ ਕੋਈ ਪਿੱਠ ਕਰ ਲਏ ਤਾਂ ਉਸ ਦਾ ਪਰਛਾਵਾਂ ਅੱਗੇ ਹੋ ਜਾਂਦਾ ਹੈ ਅਤੇ ਉਹ ਜਿੰਨਾਂ ਮਰਜ਼ੀ ਜ਼ੋਰ ਲਾ ਲਵੇ, ਕਦੀ ਵੀ ਪਰਛਾਵੇਂ ਨੂੰ ਨਹੀਂ ਫੜ ਸਕਦਾ ਕਿਉਂਕਿ ਇਹ ਮਾਇਆ ਰੂਪੀ ਪਰਛਾਵਾਂ ਹੈ। ਮਾਇਆ ਦੇ ਭੋਗ ਇਹ ਜਿੰਨੇ ਮਰਜ਼ੀ ਭੋਗਦਾ ਰਹੇ ਇਨ੍ਹਾਂ ਤੋਂ ਕਦੀ ਤ੍ਰਿਪਤੀ ਨਹੀਂ ਹੋਵੇਗੀ ਕਿਉਂਕਿ ਇਹ ਇਕ ਐਸੀ ਅਗਨੀ ਹੈ ਇਸ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਜਿੰਨੀਆਂ ਵੀ ਲੱਕੜੀਆਂ ਪੈਂਦੀਆਂ ਰਹਿਣਗੀਆਂ, ਇਹ ਉਤਨੀ ਹੋਰ ਪਰਚੰਡ ਹੁੰਦੀ ਜਾਵੇਗੀ ਅਤੇ ਇਸ ਦੀਆਂ ਲਾਟਾਂ ਇਸ ਦੇ ਧਰਮ ਰੂਪੀ ਸਦਗੁਣਾਂ ਨੂੰ ਸਾੜ ਕੇ ਇਸ ਤਰ੍ਹਾਂ ਸੁਆਹ ਕਰ ਦੇਣਗੀਆਂ ਕਿ ਇਸ ਦੇ ਸ਼ੁਭ ਗੁਣਾਂ ਦੇ ਬੂਟੇ ਨੂੰ ਹਰਾ ਹੋਣਾ ਮੁਸ਼ਕਲ ਹੋ ਜਾਵੇਗਾ। ਸੋ ਇਸ ਤਰ੍ਹਾਂ ਜੇਕਰ ਸੰਸਾਰ ਦੇ ਰੂਹਾਨੀ ਇਤਿਹਾਸ ਤੇ ਝਾਤੀ ਮਾਰੀਏ ਤਾਂ ਇਸ ਅਗਨੀ ਨੇ ਸਾਰੇ ਦੇ ਸਾਰੇ ਬੂਟੇ ਸਾੜ ਕੇ ਸੁਆਹ ਬਣਾ ਦਿਤੇ ਹਨ ਤੇ ਕਿਤੇ ਕਿਤੇ ਹੀ ਹਰਾ ਬੂਟਾ ਨਜ਼ਰੀਂ ਪੈਂਦਾ ਹੈ।

ਹੁਣ ਸਰੀਰ ਪ੍ਰਕ੍ਰਿਤਕ ਹੈ ਤੇ ਪ੍ਰਭੂ ਜੀ ਦੀ ਜੋਤ ਇਸ ਦੇ ਅੰਦਰ ਪ੍ਰਕਾਸ਼ਮਾਨ ਹੈ। ਪ੍ਰਕ੍ਰਿਤੀ ਦੇ ਸੁਭਾਅ ਅਨੁਸਾਰ ਇਸ ਵਿਚ ਤਿੰਨ ਗੁਣ ਵੀ ਮੌਜੂਦ ਹਨ। ਸਤੋ ਗੁਣ ਦਾ ਪ੍ਰਭਾਵ ਆਮ ਤੌਰ ਤੇ ਘੱਟ ਹੋਣ ਕਰਕੇ ਤਮੋ ਤੇ ਰਜੋ ਹੀ ਪ੍ਰਧਾਨ ਰਹਿੰਦੇ ਹਨ ਜਿਸ ਕਰਕੇ ਇਸ ਦੇ ਮਨ ਵਿਚ ਹਮੇਸ਼ਾ ਉਥੱਲ ਪੁਥੱਲ ਹੁੰਦੀ ਰਹਿੰਦੀ ਹੈ, ਮਨ ਵਿਚ ਟਿਕਾਵ ਨਹੀਂ ਆਉਂਦਾ ਤੇ ਇਧਰਲੀਆਂ ਉਧਰਲੀਆਂ ਵਾਸ਼ਨਾਵਾਂ ਵਲ ਭਟਕਦਾ ਰਹਿੰਦਾ ਹੈ ਅਤੇ ਹਉਮੈ ਦੇ ਅਧੀਨ ਹੋ ਕੇ ਕਰਮ ਕਰਦਾ ਰਹਿੰਦਾ ਹੈ। ਇਸ ਪ੍ਰਕਾਰ ਇਸ ਦੇ ਕਰਮਾਂ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ ਅਤੇ ਇਨ੍ਹਾਂ ਕਰਮਾਂ ਦੇ ਅਧੀਨ ਬੰਨ੍ਹਿਆ ਜਾਂਦਾ ਹੈ ਜਿਸ ਬਾਰੇ ਮਹਾਰਾਜ ਜੀ ਦਾ ਫ਼ੁਰਮਾਨ ਹੈ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ।।***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਪੰਨਾ – 466***

ਇਸ ਤਰ੍ਹਾਂ ਨਾਲ ਇਹ ਜੀਵ ਆਤਮਾ ਜੋ ਨਿਰੋਲ ਪ੍ਰਮਾਤਮਾ ਦਾ ਸਰੂਪ ਸੀ, ਹੇਠਾਂ ਨੂੰ ਸਫਰ ਕਰਕੇ ਜੀਵ ਬਣ ਗਿਆ ਤੇ ਇਸ ਦੇ ਦੁਖਾਂ ਦਾ ਸਫਰ ਸ਼ੁਰੂ ਹੋ ਗਿਆ ਅਤੇ ਇਸ ਦੇ ਮਾਨਸਿਕ, ਰਾਜਨੀਤਕ, ਭਾਈਚਾਰਕ ਦੁਖਾਂ ਦਾ ਕੋਈ ਅੰਤ ਨਹੀਂ ਹੈ। ਗੁਰੂ ਮਹਾਰਾਜ ਨੇ ਇਸ ਦੇ ਚਾਰ ਵੱਡੇ ਦੁਖਾਂ ਦਾ ਜ਼ਿਕਰ ਕੀਤਾ ਹੈ –

***ਦੁਖੁ ਵੇਛੋੜਾ ਇਕੁ ਦੁਖੁ ਭੂਖ॥***
***ਇਕੁ ਦੁਖੁ ਸਕਤਵਾਰ ਜਮਦੂਤ।।***
***ਇਕੁ ਦੁਖੁ ਰੋਗੁ ਲਗੈ ਤਨਿ ਧਾਇ॥***
***ਵੈਦ ਨ ਭੋਲੇ ਦਾਰੂ ਲਾਇ॥*** ***ਪੰਨਾ – 1256***

ਕੋਈ ਪਿਆਰਾ ਵਿਛੜ ਗਿਆ, ਮੋਹ ਵਸ ਹੋਇਆ ਇਹ ਵਿਰਲਾਪ ਕਰਦਾ ਹੈ ਪਰ ਕਹਿੰਦੇ ਸਮਾਂ ਸਭ ਤੋਂ ਵੱਡਾ ਦਾਰੂ ਹੈ।(Time is a big healer) ਜਿਉਂ-ਜਿਉਂ ਸਮਾਂ ਲੰਘਦਾ ਤੁਰਿਆ ਜਾਂਦਾ ਹੈ, ਯਾਦਦਾਸ਼ਤ ਫਿਕੀ ਪੈਂਦੀ ਜਾਂਦੀ ਹੈ ਤੇ ਹੌਲੀ ਹੌਲੀ ਇਹ ਵਿਛੋੜੇ ਦਾ ਦੁਖ ਭੁੱਲ ਜਾਂਦਾ ਹੈ। ਇਸ ਸਰੀਰ ਨੂੰ ਜ਼ਿੰਦਾ ਰੱਖਣ ਲਈ ਆਹਾਰ ਦੀ ਲੋੜ ਹੈ ਤੇ ਭੁੱਖ ਲਗਦੀ ਹੈ। ਜੇ ਖਾਣ ਵਾਸਤੇ ਕੁਝ ਨਹੀਂ ਹੈ ਤਾਂ ਵੀ ਇਹ ਵੱਡਾ ਦੁਖ ਹੈ ਅਤੇ ਇਸ ਦੁਖ ਕਾਰਨ ਵੀ ਸਰੀਰ ਦਾ ਅੰਤ ਹੋ ਸਕਦਾ ਹੈ। ਸਰੀਰ ਨੂੰ ਕੋਈ ਘਾਤਕ ਬੀਮਾਰੀ ਲੱਗ ਗਈ ਤਾਂ ਵੀ ਇਸ ਦਾ ਇਲਾਜ ਹੈ ਤੇ ਜੇਕਰ ਕੋਈ ਚੰਗਾ ਵੈਦ ਮਿਲ ਜਾਵੇ ਇਲਾਜ ਹੋ ਸਕਦਾ ਹੈ ਪਰ ਜੇਕਰ ਉਸ ਦੀ ਦਵਾਈ ਅਸਰਦਾਰ ਨਹੀਂ ਹੈ, ਦਾਰੂ ਲਗਦੀ ਨਹੀਂ ਹੈ, ਅਸਰ ਨਹੀਂ ਕਰਦੀ ਤਾਂ ਸਰੀਰ ਦਾ ਅੰਤ ਹੋ ਜਾਂਦਾ ਹੈ। ਪਰੰਤੂ ਜਿਹੜਾ ਸਭ ਤੋਂ ਵੱਡਾ ਦੁਖ ਹੈ, ਉਹ ਹੈ 'ਸਕਤ ਵਾਰ ਜਮਦੂਤ'।

***ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।।***

***ਪੰਨਾ – 1377***

ਜਦੋਂ ਇਸ ਜੀਵ ਨੂੰ ਮੌਤ ਆਉਂਦੀ ਹੈ ਉਸ ਵੇਲੇ ਐਨੀ ਤਕਲੀਫ ਹੁੰਦੀ ਹੈ ਜਿਸ ਦਾ ਵਰਨਣ ਹੈ ਕਿ ਜਿਸ ਤਰ੍ਹਾਂ ਸੌ ਬਿੱਛੂ ਇਕ ਥਾਂ ਤੇ ਲੜ ਜਾਵੇ ਅਤੇ ਸੌ ਤਲਵਾਰ ਦਾ ਘਾਵ ਲੱਗੇ ਤਾਂ ਅਸਹਿ ਹੁੰਦਾ ਹੈ। ਜਮਦੂਤ ਇਸ ਨੂੰ ਜੰਜੀਰਾਂ ਵਿਚ ਬੰਨ੍ਹ ਕੇ ਕੁੱਟਦੇ ਮਾਰਦੇ ਦਰਗਾਹ ਵਿਚ ਪੇਸ਼ ਕਰਦੇ ਹਨ ਤੇ ਇਸ ਨੂੰ ਕਰਮਾਂ ਅਨੁਸਾਰ ਜੂਨੀਆਂ ਵਿਚ ਭਵਾਇਆ ਜਾਂਦਾ ਹੈ।

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***

***ਪੰਨਾ – 464***

ਸੋ ਇਸ ਦਾ ਇਲਾਜ ਕੀ ਹੈ? ਕੀ ਇਹ ਜੀਵ ਹਮੇਸ਼ਾ ਲਈ, ਇਨ੍ਹਾਂ ਦੁਖਾਂ ਦੀ ਘੁੰਮਣ ਘੇਰੀ ਵਿਚ ਫਸਿਆ ਰਹੇਗਾ, ਜੰਮਦਾ ਰਹੇਗਾ ਤੇ ਮਰਦਾ ਰਹੇਗਾ? ਇਸ ਭਵਜਲ ਵਿਚੋਂ ਨਿਕਲਣ ਦਾ ਕੀ ਇਲਾਜ ਹੈ?

ਇਸ ਨੂੰ ਗੁਰੂ ਵਲ ਮੁਖ ਕਰਨਾ ਚਾਹੀਦਾ ਹੈ ਅਤੇ ਜਦੋਂ ਇਸ ਦਾ ਮੁਖ ਸੂਰਜ ਰੂਪੀ ਪ੍ਰਮੇਸ਼ਰ ਵਲ ਹੋ ਗਿਆ ਤਾਂ ਇਸ ਦਾ ਪਰਛਾਵਾਂ ਪਿਛੇ ਹੋ ਜਾਵੇਗਾ ਅਤੇ ਸੰਸਾਰ ਦੇ ਪਦਾਰਥ ਜਿਨ੍ਹਾਂ ਦੀ ਪ੍ਰਾਪਤੀ ਵਾਸਤੇ ਇਹ ਦਿਨ ਰਾਤ ਯਤਨ ਕਰਦਾ ਹੈ, ਇਸ ਦੇ ਪਿਛੇ ਹੋ ਜਾਣਗੇ। ਜਦੋਂ ਇਸ ਦੀ ਪਦਾਰਥਾਂ ਦੀ ਤੇ ਭੋਗਾਂ ਦੀ ਭੁੱਖ ਮਿਟ ਜਾਵੇਗੀ ਤਾਂ ਇਹ ਆਪਣੇ ਅੰਦਰ ਇਕ vaccum (ਖਾਲੀਪਨ) ਮਹਿਸੂਸ ਕਰੇਗੀ। ਇਸ ਦਾ ਇਹ ਖਾਲੀਪਨ ਕੇਵਲ ਰੂਹਾਨੀ ਭੁੱਖ ਭਰੇਗੀ ਜਿਸ ਲਈ ਇਸ ਨੂੰ ਉਦਮ ਤੇ ਯਤਨ ਕਰਨਾ ਪਵੇਗਾ। ਪਰ ਈਸ਼ਵਰੀ ਵਿਧਾਨ ਵਿਚ ਸਭ ਕੁਝ ਪਹਿਲਾਂ ਹੀ ਕਰਮਾਂ ਦੀ ਗਤੀ ਅਨੁਸਾਰ ਲਿਖ ਦਿਤਾ ਜਾਂਦਾ ਹੈ ਕਿਉਂਕਿ ਜਦੋਂ ਇਹ ਪ੍ਰਮਾਰਥ ਦੇ ਰਸਤੇ ਉਪਰ ਕਦਮ ਧਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਇਸ ਦੇ ਚੰਗੇ ਲੇਖ ਬਣਦੇ ਹਨ ਜਿਨ੍ਹਾਂ ਦਾ ਸਿੱਟਾ ਇਹ ਹੁੰਦਾ ਹੈ ਕਿ ਧਾਰਮਕ ਤੇ ਅਧਿਆਤਮਵਾਦ ਦਾ ਲਿਟਰੇਚਰ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ। ਗੁਰਬਾਣੀ ਪੜ੍ਹਦਾ ਹੈ, ਸੰਗਤ ਕਰਦਾ ਹੈ, ਤੀਰਥ ਯਾਤਰਾ



Sri Satguru Jagjit Singh Ji eLibrary NamdhariElibrary@gmail.com

ਕਰਦਾ ਹੈ ਕਿਉਂਕਿ ਇਸ ਨੂੰ 'ਆਤਮ ਮਾਰਗ' ਤੇ ਚੱਲਣ ਦੀ ਇੱਛਾ ਪੈਦਾ ਹੋ ਗਈ ਹੈ। ਇਹ ਜਮਾਂ ਦੀ ਮਾਰ ਤੋਂ ਬਚਣ ਦਾ ਹੀਲਾ ਵਸੀਲਾ ਢੂੰਡਣਾ ਸ਼ੁਰੂ ਕਰ ਦਿੰਦਾ ਹੈ ਅਤੇ ਪੜ੍ਹਦੇ ਪੜ੍ਹਦੇ ਇਸ ਤਰ੍ਹਾਂ ਦੇ ਬਚਨ ਬਾਰ-ਬਾਰ ਜਦੋਂ ਗੁਰੂ ਗ੍ਰੰਥ ਸਾਹਿਬ ਵਿਚੋਂ ਪੜ੍ਹਦਾ ਹੈ ਕਿ -

***ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥***
***ਏਕੁ ਜੁ ਸਾਧੂ ਮੋਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ॥***

***ਪੰਨਾ - 1368***

ਇਸ ਜੀਵ ਨੂੰ ਕਿਸੇ ਗੁਰਮੁਖ ਪਿਆਰੇ ਦੀ ਤਲਾਸ਼ ਸ਼ੁਰੂ ਹੁੰਦੀ ਹੈ ਜੋ ਉਸ ਨੂੰ ਇਨ੍ਹਾਂ ਜਮਾਂ ਦੀ ਮਾਰ ਤੋਂ ਬਚਣ ਦੀ ਜੁਗਤੀ ਦਸ ਸਕੇ ਅਤੇ ਰੂਹਾਨੀ ਸਫਰ ਬਾਰੇ ਜਾਣਕਾਰੀ ਦੇ ਸਕੇ। ਚੰਗੇ ਕਰਮਾਂ ਦੀ ਨਿਸ਼ਾਨੀ ਕਾਰਨ ਇਸ ਦੇ ਮਸਤਕ ਦੇ ਭਾਗ ਉਦੈ ਹੁੰਦੇ ਹਨ ਤਾਂ ਇਸ ਨੂੰ ਸਾਧੂ ਦੀ ਸੰਗਤ, ਗੁਰਮੁਖ ਦੀ ਸੰਗਤ ਮਿਲ ਜਾਂਦੀ ਹੈ।

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***

***ਪੰਨਾ - 204***

ਐਸੇ ਗੁਰਮੁਖ ਗੁਰਉਪਦੇਸ਼ ਰਾਹੀਂ ਇਸ ਨੂੰ ਗੁਰੂ ਦੇ ਲੜ ਲਾਉਂਦੇ ਹਨ, ਅੰਦਰਲੀਆਂ ਤੇ ਬਾਹਰਲੀਆਂ ਰਹਿਤਾਂ ਬਾਰੇ ਸਾਵਧਾਨ ਕਰਦੇ ਹਨ। ਨਾਮ ਜਪਣ ਦੀਆਂ ਜੁਗਤੀਆਂ ਦਸਦੇ ਹਨ। ਨਿਸ਼ਕਾਮ ਸੇਵਾ ਤੇ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹਨ ਅਤੇ ਜਦੋਂ ਦੇਖਦੇ ਹਨ ਕਿ ਇਸ ਦਾ ਮਨ ਨਿਰਮਲ ਹੁੰਦਾ ਜਾ ਰਿਹਾ ਹੈ ਤਾਂ ਇਸ ਨੂੰ ਅੰਤਰਮੁਖ ਹੋਣ ਦੀ ਜੁਗਤੀ ਦਸਦੇ ਹਨ ਕਿ ਉਹ ਵਸਤੂ, ਉਹ ਪਰੀਪੂਰਨ ਜੋਤ ਅੰਦਰ ਤੇ ਬਾਹਰ ਹੈ ਉਸ ਨਾਲ ਕਿਸ ਤਰ੍ਹਾਂ ਜੁੜਨਾ ਹੈ। ਇਕਾਗਰਤਾ ਤੇ ਫੁਰਨੇ ਰਹਿਤ ਹੋਣ ਬਾਰੇ, ਧਿਆਨ ਬਾਰੇ ਦਸਦੇ ਹਨ ਕਿ-

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥*** ***ਪੰਨਾ - 864***

ਮਹਾਂਪੁਰਸ਼ ਦੱਸਿਆ ਕਰਦੇ ਹਨ ਕਿ 12 ਸੈਕਿੰਡ ਮਨ ਇਕਾਗਰ ਕਰਨਾ ਸ਼ੁਰੂ ਕਰੋ ਅਤੇ ਫੇਰ ਏਸ ਤੋਂ 12 ਗੁਣਾਂ ਕਰੋ ਤਾਂ ਢਾਈ ਮਿੰਟ ਦਾ ਇਕ ਧਿਆਨ ਹੁੰਦਾ ਹੈ। ਇਸ ਨੂੰ ਫੇਰ 12 ਗੁਣਾਂ ਕਰੋ ਤਾਂ 30 ਮਿੰਟ ਦੀ ਇਕ ਸਮਾਧੀ ਹੁੰਦੀ ਹੈ। ਇਸ ਨੂੰ ਵਧਾਉਂਦੇ ਹੋਏ ਤਿੰਨ ਘੰਟੇ ਤਕ ਲਿਜਾਣਾ ਹੁੰਦਾ ਹੈ। ਫੇਰ ਉਸ ਸਮਾਧੀ ਦੀ ਅਵਸਥਾ ਹੁੰਦੀ ਹੈ ਜੋ ਕਿ ਤਿੰਨਾਂ ਹਿੱਸਿਆਂ ਵਿਚ ਹੁੰਦੀ ਹੈ ਤੇ ਇਕ ਨੂੰ ਸਾਵਿਕਲਪ ਸਮਾਧੀ ਕਹਿੰਦੇ ਹਨ। ਜਦੋਂ ਇਸ ਤੋਂ ਤਰੱਕੀ ਹੁੰਦੀ ਹੈ ਤਾਂ ਨਿਰਵਿਕਲਪ ਹੁੰਦੀ ਹੈ। ਜਿਉਂ-ਜਿਉਂ ਅਵਸਥਾ ਉਚੀ ਹੁੰਦੀ ਹੈ ਉਸੇ ਤਰ੍ਹਾਂ, ਮਹਾਂਪੁਰਸ਼ guide (ਮਾਰਗ ਦਰਸ਼ਨ) ਕਰਦੇ ਰਹਿੰਦੇ ਹਨ। ਸੋ ਇਸ ਤਰ੍ਹਾਂ ਇਸ ਪਰਮ ਆਪੇ ਵਿਚ ਲੀਨ ਹੋਣ ਲਈ ਪ੍ਰਸਥਿਤੀਆਂ ਅਨੁਸਾਰ ਜੀਵ ਤਰੱਕੀ ਕਰਦਾ ਹੋਇਆ ਜਿਥੋਂ ਵਿਛੜਿਆ ਸੀ ਉਥੇ ਲੀਨ ਹੋ ਜਾਂਦਾ ਹੈ ਤੇ ਉਸ ਦਾ ਆਉਣਾ ਜਾਣਾ ਖਤਮ ਹੋ ਜਾਂਦਾ ਹੈ।

**L L L L L L L**

(ਪੰਨਾ 13 ਦੀ ਬਾਕੀ)

(6) ਸਤ ਕਰਮ ਦੀ ਦ੍ਰਿੜ੍ਹ ਲੋਚਾ (ਸਤ ਵਿਆਮ) ਇੰਦ੍ਰੀਆਂ ਤੇ ਦਮਨ, ਬੁਰੀ ਭਾਵਨਾ ਰੋਕਣੀ, ਚਿੱਤ ਨੂੰ ਇਕਾਗਰ ਕਰਨਾ (7) ਸਤ ਦਾ ਸਿਮਰਨ ਅਤੇ ਪਰਮ ਸਤ ਵਿਚ ਲੀਨ ਹੋ ਕੇ ਸਮਾਧੀ ਆਦਿ ਅਨੇਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਕ ਨਾਰੀ ਉਤੇ ਈਮਾਨ ਰੱਖ ਕੇ ਪਰਸਪਰ ਪਿਆਰ ਨੂੰ ਹੀ ਬ੍ਰਹਮਚਰੀਆ ਕਹਿੰਦੇ ਹਨ, ਉਸ ਨੂੰ ਜਤੀ ਕਹਿੰਦੇ ਹਨ।

ਗੁਰੂ ਮਹਾਰਾਜ ਜੀ ਕਿਸੇ ਮਾਰਗ ਦੀ ਉਚਤਾ ਪ੍ਰਭੂ ਦੀ ਸਦੀਵੀ ਯਾਦ ਤੇ ਸ੍ਰੇਸ਼ਟ ਕਰਮਾਂ ਅਨੁਸਾਰ ਪ੍ਰਦਾਨ ਕਰਦੇ ਹਨ।

ਮੈਨੂੰ ਡਰ ਲਗਦਾ ਰਹਿੰਦੈ, ਮਨੁੱਖ ਦਾ ਦਿਮਾਗ ਤਾਂ ਹੈ ਨਹੀਂ, ਖਾਧਾ ਪਿਐ। ਬ੍ਰਹਮਚਰੀਆ ਇਹਦੇ ਵਿਚ ਨਹੀਂ ਹੈ, ਖੁਰਾਕ ਇਹਦੀ ਸਤੋ ਗੁਣੀ ਤੇ ਪੌਸ਼ਟਿਕ ਨਹੀਂ ਹੈ, ਆਚਾਰ ਇਹਦਾ ਅੱਛਾ ਨਹੀਂ, ਵਿਹਾਰ ਇਹਦਾ ਉਚਾ ਨਹੀਂ, ਪੁਸ਼ਾਕ ਇਹਦੀ ਅੱਛੀ ਨਹੀਂ, ਖਿਆਲ ਸਾਰੇ ਹੀ ਗੰਦੇ ਹੋਏ ਪਏ ਨੇ। ਖੁਰਾਕ ਸਾਰੀ ਤਮੋ ਗੁਣੀ, ਰਜੋ ਗੁਣੀ ਮਨ ਵਿਚ ਅਨੇਕ ਤਰੰਗਾਂ ਉਪਜਾਉਣ ਵਾਲੀ ਹੋਈ ਪਈ ਹੈ, ਪੁਸ਼ਾਕ ਸਾਰੀ ਰਜੋ ਗੁਣੀ ਤੇ ਤਮੋ ਗੁਣੀ ਹੋਈ ਪਈ ਹੈ। ਇਹ ਜੀਵ ਤਾਂ ਤੁਰਿਆ ਫਿਰਦੈ ਇਕ ਐਵੇਂ ਫਰਜ਼ ਕਰਕੇ, ਇਹਦੇ ਵਿਚ ਕੁਛ ਨਹੀਂ ਹੈ ਸਾਹ ਸੱਤ, ਘੁਣ ਲਗ ਗਿਆ ਇਹਨੂੰ, ਇਹ ਨਾਮ ਕਿਵੇਂ ਜਪ ਲਏਗਾ। ਨਾ ਬਿਰਤੀ ਠੀਕ, ਨਾ ਨਿਚਲਾ ਹੋ ਕੇ ਬੈਠ ਸਕੇ, ਨਾ ਕੋਈ ਅਨੁਭਵ ਹੋ ਸਕੇ। ਮਹਾਰਾਜ ਨੇ ਤਾਂ ਬਹੁਤ ਸੁਖਾਲਾ ਰਸਤਾ ਲਿਆਂਦਾ ਹੈ।

***'ਚਲਦਾ'***

**L L L L L L L**

(ਪੰਨਾ 15 ਦੀ ਬਾਕੀ)

4. ਕਰਮਗਤੀ ਦੇ ਨਿਯਮ ਅਨੁਸਾਰ ਕਦੀ ਵੀ ਕੁਝ ਵਿਅਰਥ ਨਹੀਂ ਜਾਂਦਾ, ਕਰਮਾਂ ਦਾ ਫਲ ਮਿਲਦਾ ਹੀ ਮਿਲਦਾ ਹੈ, ਛੇਤੀਂ ਮਿਲੇ, ਦੇਰ ਨਾਲ ਮਿਲੇ ਉਹ ਗੱਲ ਵੱਖਰੀ ਹੈ, ਸਾਧਕ ਨੂੰ ਇਹ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਉਸ ਦੀ ਸਾਧਨਾ ਅਜਾਈਂ ਨਹੀਂ ਜਾਏਗੀ।

ਖਾਣ ਤੋਂ ਪਹਿਲਾਂ, ਸੌਣ ਤੋਂ ਪਹਿਲਾਂ, ਸਾਧਨਾ ਕਰਨ ਤੋਂ ਪਹਿਲਾਂ, ਹੋਰ ਵੀ ਜਿੰਨੀ ਵਾਰੀ ਹੋ ਸਕੇ ਸਾਧਕ ਨੂੰ ਸਾਧਨਾ ਤੇ ਫਲ ਉਸ ਵਾਹਿਗੁਰੂ ਨੂੰ ਸਮਰਪਣ ਕਰਨੇ ਚਾਹੀਦੇ ਹਨ ਇਨ੍ਹਾਂ ਨਿਯਮਾਂ ਤੇ ਚੱਲ ਕੇ ਸਾਧਕ ਨੂੰ ਉਸ ਅਨੰਤ ਦੀ ਸੋਝੀ ਹੋ ਜਾਂਦੀ ਹੈ ਅਤੇ ਸੰਸਾਰਕ ਪਦਾਰਥ ਉਸ ਨੂੰ ਅਸ਼ਾਂਤ ਨਹੀਂ ਕਰ ਸਕਦੇ। ਇਸ ਤਰ੍ਹਾਂ ਕਰਕੇ ਉਸ ਨੂੰ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਹ ਖੁਸ਼ੀ, ਉਹ ਅਨੰਦ ਜਿਹੜਾ ਸਦੀਵੀ ਹੈ, ਅੰਤਰਮੁਖੀ ਹੈ।

**L L L L L L L**



Sri Satguru Jagjit Singh Ji eLibrary NamdhariElibrary@gmail.com

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10. ਬਾਬਾਣੀਆਂ ਕਹਾਣੀਆਂ | ਭੇਟਾ 50/- |
| 11. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 13. ਅਮਰ ਜੋਤਾਂ | ਭੇਟਾ 15/- |
| 14. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 15. ਅੰਮ੍ਰਿਤ ਫੁਹਾਰ | ਭੇਟਾ 10/- |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 25/- ਅਤੇ ਸਾਰਾ ਸੈਟ ਲੈਣ ਲਈ 50/- ਰੁ: ਡਾਕ ਖਰਚ ਵੀ ਭੇਜਣ ਦੀ ਕ੍ਰਿਪਾਲਤਾ ਕਰੋ ਜੀ।


**-: ਮਿਲਣ ਦਾ ਪਤਾ : -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
ਕੋਠੀ ਨੰਬਰ 1782, ਫੇਜ਼ 3ਬੀ2,
ਐਸ. ਏ. ਐਸ ਨਗਰ,
ਮੋਹਾਲੀ - 160055 (ਪੰਜਾਬ)
(ਟੈਲੀਫੋਨ) : (0172) 220972, ਫੈਕਸ - 677697


### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤਾਂ | ਭੇਟਾ 15/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 11. ਅੰਮ੍ਰਿਤ ਫੁਹਾਰ | ਭੇਟਾ 10/- |
| 12. ਅਗੰਮ ਅਗੋਚਰ ਦਾ ਮਾਰਗ | ਭੇਟਾ 70/- |
| 13. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 14. ਚਉਥੈ ਪਹਰਿ ਸਬਾਹ ਕੈ | ਭੇਟਾ |

### English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/- US$ 10 |
| 3. DISCOURSES ON THE BEYOND (Part I) | Rs 50/- US$ 5 |
| 4. DISCOURSES ON THE BEYOND (Part II) | Rs. 50/- US$ 5 £ 3 |
| 5. THE WAY TO THE IMPERCEPTIBLE | RS. 80/- US$ 10 |
| 6. The Lights Immortal | Rs. 20/- US$ 2 £ 1 |
| 7. Transcendental Bliss | Rs. 70/- US$ 10 £ 5 |
| 8. The Dawn of Khalsa Ideals | RS. 10/- US$ 2 £ 1 |
| 9. How to know Thy Real Self (Part I) | RS. 70/- US$ 10 |




Sri Satguru Jagjit Singh Ji eLibrary NamdhariElibrary@gmail.com

# Book of wisdom
# ਵਿਵੇਕ ਬੋਧ

*ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

**ਨੋਟ :-** ਸਵਾਮੀ ਜੀ ਦੀ ਪੁਸਤਕ ਦੇ ਇਹ ਆਰੰਭਕ ਸ਼ਬਦ ਹਨ। ਇਸ ਦੇ ਲੇਖਕ ਨੇ ਆਪਣਾ ਨਾਮ ਨਹੀਂ ਲਿਖਿਆ। ਇਸ ਵਿਚ ਸਵਾਮੀ ਜੀ ਦੀ ਵਿਦਵਤਾ ਅਤੇ ਈਸ਼ੋ ਉਪਨਿਸ਼ਦ ਵਿਚਲੇ ਗਿਆਨ ਦੀ ਭੂਮਿਕਾ ਦਿਤੀ ਗਈ ਹੈ ਜੋ ਪਾਠਕਾਂ ਲਈ ਬੜੀ ਲਾਹੇਵੰਦ ਸਿੱਧ ਹੋਵੇਗੀ।

## ਈਸ਼ੋ ਉਪਨਿਸ਼ਦ

ਈਸ਼ੋ ਉਪਨਿਸ਼ਦ ਸਭ ਤੋਂ ਸੰਖੇਪ ਉਪਨਿਸ਼ਦ ਹੁੰਦਾ ਹੋਇਆ ਵੀ ਸਭ ਤੋਂ ਵੱਧ ਗੂੜ੍ਹ ਗੰਭੀਰ ਹੈ, ਹੋਰ ਵੈਦਿਕ ਗ੍ਰੰਥਾਂ ਵਾਂਗ। ਇਸ ਵਿਚ ਅਧਿਆਤਮਵਾਦ, ਮਨੋਵਿਗਿਆਨ, ਭੌਤਿਕ ਗਿਆਨ ਨੂੰ ਪ੍ਰੈਕਟੀਕਲ ਤਰੀਕੇ ਨਾਲ ਦੱਸਿਆ ਗਿਆ ਹੈ ਅਤੇ ਇਹ ਵਿਅਕਤੀਗਤ ਤੇ ਸਮਾਜ ਸੁਧਾਰ ਲਈ ਬਹੁਤ ਹੀ ਉੱਤਮ ਗ੍ਰੰਥ ਹੈ। ਈਸ਼ੋਉਪਨਿਸ਼ਦ ਵਿਚ ਬ੍ਰਹਿਮੰਡ ਦੀ ਵਿਆਖਿਆ ਦੇ ਨਾਲ ਵਿਅਕਤੀਗਤ ਚੇਤਨਾ ਤੇ ਮਾਇਆ ਤੋਂ ਬਿਨਾਂ, ਯਥਾਰਥ, ਅਗਿਆਨ, ਗਿਆਨ ਦੀ ਵੀ ਵਿਆਖਿਆ ਕੀਤੀ ਗਈ ਹੈ, ਨਾਲ ਹੀ ਅਧਿਆਤਮ ਨੂੰ ਕਿਵੇਂ ਅਭਿਆਸ ਵਿਚ ਲਿਆਉਣਾ ਤੇ ਆਪਣੇ ਅਸਲੀ ਘਰ ਜਾਣ ਦੀ ਤਿਆਰੀ ਕਿਵੇਂ ਕਰਨੀ ਹੈ ਇਹ ਸਭ ਕੁਝ ਬਹੁਤ ਖੋਲ੍ਹ ਕੇ ਦੱਸਿਆ ਗਿਆ ਹੈ। ਸਵਾਮੀ ਰਾਮ ਜੀ ਨੇ ਇਸ ਵਿਚ ਪੂਰੀ ਤਰ੍ਹਾਂ ਦਸ ਦਿਤਾ ਹੈ ਕਿ ਅਧਿਆਤਮ ਜੀਵਨ ਦਾ ਨਿੱਜ ਦੇ ਜੀਵਨ ਨਾਲ ਬੜਾ ਹੀ ਗੂੜ੍ਹਾ ਰਿਸ਼ਤਾ ਹੈ।

ਈਸ਼ੋ ਉਪਨਿਸ਼ਦ ਦੀ ਰਚਨਾ ਪੁਰਾਤਨ ਮਰਿਆਦਾ ਅਨੁਸਾਰ ਕਾਵਿਕ ਅਲੰਕਾਰ ਰੂਪ ਵਿਚ ਕੀਤੀ ਗਈ ਹੈ ਅਤੇ ਇਸ ਨੂੰ ਸਮਝਣਾ ਬਹੁਤ ਔਖਾ ਹੈ ਪਰ ਸਵਾਮੀ ਜੀ ਨੇ ਇਹ ਵਿਆਖਿਆ ਬਹੁਤ ਹੀ ਸਰਲ ਕਰਕੇ ਲਿਖੀ ਹੈ। ਸਵਾਮੀ ਜੀ ਇਕ ਮਹਾਨ ਯੋਗੀ ਹੋਣ ਦੇ ਨਾਲ-ਨਾਲ ਅਧਿਆਤਮਕ ਪੱਖੋਂ ਵੀ ਪੂਰਨ ਸਨ ਤੇ ਸ਼ੰਕਰਾਚਾਰੀਆ ਪਦ ਨੂੰ ਪ੍ਰਾਪਤ ਸਨ ਜੋ ਕਿ ਭਾਰਤ ਦੇ ਸਭ ਤੋਂ ਵੱਡੇ ਯੋਗੀ ਤੇ ਫਿਲੌਸਫਰ (ਫਿਲਾਸਫਰ) ਨੂੰ ਪ੍ਰਾਪਤ ਹੁੰਦਾ ਹੈ। ਇਸੇ ਹੀ ਪਰਪਾਟੀ ਵਿਚ ਅਤੇ ਹਿਮਾਲੀਆ ਦੇ ਸੰਤਾਂ ਦੀ ਪਰਪਾਟੀ ਵਿਚ ਸਵਾਮੀ ਰਾਮ ਜੀ ਇਕ ਬਹੁਤ ਹੀ ਉਚਾ ਤੇ ਪਹੁੰਚਿਆ ਸਥਾਨ ਰਖਦੇ ਹਨ, 1969 ਤੋਂ ਉਨ੍ਹਾਂ ਨੇ ਅਮਰੀਕਾ ਵਿਚ ਪੜ੍ਹਾਇਆ, ਉਨ੍ਹਾਂ ਨੇ ਉਥੇ ਹਿਮਾਲੀਅਨ ਇੰਨਸਟੀਚਿਊਟ ਨਾਂ ਦੀ ਸੰਸਥਾ ਵੀ ਬਣਾਈ ਜੋ ਕਿ ਬੜੇ ਹੀ ਸੋਹਣੇ ਥਾਂ ਹੌਨਜ਼ਡੇਲ ਪੈਨਸਲਵੇਨੀਆ ਵਿਚ ਹੈ। ਇਸ ਦੀਆਂ ਸ਼ਾਖਾ ਸੰਸਾਰ ਭਰ ਵਿਚ ਹਨ। ਸਵਾਮੀ ਜੀ ਦੀ ਦੇਖ ਰੇਖ ਹੇਠ ਹੀ ਉਥੇ ਇਕ ਸੰਪੂਰਨ ਚਿਕਿਤਸਾ ਦਾ ਪ੍ਰੋਗਰਾਮ ਅਰੰਭਿਆ ਗਿਆ। (ਭਾਵ ਐਲੋਪੈਥੀ, ਹੋਮਿਓਪੈਥੀ, ਆਯੁਰਵੇਦ, ਨੈਚਰੋਪੈਥੀ) ਸਾਰੇ ਤਰੀਕੇ ਉਥੇ ਵਰਤੇ ਜਾਂਦੇ ਹਨ, ਐਮ.ਏ ਤੇ ਪੀ-ਐਚ.ਡੀ, ਯੋਗ ਅਤੇ ਮਨੋਵਿਗਿਆਨ ਵਿਚ ਇਹ ਫਿਲੌਸਫੀ ਵਿਚ ਸ਼ੁਰੂ ਕੀਤੀ ਗਈ। ਸੰਸਥਾ ਆਪਣੀਆਂ ਕਿਤਾਬਾਂ ਆਪ ਹੀ ਛਾਪਦੀ ਹੈ ਤੇ ਹਰ ਸਾਲ ਯੋਗ ਵਿਗਿਆਨ ਤੇ ਕਾਨਫਰੰਸ ਵੀ ਕਰਦੀ ਹੈ। ਸਵਾਮੀ ਜੀ ਸਹਿਜ ਵਿਚ ਹੀ ਪੂਰਬ ਦਾ ਅਧਿਆਤਮਵਾਦ ਪੱਛਮ ਵਿਚ ਸਰਲ ਕਰਕੇ ਦੇ ਗਏ ਤਾਂ ਜੋ ਉਹ ਲੋਕ ਸਮਝ ਸਕਣ। ਸਵਾਮੀ ਜੀ ਦੀ ਦ੍ਰਿਸ਼ਟੀ ਵਿਚ ਸਭ ਜਗ੍ਹਾ ਇਕ ਦਾ ਹੀ ਪਸਾਰਾ ਹੈ, ਇਕ ਹੀ ਵਰਤ ਰਿਹਾ ਹੈ ਇਕ ਹੀ ਸੱਚ ਹੈ, ਵੱਖ-ਵੱਖ ਮਜ਼ਹਬ, ਵਿਗਿਆਨ ਕੋਈ ਕਿਸੇ ਚੀਜ਼ ਵਿਚ ਫਰਕ ਹੀ ਨਹੀਂ।

ਈਸ਼ੋ ਉਪਨਿਸ਼ਦ ਲਿਖਣ ਵਿਚ ਸਵਾਮੀ ਜੀ ਪੂਰੀ ਤਰ੍ਹਾਂ ਸਪਸ਼ਟ ਤਰੀਕੇ ਨਾਲ ਵਿਆਖਿਆ ਕਰਦੇ ਹਨ, ਬੜੇ ਹੀ ਪਰੈਕਟੀਕਲ ਤਰੀਕੇ ਨਾਲ ਅਤੇ ਪੂਰੇ ਵਿਸ਼ਵ ਨੂੰ ਸਾਮ੍ਹਣੇ ਰਖ ਕੇ ਉਨ੍ਹਾਂ ਨੇ ਇਸ ਪੁਸਤਕ ਦੀ ਰਚਨਾ ਕੀਤੀ ਹੈ। ਪਹਿਲੇ ਅਧਿਆਇ ਵਿਚ ਸਵਾਮੀ ਜੀ ਦਸਦੇ ਹਨ ਕਿ ਭਾਵੇਂ ਅਸੀਂ ਬਹੁਤ ਹੀ ਧਨ ਇਕੱਠਾ ਕਰ ਲਿਆ ਹੈ, ਟੈਕਨੋਲਜੀ ਵਿਚ ਵੀ ਬਹੁਤ ਤਰੱਕੀ ਕਰ ਲਈ ਹੈ ਪਰ ਅਸੀਂ ਸਮਾਜ ਵਿਚ ਅਤੇ ਆਪਣੇ ਅੰਦਰ ਅਜੇ ਸ਼ਾਂਤੀ ਨਹੀਂ ਲਿਆ ਸਕੇ। ਉਨ੍ਹਾਂ ਨੇ ਸਾਨੂੰ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਦੱਸਿਆ ਹੈ ਅਤੇ ਆਪਾ ਜਾਨਣ, ਆਪਾ ਪਛਾਨਣ, ਅਭਿਆਸ ਤੇ ਆਪਣੇ ਆਪ ਨਾਲ ਇਕਸਾਰਤਾ, ਇਕਸੁਰਤਾ ਹੋਣੀ, ਕੁਦਰਤ ਨਾਲ ਇਕ ਸੁਰ ਹੋਣਾ ਤੇ ਸਮਾਜ ਨਾਲ ਇਕ ਸੁਰ ਹੋਣਾ ਦਸਿਆ ਹੈ। ਇਸ ਉਪਰਾਂਤ ਈਸ਼ੋ ਉਪਨਿਸ਼ਦ ਦਾ ਅਨੁਵਾਦ ਸ਼ੁਰੂ ਹੁੰਦਾ ਹੈ ਜਿਸ ਵਿਚ ਸਵਾਮੀ ਜੀ ਉਦਾਹਰਣ ਦਿੰਦੇ ਹਨ ਤੇ ਅੱਜ ਦੇ ਮਨੁੱਖ ਤੇ ਲਾਗੂ ਕਰਕੇ ਹੋਰ ਵੀ ਸਪਸ਼ਟ ਕਰਦੇ ਹਨ ਕਿ ਕਿਵੇਂ ਈਸ਼ੋ ਉਪਨਿਸ਼ਦ ਅੱਜ ਦੇ ਮਨੁੱਖ ਲਈ ਲਾਭਦਾਇਕ ਹੋ ਸਕਦਾ ਹੈ। ਇਹੋ ਜਿਹੀ ਵਿਆਖਿਆ ਬਹੁਤ ਹੀ ਦੁਰਲਭ ਹੈ ਅਤੇ ਬਹੁਤ ਹੀ ਅਵਸ਼ਕ ਹੈ - ਖਾਸ ਕਰਕੇ ਪੱਛਮੀ ਸੰਸਾਰ ਲਈ। ਜਿਵੇਂ ਕਿ ਅਸੀਂ ਜਾਣਦੇ ਹਾਂ ਪੱਛਮੀ ਸੰਸਾਰ, ਪੂਰਬੀ ਫਿਲੋਸਫੀ ਤੋਂ, ਪੂਰਬੀ ਵਿਚਾਰਾਂ ਤੋਂ ਬਿਲਕੁਲ ਅਣਜਾਣ ਹੈ। ਉਨ੍ਹਾਂ ਲਈ ਪੁਰਾਤਨ ਪੂਰਬੀ ਲਿਖਤਾਂ ਸਮਝਣ ਲਈ ਸਹਾਇਤਾ ਅਤੇ ਪੁਰਾਤਨ ਗ੍ਰੰਥਾਂ ਨੂੰ ਸੌਖਾ ਕਰਕੇ ਉਨ੍ਹਾਂ ਨੂੰ ਪਹੁੰਚਾਉਣ ਦੀ ਲੋੜ ਹੈ। ਸਵਾਮੀ ਜੀ ਦਾ ਇਸ ਦਿਸ਼ਾ ਵਿਚ ਪੂਰਾ ਯੋਗਦਾਨ ਰਿਹਾ ਹੈ ਉਨ੍ਹਾਂ ਨੇ ਈਸ਼ੋ ਉਪਨਿਸ਼ਦ ਦੀ ਡੂੰਘੀ ਫਿਲੋਸਫੀ ਨੂੰ ਬੜੇ ਹੀ ਪ੍ਰੈਕਟੀਕਲ ਤਰੀਕੇ ਨਾਲ ਦੱਸਿਆ ਹੈ।

ਮਿਸਾਲ ਵਜੋਂ 12, 13, 14ਵੇਂ ਮੰਤਰ ਬਹੁਤ ਹੀ ਸੂਖਮ ਤੇ ਡੂੰਘੇ ਹਨ। ਵਿਸ਼ਵ ਵਿਚ ਪ੍ਰਤੱਖ ਤੇ ਅਪ੍ਰਤੱਖ ਵਿਚ ਜੋ ਅੰਤਰ ਹੈ, ਉਹ ਦਸਦੇ ਹਨ। ਸਵਾਮੀ ਜੀ ਨੇ ਬੜੀ ਹੀ ਸਪਸ਼ਟਤਾ ਨਾਲ ਦੋਨਾਂ ਦੇ ਸਬੰਧ ਦੀ ਵਿਆਖਿਆ ਕੀਤੀ ਹੈ ਤੇ ਉਨ੍ਹਾਂ ਦਾ ਸਬੰਧ ਉਸ ਤਰ੍ਹਾਂ ਹੀ ਦੱਸਿਆ ਹੈ ਜਿਵੇਂ ਮਨੁੱਖ ਦਾ ਸਬੰਧ ਬ੍ਰਹਿਮੰਡ ਨਾਲ। ਉਨ੍ਹਾਂ ਨੇ ਇਹ ਵੀ ਦੱਸਿਆ ਹੈ



Sri Satguru Jagjit Singh Ji eLibrary NamdhariElibrary@gmail.com

ਕਿ ਵਾਸਤਵਿਕ ਗਿਆਨ ਕਿਤਾਬੀ ਗਿਆਨ ਤੇ ਤਰਕ ਤੋਂ ਪਰ੍ਹੇ ਹੈ।

ਸਵਾਮੀ ਜੀ ਨੇ ਬੇਅੰਤ ਪ੍ਰੈਕਟੀਕਲ ਤਰੀਕੇ ਦੱਸੇ ਹਨ ਜਿਨ੍ਹਾਂ ਨਾਲ ਕੋਈ ਵੀ ਜਗਿਆਸੂ ਆਪਣੇ ਜੀਵਨ ਦੇ ਮਨੋਰਥ ਦੀ ਪ੍ਰਾਪਤੀ ਕਰ ਸਕਦਾ ਹੈ, ਆਤਮਾ ਦਾ ਮੇਲ ਪ੍ਰਮਾਤਮਾ ਨਾਲ ਕਰ ਸਕਦਾ ਹੈ। ਉਨ੍ਹਾਂ ਨੇ ਅਭਿਆਸ ਕਰਕੇ, ਪ੍ਰਤੱਖ ਕਰਕੇ ਸੂਖਮ ਬ੍ਰਹਿਮੰਡ ਅਤੇ ਰੋਜ਼ ਦੇ ਜੀਵਨ ਦਾ ਸਬੰਧ ਦੱਸਿਆ ਹੈ ਅਤੇ ਉਸ ਨੂੰ ਆਤਮ ਮਾਰਗ ਅਤੇ ਯੋਗ ਨਾਲ ਜੋੜਿਆ ਹੈ। ਯੋਗਾ ਰਾਹੀਂ ਰੋਜ਼ ਦੇ ਜੀਵਨ ਨੂੰ ਬ੍ਰਹਿਮੰਡ ਤੇ ਆਤਮ ਮਾਰਗ ਨਾਲ ਜੋੜਿਆ ਜਾ ਸਕਦਾ ਹੈ।

ਭਾਵੇਂ ਸਵਾਮੀ ਜੀ ਮੌਤ ਨਾਲ ਮਨੁੱਖ ਦਾ ਸਬੰਧ ਦੀ ਵਿਆਖਿਆ ਕਰ ਰਹੇ ਹਨ, ਜਾਂ ਮਨੁੱਖ ਦੇ ਦੁਖਾਂ ਦੀ ਵਿਆਖਿਆ ਕਰ ਰਹੇ ਹਨ, ਭਾਵੇਂ ਮਨੁੱਖ ਦੇ ਗਿਆਨ ਦੀ ਵਿਆਖਿਆ ਕਰ ਰਹੇ ਹਨ, ਉਹ ਬੜੀ ਸਪਸ਼ਟਤਾ ਨਾਲ ਸਿਧਾਂਤਾਂ ਦਾ ਤੇ ਪ੍ਰੈਕਟੀਕਲ ਦਾ ਸਬੰਧ ਦਸਦੇ ਹਨ ਤੇ ਸਦਾ ਹੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਆਪਾ ਚੀਨਣਾ, ਅੰਤਰਮੁਖ ਹੋ ਕੇ ਦੇਖਣਾ ਤੇ ਆਤਮ ਗਿਆਨ ਪ੍ਰਾਪਤ ਕਰਨਾ ਹੀ ਪੁਰਾਤਨ ਬ੍ਰਹਮਗਿਆਨੀਆਂ ਦਾ ਇਕ ਮਾਤਰ ਉਦੇਸ਼ ਰਿਹਾ ਹੈ। ਅਸੀਂ ਆਪ ਇਹ ਪ੍ਰਤੱਖ ਦੇਖ ਸਕਦੇ ਹਾਂ ਕਿਵੇਂ ਸਭ ਤੋਂ ਸੰਖੇਪ ਈਸ਼ੋ ਉਪਨਿਸ਼ਦ ਨਵੀਨ ਗਿਆਨ ਸਾਗਰ ਦੀ ਤਰ੍ਹਾਂ ਹੈ ਜਿਹੜਾ ਸਾਨੂੰ ਕੇਵਲ ਅਧਿਆਤਮਕ ਤਾਤਵਿਕ ਵਿਉਂਤ ਹੀ ਨਹੀਂ ਦਸਦਾ ਉਹ ਤਾਂ ਨਾਲ ਨਾਲ ਮਾਨਵ ਸੁਧਾਰ ਦੇ ਅਭਿਆਸ ਤੇ ਮਾਨਵ ਸਮਸਿਆਵਾਂ ਅਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਦੇ ਤਰੀਕੇ ਵੀ ਦੱਸਦਾ ਹੈ ਜਿਵੇਂ ਕਿ ਸਵਾਮੀ ਜੀ ਦਸਦੇ ਹਨ ਕਿ ਸਾਡੇ ਦੁਖਾਂ ਦਾ ਕਾਰਨ ਅਗਿਆਨ ਹੈ। ਜਦੋਂ ਤਕ ਅਸੀਂ ਗਿਆਨ ਪ੍ਰਾਪਤ ਨਹੀਂ ਕਰਦੇ, ਸੁਚੇਤ ਹੋ ਕੇ ਅੰਤਰਮੁਖੀ ਨਹੀਂ ਹੁੰਦੇ, ਜਦੋਂ ਤਕ ਅਸੀਂ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਨਹੀਂ ਮਹਿਸੂਸ ਕਰਦੇ ਅਸੀਂ ਦੁਖੀ ਰਹਾਂਗੇ ਹੀ। ਸਦਾ ਉਸ ਦੀ ਹੋਂਦ ਮਹਿਸੂਸ ਕਰਨੀ, ਉਸ ਲਈ ਚੇਤਨ ਹੋਣਾ, ਨਿਰਲੇਪ ਹੋਣਾ, ਇਨ੍ਹਾਂ ਗੱਲਾਂ ਨਾਲ ਹੀ ਤੁਸੀਂ ਪ੍ਰਾਪਤੀ ਕਰ ਸਕਦੇ ਹੋ, ਉਸ ਅਨੰਤ ਨੂੰ ਜਾਣ ਸਕਦੇ ਹੋ, ਉਸ ਸਤਿ ਨੂੰ ਜਾਣ ਸਕਦੇ ਹੋ ਤੇ ਨਿਰਭੈ ਹੋ ਸਕਦੇ ਹੋ ਜਿਵੇਂ ਕਿ ਸੰਤ ਜੌਨ ਨੇ ਈਸਾਈਆਂ ਨੂੰ ਦੱਸਿਆ ਕਿ ਤੁਸੀਂ ਦੁੱਖ 'ਚੋਂ, ਔਖ ਵਿਚੋਂ ਨਿਕਲ ਸਕਦੇ ਹੋ ਜੇ ਤੁਸੀਂ ਇਹ ਜਾਣ ਲਓ ਕਿ ਤੁਸੀਂ ਪ੍ਰਮਾਤਮਾ ਦੀ ਅੰਸ਼ ਹੋ, ਤੁਸੀਂ ਉਸ ਦੇ ਹੋ, ਉਹ ਤੁਹਾਡੇ ਅੰਦਰ ਹੈ ਅਤੇ ਉਹ ਹੀ ਸਾਰੇ ਸੰਸਾਰ ਦਾ ਚਾਲਕ ਹੈ, ਉਹ ਹੀ ਸਮਰੱਥ ਹੈ। ਸਾਰੇ ਮਜ਼ਹਬਾਂ ਦਾ ਇਕ ਹੀ ਤੱਤ ਹੈ। ਉਹ ਇਹ ਹੈ ਕਿ ਪ੍ਰਮਾਤਮਾ ਤੁਹਾਡੇ ਅੰਦਰ ਹੈ। ਉਹ ਹੀ ਪੂਰਨ ਸ਼ਕਤੀ ਹੈ, ਉਹ ਹੀ ਪੂਰਨ ਗਿਆਨ ਹੈ। ਸਵਾਮੀ ਜੀ ਸਾਨੂੰ ਬੜੇ ਹੀ ਪਿਆਰ ਨਾਲ ਦਸਦੇ ਹਨ ਕਿ ਕਿਵੇਂ ਅਸੀਂ ਸੱਚੇ ਸੁੱਚੇ ਮਾਨਵ ਬਣਨਾ ਹੈ, ਅਸੀਂ ਆਤਮਾ, ਪ੍ਰਮਾਤਮਾ ਤੋਂ ਵੱਖ ਹੋਏ ਹੋਏ ਹਾਂ, ਉਸ ਨਾਲ ਕਿਵੇਂ ਮਿਲਣਾ ਹੈ।

L L L L L L L

# ਸਮਾਗਮ ਸਰਗਰਮੀਆਂ

ਸਾਲਾਨਾ ਗੁਰਮਤਿ ਸਮਾਗਮ ਵਾਸਤੇ ਸੰਗਤਾਂ ਦੇ ਮਨ ਵਿਚ ਭਾਵੇਂ ਬਹੁਤ ਉਡੀਕ ਸੀ ਪਰੰਤੂ ਮਹਾਂਪੁਰਸ਼ਾਂ ਦਾ ਸਵਾਸਥ ਠੀਕ ਨਾ ਹੋਣ ਕਰਕੇ ਸਰਬੱਤ ਸੰਗਤ ਤੇ ਟਰੱਸਟ ਮੈਂਬਰਾਂ ਨੇ ਇਹੀ ਫੈਸਲਾ ਲਿਆ ਕਿ ਜਦ ਤਕ ਮਹਾਂਪੁਰਸ਼ਾਂ ਦੀ ਸਿਹਤ ਬਿਲਕੁਲ ਠੀਕ ਨਹੀਂ ਹੋ ਜਾਂਦੀ ਉਦੋਂ ਤਕ ਸਮਾਗਮ ਮੁਲਤਵੀ ਕਰ ਦਿਤਾ ਜਾਵੇ ਅਤੇ ਅਗਲੇ ਸਾਲ ਹੀ ਮਨਾਇਆ ਜਾਵੇ। ਬਾਬਾ ਜੀ ਦਾ ਸਵਸਥ ਜਾਨਣ ਲਈ ਦੇਸਾਂ ਪ੍ਰਦੇਸਾਂ ਤੋਂ ਨਿਰੰਤਰ ਟੈਲੀਫੋਨ ਆ ਰਹੇ ਹਨ ਤੇ ਸੰਗਤਾਂ ਦੀਆਂ ਅਰਦਾਸਾਂ ਸਦਕਾ ਮਹਾਂਪੁਰਖ ਬਹੁਤ ਜਲਦੀ ਠੀਕ ਹੋ ਰਹੇ ਹਨ ਪਰੰਤੂ ਡਾਕਟਰਾਂ ਨੇ ਉਨ੍ਹਾਂ ਨੂੰ ਤਿੰਨ ਮਹੀਨੇ ਲਈ ਪੂਰੀ ਤਰ੍ਹਾਂ ਆਰਾਮ ਕਰਨ ਦੀ ਸਲਾਹ ਦਿਤੀ ਹੈ।

ਰਤਵਾੜਾ ਸਾਹਿਬ ਵਿਖੇ ਐਤਵਾਰ, ਸੰਗਰਾਂਦ ਅਤੇ ਪੂਰਨਮਾਸ਼ੀ ਦੇ ਦੀਵਾਨਾਂ ਵਿਚ ਬਾਬਾ ਜੀ ਆਡੀਓ ਕੈਸਟਾਂ ਰਾਹੀਂ ਆਪਣੇ ਪ੍ਰਵਚਨ ਤੇ ਸੰਦੇਸ਼ ਭੇਜ ਕੇ ਸੰਗਤਾਂ ਦੇ ਮਨਾਂ ਨੂੰ ਢਾਰਸ ਦੇ ਰਹੇ ਹਨ ਕਿਉਂਕਿ ਉਨ੍ਹਾਂ ਦੀ ਰੂਹਾਨੀ ਸਖਸ਼ੀਅਤ ਬਿਨਾਂ ਸਭ ਕੁਝ ਸੁੰਨਾ-ਸੁੰਨਾ ਜਾਪ ਰਿਹਾ ਸੀ।

27 ਅਗਸਤ ਨੂੰ ਜਦੋਂ ਮਹਾਂਪੁਰਸ਼ ਐਸਕਾਰਟਸ ਹਸਪਤਾਲ ਤੋਂ ਛੁਟੀ ਮਿਲਣ ਉਪਰੰਤ ਇੰਡੀਅਨ ਇੰਟਰਨੈਸ਼ਨਲ ਸੈਂਟਰ ਦਿੱਲੀ ਵਿਖੇ ਆਏ ਤਾਂ ਡਾਕਟਰ ਨਰੇਸ਼ ਤਰੇਹਨ ਅਤੇ ਸਾਰੇ ਡਾਕਟਰਾਂ ਦੀ ਟੀਮ ਉਨ੍ਹਾਂ ਦਾ ਮੁਆਇਨਾ ਕਰਨ ਉਥੇ ਨਿਰੰਤਰ ਆਉਂਦੀ ਰਹੀ ਅਤੇ ਉਹ ਸਭ ਉਨ੍ਹਾਂ ਦੀ ਰੂਹਾਨੀ ਸਖਸ਼ੀਅਤ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੇ। ਇਸ ਦੌਰਾਨ ਹਿੰਦੋਸਤਾਨ ਭਰ ਦੇ ਉਘੇ ਲੀਡਰ ਤੇ ਧਾਰਮਕ ਹਸਤੀਆਂ ਵੀ ਬਾਬਾ ਜੀ ਦੀ ਸਿਹਤ ਦਾ ਹਾਲ ਜਾਨਣ ਲਈ ਸੰਪਰਕ ਕਰਦੇ ਰਹੇ। ਐਸੀ ਇਕ ਰੀਪੋਰਟ ਅੰਗਰੇਜ਼ੀ ਦੇ ਅਖਬਾਰ 'ਦੀ ਟ੍ਰਿਬਿਊਨ' ਵਿਚ ਮਿਤੀ 29 ਅਗਸਤ, 1999 ਨੂੰ ਵੀ ਛਪੀ ਸੀ।

## ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ – 3, 10, 17, 24, 31 ਅਕਤੂਬਰ, ਰਤਵਾੜਾ ਸਾਹਿਬ

**ਪੂਰਨਮਾਸ਼ੀ** – 24 ਅਕਤੂਬਰ, ਦਿਨ ਐਤਵਾਰ ਰਤਵਾੜਾ ਸਾਹਿਬ।

**ਸੰਗਰਾਂਦ** – 17 ਅਕਤੂਬਰ, ਦਿਨ ਐਤਵਾਰ, ਰਤਵਾੜਾ ਸਾਹਿਬ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** – 9 ਅਕਤੂਬਰ, ਦਿਨ ਸ਼ਨੀਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** – ਡੇਰਾ ਹਿਰਦਾਪੁਰ ਚੰਗਰ ਜਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com